12ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -12 ISSUE - 4
May 3, 2023

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ   ਸੰਪਰਕ : 916-947-8920   ਫੈਕਸ : 916-238-1393   E-mail : deshdoaba@yahoo.com   ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ





'ਦੁਨੀਆਂ ਦੇ ਕਿਰਤੀਆਂ ਦਾ ਅੰਤਰਰਾਸ਼ਟਰੀ ਕਿਰਤ ਦਿਵਸ'
(ਵਿਸ਼ੇਸ਼ ਲੇਖ ਅੰਦਰ ਦੇਖੋ)


Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com




ਸ੍ਰੀ ਗੁਰੂ ਰਵਿਦਾਸ ਸਭਾ, ਪਿਟਸਬਰਗ (ਕੈਲੇਫੋਰਨੀਆ) ਵਿਖੇ ਬਾਬਾ ਸਾਹਿਬ ਡਾ. ਭੀਮਰਾਓ ਅੰਬੇਦਕਰ ਜੀ ਦਾ 132ਵਾਂ ਜਨਮ ਦਿਨ 7 ਮਈ, 2023 ਨੂੰ ਮਨਾਇਆ ਜਾ ਰਿਹਾ ਹੈ। *ਹੋਰ ਜਾਣਕਾਰੀ ਲਈ ਸਬੰਧਿਤ ਇਸ਼ਤਿਹਾਰ ਅਗਲੇ ਸਫੇ 'ਤੇ ਦੇਖੋ।*

# ਪ੍ਰਕਾਸ਼ ਸਿੰਘ ਬਾਦਲ ਦੀ ਅੰਤਿਮ ਅਰਦਾਸ ਅਤੇ ਭੋਗ 4 ਮਈ ਨੂੰ

## 19 ਸਾਲ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ 10 ਵਾਰ ਵਿਧਾਇਕ ਰਹੇ



ਲੰਬੀ (ਫਰੀਦਕੋਟ)- ਲੰਮਾ ਸਮਾਂ ਪੰਜਾਬ ਦੀ ਰਾਜਨੀਤੀ ਅਤੇ ਪੰਥਕ ਸਿਆਸਤ ਦੇ ਮੋਹਰੀ ਰਹੇ ਪ੍ਰਕਾਸ਼ ਸਿੰਘ ਬਾਦਲ ਦਾ 4 ਮਈ 2023 ਨੂੰ ਅੰਤਿਮ ਅਰਦਾਸ ਅਤੇ ਭੋਗ ਉਹਨਾਂ ਦੇ ਜੱਦੀ ਪਿੰਡ ਬਾਦਲ (ਲੰਬੀ) ਵਿਚ ਮਾਤਾ ਜਸਵੰਤ ਕੌਰ ਮੈਮੋਰੀਅਲ ਸਕੂਲ ਵਿਚ ਪਾਇਆ ਜਾਵੇਗਾ।ਇਸ ਮੌਕੇ ਭਾਰੀ ਇਕੱਠ ਦੀਆਂ ਪੇਸ਼ੀਨਗੋਈਆਂ ਦਰਮਿਆਨ ਪ੍ਰਸ਼ਾਸਨ ਨੇ ਵੀ ਟਰੈਫਿਕ ਵਿਵਸਥਾ ਲਈ ਪ੍ਰਬੰਧ ਕੀਤੇ ਹਨ। ਪ੍ਰਕਾਸ਼ ਸਿੰਘ ਬਾਦਲ ਦੇ ਦੇਹਾਂਤ ਨਾਲ ਦੇਸ਼ ਦੇ ਸੀਨੀਅਰ ਸਿਆਸਤਦਾਨ ਦਾ ਦੇਹਾਂਤ ਹੋ ਗਿਆ। ਸੱਤ ਦਹਾਕਿਆਂ ਦੇ ਕੈਰੀਅਰ ਵਿੱਚ, ਬਾਦਲ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਰਹਿਣ ਦੇ ਨਾਲ-ਨਾਲ ਕੇਂਦਰ ਵਿੱਚ ਮੰਤਰੀ ਦਾ ਅਹੁਦਾ ਸੰਭਾਲ ਚੁੱਕੇ ਹਨ। ਪ੍ਰਕਾਸ਼ ਸਿੰਘ ਲਗਪਗ 19 ਸਾਲ ਮੁੱਖ ਮੰਤਰੀ ਦੇ ਅਹੁਦੇ 'ਤੇ ਰਹੇ। 10 ਵਾਰ ਵਿਧਾਨ ਸਭਾ ਲਈ ਚੁਣੇ ਗਏ ਬਾਦਲ 2022 ਦੀਆਂ ਵਿਧਾਨ ਸਭਾ ਚੋਣਾਂ ਹਾਰ ਗਏ। ਹਾਲਾਂਕਿ ਪ੍ਰਕਾਸ਼ ਸਿੰਘ ਬਾਦਲ ਲੰਬੇ ਸਮੇਂ ਤੱਕ ਕਿਸੇ ਸੂਬੇ ਦੇ ਮੁੱਖ ਮੰਤਰੀ ਦਾ ਅਹੁਦਾ ਸੰਭਾਲਣ ਵਾਲੇ ਚੋਟੀ ਦੇ 5 ਸਿਆਸਤਦਾਨਾਂ ਵਿੱਚ ਸ਼ਾਮਲ ਨਹੀਂ ਹਨ। ਆਓ ਜਾਣਦੇ ਹਾਂ ਦੇਸ਼ 'ਚ ਸਭ ਤੋਂ ਲੰਬੇ ਸਮੇਂ ਤੱਕ ਮੁੱਖ ਮੰਤਰੀ ਦੇ ਰੂਪ 'ਚ ਕਿਸ ਨੇ ਕੰਮ ਕੀਤਾ ਹੈ।

ਪ੍ਰਕਾਸ਼ ਸਿੰਘ ਬਾਦਲ 1970 ਤੋਂ 1971, 1977 ਤੋਂ 1980, 1997 ਤੋਂ 2002, 2007 ਤੋਂ 2017 ਤੱਕ ਕੁੱਲ 19 ਸਾਲ ਮੁੱਖ ਮੰਤਰੀ ਦੇ ਅਹੁਦੇ 'ਤੇ ਰਹੇ। ਜਦੋਂ ਕਿ 1972 ਤੋਂ 77, 1980 ਤੋਂ 83 ਅਤੇ 2002 ਤੋਂ 2007 ਤੱਕ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ 'ਤੇ ਰਹੇ। ਇਸ ਤੋਂ ਇਲਾਵਾ ਉਹ ਮੋਰਾਰਜੀ ਦੇਸਾਈ ਦੀ ਅਗਵਾਈ ਵਾਲੀ ਜਨਤਾ ਪਾਰਟੀ ਦੀ ਸਰਕਾਰ ਵਿੱਚ ਖੇਤੀਬਾੜੀ ਮੰਤਰੀ ਦਾ ਅਹੁਦਾ ਸੰਭਾਲ ਚੁੱਕੇ ਹਨ। ਸਭ ਤੋਂ ਲੰਬੇ ਸਮੇਂ ਤੱਕ ਮੁੱਖ ਮੰਤਰੀ ਰਹਿਣ ਦਾ ਮਾਣ ਸਿੱਕਮ ਦੇ ਸਾਬਕਾ ਮੁੱਖ ਮੰਤਰੀ ਪਵਨ ਕੁਮਾਰ ਚਾਮਲਿੰਗ ਨੂੰ ਜਾਂਦਾ ਹੈ। ਉਹ 24 ਸਾਲ 166 ਦਿਨ ਮੁੱਖ ਮੰਤਰੀ ਦੇ ਅਹੁਦੇ 'ਤੇ ਰਹੇ। ਚਾਮਲਿੰਗ ਸਿੱਕਮ ਡੈਮੋਕ੍ਰੇਟਿਕ ਪਾਰਟੀ ਦੇ ਜਨਰਲ ਸਕੱਤਰ ਸਨ। ਉਹ 12 ਦਸੰਬਰ 1994 ਤੋਂ 27 ਮਈ 2019 ਤੱਕ ਮੁੱਖ ਮੰਤਰੀ ਰਹੇ। ਉਨ੍ਹਾਂ ਦੀ ਪਾਰਟੀ ਨੇ 1994, 1999, 2004, 2009 ਅਤੇ 2014 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਹੁਮਤ ਹਾਸਲ ਕੀਤਾ ਸੀ।



ਸਟਾਕਟਨ ਵਿਖੇ ਮਸੀਹੀ ਮੇਲਮਿਲਾਪ ਧਾਰਮਿਕ ਸਮਾਗਮ ਕਰਵਾਇਆ
**(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 9 'ਤੇ)**

# ਕਿੰਗ ਚਾਰਲਸ ਦੀ ਤਾਜਪੋਸ਼ੀ ਮੌਕੇ ਹਿੰਦੂ, ਮੁਸਲਿਮ ਤੇ ਸਿੱਖਾਂ ਨੂੰ ਦਰਸਾਉਂਦੀ ਡਾਕ ਟਿਕਟ ਜਾਰੀ

ਲੰਡਨ- ਬਰਤਾਨੀਆ ਦੇ ਮਹਾਰਾਜਾ ਚਾਰਲਸ (ਤੀਜੇ) ਦੀ 6 ਮਈ ਨੂੰ ਹੋਣ ਵਾਲੀ ਤਾਜਪੋਸ਼ੀ ਦੇ ਮੱਦੇਨਜ਼ਰ ਸ਼ਾਹੀ ਡਾਕ ਵਿਭਾਗ (ਰੌਇਲ ਮੇਲ) ਵੱਲੋਂ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਅਤੇ ਉਨ੍ਹਾਂ ਦੀਆਂ ਪੂਜਣਯੋਗ ਥਾਵਾਂ ਨੂੰ ਦਰਸਾਉਂਦੀ ਡਾਕ ਟਿਕਟ ਜਾਰੀ ਕੀਤੀ ਗਈ ਹੈ। ਇਕ ਖ਼ਬਰ ਰਿਲੀਜ਼ ਵਿਚ ਕਿਹਾ ਗਿਆ ਹੈ ਕਿ ਇਹ 'ਭਿੰਨਤਾ ਤੇ ਭਾਈਚਾਰੇ' ਨੂੰ ਦਰਸਾਉਂਦੀ ਹੈ। ਉਨ੍ਹਾਂ ਨਾਲ ਹੀ ਲਿਖਿਆ ਕਿ ਇਹ ਵਰਤਮਾਨ ਬਰਤਾਨਵੀ ਸਮਾਜ ਦੀ ਸਭਿਆਚਾਰਕ ਭਿੰਨਤਾ ਦਾ ਪ੍ਰਤੀਕ ਵੀ ਹੈ, ਤੇ ਵੱਖ-ਵੱਖ ਧਰਮਾਂ ਨੂੰ ਮੰਨਣ ਵਾਲੇ ਇੱਥੋਂ ਦੇ ਭਾਈਚਾਰੇ ਨੂੰ ਵੀ ਦਰਸਾਉਂਦੀ ਹੈ। ਟਿਕਟ 'ਤੇ ਯਹੂਦੀ, ਇਸਲਾਮਿਕ, ਈਸਾਈ, ਸਿੱਖ, ਹਿੰਦੂ ਤੇ ਬੁੱਧ ਧਰਮਾਂ ਨਾਲ ਸਬੰਧਤ ਲੋਕ ਖੜ੍ਹੇ ਨਜ਼ਰ ਆ ਰਹੇ ਹਨ, ਇਹ ਸਾਰੇ ਧਰਮਾਂ ਦਾ ਪ੍ਰਤੀਕ ਹੈ ਨਾ ਕਿ ਕਿਸੇ ਇਕ ਧਰਮ ਦਾ। ਟਿਕਟ ਦੇ ਪਿਛੋਕੜ 'ਚ ਬਰਤਾਨੀਆ ਦੇ ਦਿਹਾਤੀ ਤੇ ਸ਼ਹਿਰੀ ਪੱਖ ਨਜ਼ਰ ਆ ਰਹੇ ਹਨ ਤੇ




ਨਾਲ ਹੀ ਵੱਖ-ਵੱਖ ਧਰਮਾਂ ਦੇ ਧਾਰਮਿਕ ਸਥਾਨ ਦਿਖ ਰਹੇ ਹਨ ਜੋ ਕਿ ਪੂਰੇ ਯੂਕੇ ਵਿਚ ਹਨ। ਇਕ ਛੋਟੀ ਸ਼ੀਟ ਵਿਚ ਇਸ ਟਿਕਟ ਨੂੰ ਦਰਸਾਇਆ ਗਿਆ ਹੈ ਤੇ ਨਾਲ ਹੀ ਤਾਜਪੋਸ਼ੀ ਸਮਾਗਮ ਬਾਰੇ ਦੱਸਿਆ ਗਿਆ ਹੈ। ਇਸ ਵਿਚ ਰਾਸ਼ਟਰਮੰਡਲ ਦੇ ਆਲਮੀ ਸਬੰਧਾਂ, ਟਿਕਾਊ ਵਿਕਾਸ ਤੇ ਜੈਵ ਭਿੰਨਤਾ ਦਾ ਵੀ ਜ਼ਿਕਰ ਹੈ। ਇਤਿਹਾਸ ਵਿਚ ਇਹ ਤੀਜੀ ਵਾਰ ਹੈ ਜਦ 'ਰੌਇਲ ਮੇਲ' ਨੇ ਤਾਜਪੋਸ਼ੀ ਸਮਾਗਮ ਮੌਕੇ ਟਿਕਟਾਂ ਜਾਰੀ ਕੀਤੀਆਂ ਹਨ। ਇਸ ਤੋਂ ਪਹਿਲਾਂ 1937 'ਚ ਮਹਾਰਾਜਾ ਜੌਰਜ ਤੇ 1953 'ਚ ਮਹਾਰਾਣੀ ਐਲਿਜ਼ਾਬੈੱਥ ਦੋਇਮ ਦੀ ਤਾਜਪੋਸ਼ੀ ਮੌਕੇ ਟਿਕਟਾਂ ਜਾਰੀ ਹੋਈਆਂ ਸਨ। ਸ਼ਾਹੀ ਡਾਕ ਵਿਭਾਗ ਦੇ ਸੀਈਓ ਸਾਈਮਨ ਥੌਂਪਸਨ ਨੇ ਕਿਹਾ ਕਿ ਉਹ ਯਾਦਗਾਰੀ ਟਿਕਟਾਂ ਦਾ ਸੈੱਟ ਜਾਰੀ ਕਰ ਕੇ ਮਾਣ ਮਹਿਸੂਸ ਕਰ ਰਹੇ ਹਨ, ਇਨ੍ਹਾਂ ਵਿਚੋਂ ਕੁਝ ਬਾਦਸ਼ਾਹ ਚਾਰਲਸ ਵੱਲੋਂ ਵਚਨਬੱਧਤਾ ਕੀਤੀ ਲੋਕ ਸੇਵਾ ਦਾ ਪ੍ਰਤੀਕ ਹਨ। ਇਨ੍ਹਾਂ ਟਿਕਟਾਂ ਨੂੰ 'ਐਟਲੀਅਰ ਵਰਕਸ' ਨੇ ਡਿਜ਼ਾਈਨ ਕੀਤਾ ਹੈ।


**Amrik Chand (CPA)**



Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539



**SKY TRANSPORT SOLUTIONS**

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376



**SAROAY INVESTMENT REALTY**



Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983





RAMESH SUMAN
Broker Realtor
RCS-D ™

**MAJESTIC HOMES**

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us   ramesh@rameshsuman.com
P.O. Box 3434, Antioch, CA 94531-3434





Dr. Paramjit S Takhar, MD

**DR. TAKHAR'S FAMILY MEDICINE & URGENT CARE CLINIC**

8191 Timberlake Way, Suite # 400, Sacramento, CA 95823, Phone: 916-688-8888 Fax: 916-688-8837

Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed



Goodie Takhar, PhD

We speak your language: Panjabi, Hindi, Urdu, Farsi, Arabic and Spanish

URGENT CARE CLINIC



**BAGGA JEWELERS**

SINCE 1996

916-912-8842, 916-329-8772
jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga

6930 65TH STREET # 115 SACRAMENTO CA 95823

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Programs of the months: April – May 2023



### May 7, 2023
### 132nd Birth Anniversary of Babasaheb Dr. B.R. Ambedkar

132nd Birth anniversary of Bharat Rattan Babasaheb Dr. B.R. Ambedkar, father of the Indian Constitution, will be celebrated on May 7. 2023 in the Gurughar. Sukhmani Sahib Path and langar Sewa will be hosted by the Sangat,

Dr. B.R. Ambedkar was jurist, economist, visionary a humanitarian, great leader and renowned social reformer. Babasaheb spoke unequivocally against the inequality, injustice and discrimination. He worked tirelessly to help downtrodden people in getting education and jobs. Most of us are living a very happy life in various countries because of Babsahib's efforts and contributions. . As independent India's first law minister, he was the principal architect of the Constitution of India. He fought for women's rights and human rights. You are humbly requested to come and join us in the celebration.

### June 23-24-25, 2023
### Pittsburg Gurughar's 38th Anniversary

ਜਹ ਜਹ ਜਾਉ ਤਹਾ ਤੇਰੀ ਸੇਵਾ ॥ ਤੁਮ ਸੋ ਠਾਕੁਰੁ ਅਉਰੁ ਨ ਦੇਵਾ ॥

Sri Guru Ravidass Temple Pittsburg's 38th anniversary will be celebrated on June 25, 2023. Akhand Path will start on Friday 6/23/2023 at 10:00 AM and will conclude with Bhog ceremony on Sunday 6/25/2023. Path and langar sewa will be hosted by Gurughar sevadars and entire Sangat. Gurugahr Ragi Jatha of Giani Balwinder Singh ji will do Kirtan Sewa along with other Kirtankars.

Entire Sangat is requested to attend the function and get Guru Sahib's blessings.

**www.sriguru◌ravidasstemple.com**

## Sangat Sewadars

| Chairperson | President | General Secretary | Treasurer |
|---|---|---|---|
| Kulwant Kaur Banga | Vinod Kumar | Dharam Pal Chonkria | Sunita Bangar |
| (925) 698-3059 | (408) 718-2506 | (925) 334-2877 | (415) 233-3319 |

# ਅਮਰੀਕਾ ਅਕਾਲੀ ਦਲ ਵਲੋਂ ਸੈਕਰਾਮੈਂਟੋ ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪ੍ਰਤੀ ਸਰਧਾਂਜਲੀ ਸਮਾਗਮ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਪੰਜਾਬ ਦੇ ਸਾਬਕਾ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪ੍ਰਤੀ ਸਥਾਨਕ ਸੰਤ ਸਾਗਰ ਗੁਰਦੁਆਰਾ ਸਾਹਿਬ ਵਿੱਚ ਅਮਰੀਕਾ ਦੇ ਅਕਾਲੀ ਦਲ ਵਲੋਂ ਇੱਕ ਸਰਧਾਂਜਲੀ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਯੂਥ ਅਕਾਲੀਦਲ ਦੇ ਆਗੂ ਸ਼ਾਮਿਲ ਹੋਏ। ਪਹਿਲਾਂ ਇਸ ਸਰਧਾਂਜਲੀ ਸਮਾਗਮ ਚ ਗਿਆਨੀ ਉਪਕਾਰ ਸਿੰਘ ਭਿੰਡਰ ਵਲੋ ਕਥਾ ਤੇ ਹਜੂਰੀ ਜੱਥੇ ਵਲੋਂ ਕੀਰਤਨ ਕੀਤਾ ਗਿਆ ਇਸ ਉਪਰੰਤ ਵੱਖ ਵੱਖ ਬੁਲਾਰਿਆਂ ਨੇ ਆਪਣੇ ਵਲੋਂ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪ੍ਰਤੀ ਸਰਧਾਂਜਲੀ ਸ਼ਬਦ ਬੋਲੇ। ਇਸ ਸਮਾਗਮ ਚਅਮਰੀਕਾ ਦੇ ਅਕਾਲੀ ਦਲ ਵੈਸਟ ਕੋਸਟ ਦੇ ਪ੍ਰਧਾਨ ਕੁਲਵੰਤ ਸਿੰਘ ਖਹਿਰਾ ਨੇ ਬੋਲਦਿਆਂ ਕਿਹਾ ਕਿ ਸਾਬਕਾ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣਾ ਸਾਰਾ ਜੀਵਨ ਲੋਕਾਂ ਦੀ ਭਲਾਈ ਤੇ ਲਗਾ ਦਿੱਤਾ ਤੇ ਪੰਜਾਬ ਦੀ ਤਰੱਕੀ ਇੱਕ ਮਿਸਾਲ ਹੈ। ਉਨਾਂ ਦਾ ਪੰਜ ਵਾਰ ਮੁੱਖ ਮੰਤਰੀ ਬਣਨਾ ਤੇ ਦੋ ਵਾਰ ਵਿਰੋਧੀ ਧਿਰ ਦਾ ਆਗੂ ਬਣਨਾ ਹੋਰ ਕਿਸੇ ਦੇ ਹਿੱਸੇ ਨਹੀਂ ਆਇਆ। ਕੁਲਵੰਤ ਖਹਿਰਾ ਨੇ ਸਰਦਾਰ ਬਾਦਲ ਨਾਲ ਹੋਏ ਕੁਝ ਵਾਰਤਾਲਾਪ ਵੀ ਸਾਂਝੇ ਕੀਤੇ। ਇਸ ਮੌਕੇ ਟਕਸਾਲੀ ਅਕਾਲੀ ਆਗੂ ਤੇ ਅਕਾਲੀ ਦਲ ਕੈਲੀਫੋਰਨੀਆ ਦੇ ਪ੍ਰਧਾਨ ਬਲਜੀਤ ਸਿੰਘ ਮਾਨ ਨੇ ਸਰਦਾਰ ਬਾਦਲ ਨਾਲ ਹੋਏ ਆਪਣੇ ਤਜਰਬੇ ਸਾਂਝੇ ਕਰਕੇ ਆਪਣੀ ਅਰਧਾਜਲੀ ਭੇਂਟ ਕੀਤੀ। ਇਸ ਮੌਕੇ ਯੂਥ ਅਕਾਲੀ ਦਲ ਦੇ ਜਨਰਲ ਸਕੱਤਰ ਪਰਵਿੰਦਰ ਪਾਲ ਸਿੰਘ ਰਠੌਰ ਨੇ ਸਟੇਜ ਦੀ ਕਾਰਵਾਈ ਚਲਾਉਂਦਿਆਂ ਸਾਬਕਾ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਉਹ ਸਾਡੀ ਨੌਜੁਆਨ ਪੀੜੀ ਦੇ ਪ੍ਰੇਰਨਾ ਸਰੋਤ ਸਨ। ਇਸ ਮੌਕੇ ਯੂਥ ਅਕਾਲੀ ਦਲ ਦੇ ਪ੍ਰਧਾਨ ਰਵਿੰਦਰ ਸਿੰਘ ਬੋਇਲ ਨੇਸਾਬਕਾ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਰਧਾਜਲੀ ਭੇਂਟ ਕਰਦਿਆਂ ਕਿਹਾ ਕਿ ਉਹ ਹਿੰਦੂ ਸਿੱਖ ਏਕਤਾ ਦੇ ਹਾਮੀ ਸਨ ਤੇ ਉਨਾਂ ਪੰਜਾਬ ਦੀ ਖਾਤਿਰ 17 ਸਾਲ ਜੇਲ ਕੱਟੀ।



ਇਸ ਮੌਕੇ ਬਾਕੀ ਬੁਲਾਰਿਆਂ ਵਿੱਚ ਸਥਾਨਕ ਸੰਤ ਸਾਗਰ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਤੇ ਅਕਾਲੀ ਆਗੂ ਨਰਿੰਦਰਪਾਲ ਸਿੰਘ ਹੁੰਦਲ, ਸੀਨੀਅਰ ਆਗੂ ਹਰਬੰਸ ਸਿੰਘ ਚਾਹਲ, ਅਕਾਲੀ ਆਗੂ ਹਰਿੰਦਰ ਸਿੰਘ ਹੁੰਦਲ, ਸੀਨੀਅਰ ਆਗੂ ਦਲਬੀਰ ਸਿੰਘ ਸੰਘੇੜਾ, ਜਤਿੰਦਰ ਭੰਗੂ,ਯੂਥ ਅਕਾਲੀ ਦਲ ਦੇ ਕੋਆਰਡੀਨੇਟਰ ਅਰਵਿੰਦਰ ਸਿੰਘ ਲਾਖਨ, ਸ਼ੇਰ ਸਿੰਘ ਚੌਹਾਨ, ਨੌਜੁਆਨ ਆਗੂ ਦਲਜੀਤ ਸਿੰਘ ਢੱਡਾ, ਸੁਖਵਿੰਦਰ ਸਿੰਘ ਸੰਘੇੜਾ, ਸੋਨੂੰ ਹੰਦਲ ਨੇ ਆਪਣੇ ਆਪਣੇ ਵਿਚਾਰਾਂ ਰਾਹੀਂ ਸਾਬਕਾ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਰਧਾਂਜਲੀ ਭੇਂਟ ਕੀਤੀ। ਇਸ ਤੋਂ ਇਲਾਵਾ ਸੁਖਵੰਤ ਖਹਿਰਾ, ਕੁਲਦੀਪ ਛੋਕਰ, ਕੁਲਵੰਤ ਨਿੱਜਰ, ਸਰਬਜੀਤ ਸਰਾਂਓ, ਹਰਬੰਸ ਪੰਮਾ, ਪ੍ਰੀਤਮ ਗਰੇਵਾਲ, ਸਤਬੀਰ ਸਿੰਘ ਹੀਰ, ਭੁਪਿੰਦਰ ਸਿੰਘ ਜਾਡਲਾ, ਜਤਿੰਦਰ ਸਿੰਘ ਹੁੰਦਲ, ਨਾਨਕ ਸਿੰਘ ਨੇਪਰਾਂ, ਸੁੱਚਾ ਸਿੰਘ ਫਿਲਕਾਨੀ, ਮਹਿੰਦਰ ਸਿੰਘ ਜੌਹਲ, ਸੁਖਵਿੰਦਰ ਸਿੰਘ ਹੁੰਦਲ ਆਦਿ ਨੇ ਵੀ ਹਾਜਰੀ ਦਿੱਤੀ।

# ਕੀ ਭਾਜਪਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਰਭਰ ਹੈ?

**ਨਵੀਂ ਦਿੱਲੀ–** ਪਿਛਲੇ ਕੁਝ ਸਾਲਾਂ 'ਚ ਵੱਖ-ਵੱਖ ਸੂਬਿਆਂ 'ਚ ਹੋਈਆਂ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ 'ਚ ਭਾਜਪਾ ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ ਹੈ। 2014 ਤੋਂ ਬਾਅਦ ਭਾਜਪਾ ਨੇ 2019 ਦੀਆਂ ਲੋਕ ਸਭਾ ਚੋਣਾਂ ਜਿੱਤ ਕੇ ਲਗਾਤਾਰ ਦੂਜੀ ਵਾਰ ਕੇਂਦਰ ਵਿੱਚ ਸਰਕਾਰ ਬਣਾਈ। ਭਾਵੇਂ ਗੱਲ ਲੋਕ ਸਭਾ ਚੋਣਾਂ ਦੀ ਹੋਵੇ ਜਾਂ ਵਿਧਾਨ ਸਭਾ ਚੋਣਾਂ ਦੀ।।। ਪ੍ਰਧਾਨ ਮੰਤਰੀ ਮੋਦੀ ਦਾ ਚਿਹਰਾ ਪ੍ਰਚਾਰ ਵਿਚ ਸਭ ਤੋਂ ਅੱਗੇ ਰਿਹਾ ਹੈ। ਬੀ-ਜੇਪੀ ਨੇ ਵੀ ਪੀਐਮ ਮੋਦੀ ਦੀ ਲੋਕਪ੍ਰਿਅਤਾ ਦਾ ਖੂਬ ਫਾਇਦਾ ਉਠਾਇਆ ਹੈ। ਯੂਪੀ ਤੋਂ ਲੈ ਕੇ ਗੁਜਰਾਤ ਤੱਕ ਦੀਆਂ ਚੋਣਾਂ ਵਿੱਚ ਪੀਐਮ ਨੇ ਰੈਲੀਆਂ ਕਰਕੇ ਪਾਰਟੀ ਲਈ ਮਾਹੌਲ ਬਣਾਇਆ ਅਤੇ ਜਿੱਤ ਹਾਸਲ ਕੀਤੀ। ਅਜਿਹੇ 'ਚ ਸਵਾਲ ਇਹ ਉੱਠ ਰਿਹਾ ਹੈ ਕਿ ਕੀ ਭਾਜਪਾ ਪ੍ਰਧਾਨ ਮੰਤਰੀ ਮੋਦੀ 'ਤੇ ਨਿਰਭਰ ਹੈ?

**ਪਾਰਟੀ ਨੂੰ ਮੋਦੀ ਦੀ ਲੋਕਪ੍ਰਿਅਤਾ ਦਾ ਫਾਇਦਾ**

ਇਸ ਦਾ ਜਵਾਬ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਦਿੱਤਾ ਹੈ। ਅਮਿਤ ਸ਼ਾਹ ਨੇ ਕਿਹਾ, 'ਪਾਰਟੀ ਕਿਸੇ 'ਤੇ ਨਿਰਭਰ ਨਹੀਂ ਹੈ, ਪਰ ਪਾਰਟੀ ਦਾ ਪ੍ਰਗਟਾਵਾ ਨੇਤਾ ਦੇ ਰੂਪ 'ਚ ਹੋਵੇਗਾ। ਕਦੇ ਅਟਲ ਜੀ ਕਰਦੇ ਸਨ, ਹੁਣ ਮੋਦੀ ਜੀ ਕਰਦੇ ਹਨ। ਇਹ ਸੱਚ ਹੈ ਕਿ ਮੋਦੀ ਜੀ ਹਰਮਨ ਪਿਆਰੇ ਹਨ ਅਤੇ ਪਾਰਟੀ ਨੂੰ ਉਨ੍ਹਾਂ ਦੀ ਲੋਕਪ੍ਰਿਅਤਾ ਦਾ ਲਾਭ ਲੈਣਾ ਚਾਹੀਦਾ ਹੈ, ਇਹ ਪਾਰਟੀ ਦਾ ਹੱਕ ਹੈ। ਇਸ ਵਿੱਚ ਨਿਰਭਰਤਾ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

**ਮਲਿਕਾਰਜੁਨ ਖੜਗੇ 'ਤੇ ਵਿਅੰਗ**

ਇਸ ਤੋਂ ਇਲਾਵਾ ਸ਼ਾਹ ਨੂੰ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਵੱਲੋਂ ਮੋਦੀ ਨੂੰ ਜ਼ਹਿਰੀਲਾ ਸੱਪ ਕਹਿਣ 'ਤੇ ਸਵਾਲ ਕੀਤਾ ਗਿਆ। ਸ਼ਾਹ ਨੂੰ ਪੁੱਛਿਆ ਗਿਆ ਕਿ ਕੀ ਅਜਿਹੇ ਵਿਸ਼ੇ 'ਤੇ ਜਨਤਾ ਦੀ ਪ੍ਰਤੀਕਿਰਿਆ ਹੈ? ਇਸ ਦੇ ਜਵਾਬ 'ਚ ਉਨ੍ਹਾਂ ਕਿਹਾ, 'ਮੋਦੀ ਜੀ ਭਾਰਤ ਦੇ ਹਰ ਕੋਨੇ 'ਚ ਹਰਮਨ ਪਿਆਰੇ ਨੇਤਾ ਹਨ। ਦੇਸ਼ ਦੀ ਜਨਤਾ ਦਾ ਮੰਨਣਾ ਹੈ ਕਿ ਮੋਦੀ ਜੀ ਨੇ ਭਾਰਤ ਦਾ ਦੁਨੀਆ 'ਚ ਮਾਣ ਵਧਾਇਆ ਹੈ। ਦੇਸ਼ ਦੇ ਗਰੀਬਾਂ ਦਾ ਮੰਨਣਾ ਹੈ ਕਿ ਅੱਜ ਤੱਕ ਕਿਸੇ ਨੇ ਉਨ੍ਹਾਂ ਵੱਲ ਤੱਕਿਆ ਨਹੀਂ ਸੀ, ਪਰ ਮੋਦੀ ਜੀ ਨੇ ਉਨ੍ਹਾਂ ਦੇ ਹਾਲਾਤ ਬਦਲੇ, ਦੇਸ਼ ਦੀ ਆਰਥਿਕ ਹਾਲਤ ਸੁਧਰੀ, ਦੇਸ਼ ਸੁਰੱਖਿਅਤ ਹੋ ਗਿਆ। ਇਸ ਕਾਰਨ ਦੇਸ਼ 'ਚ ਉਨ੍ਹਾਂ ਪ੍ਰਤੀ ਸਨਮਾਨ ਦੀ ਭਾਵਨਾ ਹੈ।

**ਅਸਰ ਨਤੀਜੇ ਵਾਲੇ ਦਿਨ ਹੀ ਦਿਖਾਈ ਦੇਵੇਗਾ**

ਸ਼ਾਹ ਨੇ ਇਹ ਵੀ ਕਿਹਾ ਕਿ ਜੇਕਰ ਕੋਈ ਅਜਿਹੀ ਸਥਿਤੀ 'ਚ ਅਜਿਹੇ ਸ਼ਬਦਾਂ ਦੀ ਵਰਤੋਂ ਕਰਦਾ ਹੈ ਤਾਂ ਜਨਤਾ ਨੂੰ ਠੇਸ ਪਹੁੰਚਦੀ ਹੈ। ਕੀ ਰਿਐਕਸ਼ਨ ਹੁੰਦਾ ਹੈ, ਇਸ ਦਾ ਅਸਰ ਤਾਂ ਨਤੀਜਿਆਂ ਵਾਲੇ ਦਿਨ ਹੀ ਦੇਖਣ ਨੂੰ ਮਿਲੇਗਾ।



# ਜੀ ਐਚ ਜੀ ਅਕੈਡਮੀ ਵੱਲੋਂ ਵਿਰਾਸਤੀ ਖੇਡਾਂ ਅਤੇ ਫੈਮਲੀ ਪਿਕਨਿਕ 'ਤੇ ਲੱਗੀਆਂ ਰੌਣਕਾਂ







**ਫਰਿਜ਼ਨੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਜੀ-ਐਚਜੀ ਅਕੈਡਮੀ ਵੱਲੋਂ ਸਮੂੰਹ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਹਰ ਸਾਲ ਦੀ ਤਰਾਂ ਇਸ ਸਾਲ ਵੀ 'ਸ਼ਹੀਦ ਜਸਵੰਤ ਸਿੰਘ ਖਾਲੜਾ' ਪਾਰਕ ਫਰਿਜ਼ਨੋ ਵਿੱਚ ਸਲਾਨਾ ਵਿਰਾਸਤੀ ਖੇਡਾਂ ਅਤੇ ਪਰਿਵਾਰਕ ਪਿਕਨਿਕ ਦਾ ਆਗਾਜ਼ ਕੀਤਾ ਗਿਆ। ਜਿਸ ਸੁਰੂਆਤ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਹੋਈ। ਇਸ ਪ੍ਰੋਗਰਾਮ ਦੀ ਸੁਰੂਆਤ ਸਮੂੰਹ ਭਾਈਚਾਰੇ ਦੀ ਚੜਦੀਕਲਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਹੋਈ। ਇਸੇ ਦੌਰਾਨ ਗਤਕੇ ਦੇ ਜੌਹਰ ਦੇਖ ਅਨੰਦਪੁਰ ਸਾਹਿਬ ਦੇ ਹੌਲਾ-ਮੁਹਾਲੇ ਦਾ ਮਹੌਲ ਨਜ਼ਾਰਾ ਯਾਦ ਆ ਰਿਹਾ ਸੀ। ਬੱਚਿਆ ਵੱਲੋਂ ਪੰਜਾਬੀ ਵਿਸਰ ਰਹੀਆਂ ਵਿਰਾਸਤੀ ਖੇਡਾਂ ਜਿੰਨ੍ਹਾਂ ਵਿੱਚ ਘੋੜਾ ਕਬੱਡੀ, ਪਿੱਠੂ, ਸਟਾਪੂ, ਬੰਟੇ , ਗੁੱਲੀ ਡੰਡਾ, ਰੁਮਾਲ ਚੁੱਕਣਾ, ਬਾਂਦਰ-ਕੀਲਾ, ਖੋ-ਖੋ, ਬੋਲੀਆਂ ਮੁਕਾਬਲਾ, ਤਾਸ ਦੀ ਖੇਡ ਅਤੇ ਹੋਰ ਖੇਡਾਂ ਦਾ ਭਰਪੂਰ ਪ੍ਰਦਰਸ਼ਨ ਕੀਤਾ ਗਿਆ। ਜਦ ਕਿ ਬਾਬਿਆਂ ਦੇ ਗਰੁੱਪਾ ਨੇ ਵੀ ਤਾਸ਼ ਦੀ ਸੀਪ ਖੇਡ ਦੇ ਮੁਕਾਬਲੇ ਦਿਖਾਏ। ਇਸੇ ਦੌਰਾਨ ਔਰਤਾਂ ਨੇ ਵੀ ਚਾਟੀ ਰੇਸ, ਗੀਤ ਅਤੇ ਬੋਲੀਆਂ ਮੁਕਾਬਲੇ ਆਦਿਕ ਕਰਕੇ ਹਾਜ਼ਰੀਨ ਦਾ ਭਰਪੂਰ ਮੰਨੋਰੰਜਨ ਕੀਤਾ। ਇਸ ਮਹੌਲ ਨੂੰ ਦੇਖ ਕੇ ਲੱਗ ਰਿਹਾ ਹੈ ਕਿ ਬੱਚੇ ਵਿਰਾਸਤੀ ਖੇਡਾਂ ਸਿੱਖਣ ਅਤੇ ਉਨ੍ਹਾਂ ਦਾ ਪ੍ਰਦਰਸ਼ਨ ਕਰਨ ਲਈ ਬਹੁਤ ਦਿਲਚਸਪੀ ਦਿਖਾ ਰਹੇ ਸਨ। ਇਸ ਤੋਂ ਇਲਾਵਾ ਛੋਟੇ ਬੱਚਿਆ ਲਈ ਸ਼ਾਕਰ ਅਤੇ ਫੀਲਡ ਹਾਕੀ ਖੇਡ ਨੂੰ ਵੀ ਉਤਸਾਹਤ ਕੀਤਾ ਗਿਆ। ਇਸ ਤੋਂ ਇਲਾਵਾ ਬੱਚਿਆ ਦਾ ਗਿੱਧਾ-ਭੰਗੜਾ ਅਤੇ ਹੋਰ ਬਹੁਤ ਗੀਤ-ਸੰਗੀਤ ਮੰਨੋਰੰਜਨ ਦਾ ਸਾਧਨ ਬਣੇ। ਚੰਗੀ ਸਿਹਤ ਲਈ ਮੁਫ਼ਤ ਡਾਕਟਰੀ ਕੈਂਪ ਲਾਇਆ ਗਿਆ ਸੀ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਬੂਥ ਲੋਕਾਂ ਨੂੰ ਵੱਖ-ਵੱਖ ਖੇਤਰਾਂ ਦੀ ਜਾਣਕਾਰੀ ਦੇ ਰਹੇ ਸਨ। ਚਾਹ-ਪਾਣੀ, ਪਕੌੜੇ, ਤਾਜਾ ਜਲੇਬੀਆਂ, ਛੋਲੇ-ਭਟੂਰੇ ਅਤੇ ਫਰੂਟਾਂ ਆਦਿਕ ਦੇ ਲੰਗਰਾਂ ਦਾ ਖੁੱਲਾ ਪ੍ਰਬੰਧ ਸੀ। ਪਿਕਨਿਕ ਅਤੇ ਵਿਰਾਸਤੀ ਖੇਡ ਮੇਲੇ ਵਿੱਚ ਹਿੱਸਾ ਲੈਣ ਵਾਲੇ ਬੱਚਿਆ ਦਾ ਮਾਣ-ਸਨਮਾਨ ਵੀ ਕੀਤਾ ਗਿਆ। ਵਿਰਾਸਤੀ ਖੇਡਾਂ ਤੋਂ ਇਲਾਵਾ ਬੱਚਿਆ ਦੇ ਕਰਵਾਏ ਗਏ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਪਰਮਜੀਤ ਧਾਲੀਵਾਲ, ਊਦੈਦੀਪ ਸਿੰਘ ਸਿੱਧੂ, ਗੁਰਦੀਪ ਸ਼ੇਰਗਿੱਲ, ਬਸੰਤ ਧਾਲੀਵਾਲ, ਜਗਰੂਪ ਸਿੰਘ ਆਦਿਕ ਅਤੇ ਜੀ ਐਚ ਜੀ ਅਕੈਡਮੀ ਦੀ ਸਮੁੱਚੀ ਟੀਮ ਅਤੇ ਸਮੂੰਹ ਪੰਜਾਬੀ ਭਾਈਚਾਰੇ ਦਾ ਭਰਪੂਰ ਸਹਿਯੋਗ ਰਿਹਾ। ਅੰਤ ਪੰਜਾਬੀ ਵਿਰਸੇ ਨੂੰ ਸਿੱਜਦਾ ਕਰਦਾ ਇਹ ਵਿਰਾਸਤੀ ਮੇਲਾ ਯਾਦਗਾਰੀ ਹੋ ਨਿਬੜਿਆ।

# ਲੋਕ ਗਾਇਕਾ ਸੁੱਖੀ ਬਰਾੜ ਦੀ ਜ਼ਿੰਦਗੀ 'ਤੇ ਲਿਖੀ ਪੁਸਤਕ "ਵਿਰਾਸਤ-ਏ-ਪੰਜਾਬ" ਲੋਕ ਅਰਪਣ





**ਫਰਿਜ਼ਨੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਪੰਜਾਬੀ ਸੱਭਿਆਚਾਰਕ ਗਾਇਕੀ ਦਾ ਪਿੜ ਬਹੁਤ ਅਮੀਰ ਅਤੇ ਵੱਡਾ ਹੈ। ਇਸੇ ਪੰਜਾਬੀ ਸੱਭਿਆਚਾਰ ਦੀ ਵਿਰਾਸਤ ਨੂੰ ਹੋਰ ਵਿਸ਼ਾਲ ਕਰਨ ਲਈ ਬਹੁਤ ਸਾਰੇ ਪੰਜਾਬੀਆਂ ਦੇ ਨਾਂ ਸਾਮਲ ਹਨ। ਜਿੰਨਾਂ ਵਿੱਚੋਂ ਇੱਕ ਨਾਂ ਪੰਜਾਬੀ ਲੋਕ ਗਾਇਕਾ ਸੁੱਖੀ ਬਰਾੜ ਦਾ ਆਉਂਦਾ ਹੈ। ਜਿਸ ਨੇ ਜਿੰਨਾਂ ਵੀ ਗਾਇਆ, ਬਹੁਤ ਸਾਫ-ਸੁਥਰਾ ਅਤੇ ਸੱਭਿਆਚਾਰਕ ਗਾਇਆ। ਜਿਸ ਨੂੰ ਦੁਨੀਆਂ ਵਿੱਚ ਵਸਦੇ ਸਮੁੱਚੇ ਪੰਜਾਬੀ ਭਾਈਚਾਰੇ ਨੇ ਖਿੜੇ ਮੱਥੇ ਪ੍ਰਵਾਨ ਕਰਦੇ ਹੋਏ ਸਨਮਾਨ ਵੀ ਦਿੱਤਾ। ਜਿਸ ਤਰਾਂ ਕਹਿੰਦੇ ਹਨ ਕਿ "ਦੋ ਕਦਮ ਘੱਟ ਤੁਰਨਾ, ਪਰ ਤੁਰਨਾ ਮਟਕ ਦੇ ਨਾਲ" ਵਾਂਗ ਅੱਜ ਵੀ ਉਹ ਮਾਣ ਸਨਮਾਨ ਹੋਰ ਵੱਧ ਗਿਆ, ਜਦ ਇਸੇ ਲੋਕ ਗਾਇਕਾ ਸੁੱਖੀ ਬਰਾੜ ਦੀ ਜ਼ਿੰਦਗੀ 'ਤੇ ਅਧਾਰਿਤ ਲਿਖੀ ਪੁਸਤਕ "ਵਿਰਾਸਤ-ਏ-ਪੰਜਾਬ" ਨੂੰ ਖਾਸ ਤੌਰ 'ਤੇ ਨਾਂਮਵਰ ਸਖਸੀਅਤਾਂ ਦੀ ਹਾਜ਼ਰੀ ਵਿੱਚ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪਰੋਹਿਤ ਨੇ ਲੋਕ ਅਰਪਣ ਕੀਤਾ। ਇਸ ਰਿਲੀਜ਼ ਸਮਾਰੋਹ ਦੌਰਾਨ ਹਰ ਕਿਸੇ ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਵਿਰਸੇ ਪ੍ਰਤੀ ਗਾਇਕਾ ਸੁੱਖੀ ਬਰਾੜ ਦੇ ਅਣਥੱਕ ਯਤਨਾਂ ਅਤੇ ਸਮਰਪਣ ਦੀ ਸ਼ਲਾਘਾ ਵੀ ਕੀਤੀ। ਇਸ ਪੁਸਤਕ ਨੂੰ ਸ਼ੁਰੂ ਕਰਨ ਤੋਂ ਲੈ ਕੇ ਸਪੂੰਰਨ ਕਰਨ ਵਿੱਚ ਕਈ ਪ੍ਰਮੁੱਖ ਲੇਖਕਾਂ ਅਤੇ ਸਾਹਿੱਤਕਾਰਾ ਦਾ ਖਾਸ਼ ਯੋਗਦਾਨ ਰਿਹਾ ਹੈ। ਜਿੰਨਾ 'ਚ ਮੁੱਖ ਭੂਮਿਕਾ ਪ੍ਰਭਜੋਤ ਕੌਰ ਜੋਤ ਦੀ ਰਹੀ ਹੈ। ਜਦ ਕਿ ਇਸ ਨੂੰ ਪ੍ਰਕਾਸ਼ਿਤ ਕਰਨ ਵਿੱਚ 'ਪ੍ਰੀਤ ਪਬਲੀਕੇਸ਼ਨਜ਼ ਨਾਭਾ' ਦੇ ਸੁਰਿੰਦਰਜੀਤ ਸਿੰਘ ਚੌਹਾਨ ਦੀ ਅਹਿਮ ਭੂਮਿਕਾ ਰਹੀ ਹੈ। ਇਸ ਤਰਾਂ ਇਸ ਪੁਸਤਕ ਨੂੰ ਲੋਕ-ਅਰਪਣ ਇੱਕ ਵਿਸ਼ੇਸ਼ ਸਮਾਗਮ ਰਾਹੀ 'ਪੰਜਾਬ ਗਵਰਨਰ ਹਾਊਸ' ਵਿੱਚ ਕੀਤਾ ਗਿਆ।

ਜਿੱਥੇ ਅਦਾਕਾਰਾ ਪ੍ਰੀਤੀ ਸਪਰੂ, ਗਾਇਕ ਪੰਮੀ ਬਾਈ, ਮਹੰਤ ਹਰਪਾਲ ਦਾਸ, ਨਵੀਨ, ਸੁਦੇਸ਼ ਸ਼ਰਮਾਂ, ਦੀਪਕ ਮਖੀਜਾ ਅਤੇ ਹੋਰ ਬਹੁਤ ਸਖਸੀਅਤਾਂ ਨੇ ਪਹੁੰਚ ਕੇ ਮਾਣ ਬਖਸਿਆ। ਸਮੁੱਚੇ ਅਮੈਰੀਕਨ ਪੰਜਾਬੀ ਭਾਈਚਾਰੇ ਦੇ ਨਾਲ ਸਾਡੇ "ਧਾਲੀਆਂ ਅਤੇ ਮਾਛੀਕੇ ਮੀਡੀਆਂ ਅਮਰੀਕਾ" ਵੱਲੋਂ ਪੰਜਾਬੀਅਤ ਦੇ ਮਾਣ ਲੋਕ ਗਾਇਕਾ ਸੁੱਖੀ ਬਰਾੜ ਨੂੰ ਬਹੁਤ-ਬਹੁਤ ਮੁਬਾਰਕਾਂ।

# ਵਿਸਟ ਕੋਸਟ ਰੈਸਲਿੰਗ ਅਕੈਡਮੀ ਦਾ ਫਰਿਜਨੋ ਵਿਖੇ ਹੋਇਆ ਅਗਾਜ਼




**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜਨੋ (ਕੈਲੀਫੋਰਨੀਆ)**- ਫਰਿਜਨੋ ਸ਼ਹਿਰ ਜਿਹੜਾ ਕਿ ਪੰਜਾਬੀਆਂ ਦੀ ਸੰਘਣੀ ਵੱਸੋਂ ਕਰਕੇ ਮਿੰਨੀ ਪੰਜਾਬ ਦੇ ਤੌਰ ਤੇ ਜਾਣਿਆ ਜਾਂਦਾ ਹੈ। ਐਸਾ ਕੋਈ ਮੇਲਾ ਨਹੀਂ ਜਿਹੜਾ ਫਰਿਜਨੋ ਵਿਖੇ ਨਾ ਕਰਵਾਇਆ ਜਾਂਦਾ ਹੋਵੇ। ਫਰਿਜਨੋ ਸ਼ਹਿਰ ਜਿੱਥੇ ਦੋ ਕਬੱਡੀ ਕਲੱਬਾਂ ਬਣੀਆ ਹੋਈਆ ਨੇ। ਇੱਥੇ ਫੀਲਡ ਹਾਕੀ "ਕੈਲੇਫੋਰਨੀਆਂ ਹਾਕਸ" ਵੀ ਬਣੀ ਹੋਈ ਹੈ। ਸਾਕਰ, ਵਾਲੀਵਾਲ ਅਤੇ ਕ੍ਰਿਕਟ ਆਦਿ ਦੀਆਂ ਕਲੱਬਾਂ ਵੀ ਸਮੇਂ ਸਮੇਂ ਸਮੇਂ ਸਿਰ ਟੂਰਨਾਮੈਂਟ ਕਰਵਾਉਂਦੀਆਂ ਰਹਿੰਦੀਆਂ ਨੇ। ਇੱਕੋ ਕਲੱਬ ਦੀ ਕਮੀ ਸੀ, ਉਹ ਸੀ ਰੈਸਲਿੰਗ ਦੀ। ਉਸ ਕਮੀਂ ਨੂੰ ਫਰਿਜਨੋ ਦੇ ਸਿਰਕੱਢ ਗੱਭਰੂਆ, ਬਿੱਲਾ ਚਾਹਲ, ਛਿੰਦਾ ਚਾਹਲ ਅਤੇ ਲੱਖੀ ਕੂੰਨਰ ਨੇ "ਵਿਸਟ ਕੋਸਟ ਰੈਸਲਿੰਗ ਅਕੈਡਮੀ" ਬਣਾਕੇ ਪੂਰਾ ਕਰ ਦਿੱਤਾ। ਫਰਿਜਨੋ ਦੀ ਮਸ਼ਹੂਰ ਸਟਰੀਟ ਸ਼ਾਹ ਐਵੇਨਿਊ ਅਤੇ ਮਾਰਕਸ ਸਟ੍ਰੀਟ ਦੇ ਕਾਰਨਰ ਵਿੱਚ ਬਣੇ ਸ਼ਾਪਿੰਗ ਪਲਾਜ਼ੇ ਵਿੱਚ ਲੰਘੇ ਐਤਵਾਰ ਵਿਸਟ ਕੋਸਟ ਰੈਸਲਿੰਗ ਅਕੈਡਮੀ ਦੇ ਅਖਾੜੇ ਦਾ ਉਦਘਾਟਨ ਸੁਖਮਨੀ ਸਹਿਬ ਦੇ ਪਾਠ ਦੇ ਭੋਗ ਪਾਕੇ ਕੀਤਾ ਗਿਆ।

ਇਸ ਮੌਕੇ ਵੱਡੀ ਗਿਣਤੀ ਵਿੱਚ ਪੰਜਾਬੀਆ ਨੇ ਪਹੁੰਚਕੇ ਪ੍ਰਬੰਧਕ ਵੀਰਾਂ ਨੂੰ ਵਧਾਈ ਦਿੱਤੀ, ਅਤੇ ਕਿਹਾ ਕਿ ਬੱਚਿਆਂ ਨੂੰ ਸਪੋਰਟਸ ਵੱਲ ਲਾਉਣ ਦਾ ਇਹ ਚਾਹਲ ਭਰਾਵਾਂ ਅਤੇ ਲੱਖੀ ਕੂੰਨਰ ਦਾ ਇੱਕ ਸਾਰਥਕ ਯਤਨ ਹੈ, ਅਤੇ ਸਮੂੰਹ ਫਰਿਜਨੋ ਨਿਵਾਸੀਆ ਨੂੰ ਹੁਣ ਆਪਣੇ ਬੱਚਿਆਂ ਨੂੰ ਰੈਸਲਿੰਗ ਅਕੈਡਮੀ ਵਿੱਚ ਦਾਖਲ ਕਰਵਾਕੇ ਆਪਣੇ ਬੱਚਿਆਂ ਨੂੰ ਪਹਿਲਵਾਨੀ ਦੇ ਦਾਅ ਪੇਚ ਸਿਖਾਉਣੇ ਚਾਹੀਦੇ ਨੇ। ਇਸ ਮੌਕੇ ਛਿੰਦੇ ਚਾਹਲ ਨੇ ਕਿਹਾ ਕਿ ਇਸ ਅਕੈਡਮੀ ਤੋਂ ਅਸੀ ਬੱਚਿਆਂ ਨੂੰ ਪਰਾਪਰ ਟ੍ਰੇਨਿੰਗ ਦੇਕੇ ਪਹਿਲਵਾਨ ਬਨਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਾਂਗੇ, ਅਗਰ ਤੁਸੀਂ ਵੀ ਆਪਣੇ ਬੱਚਿਆਂ ਨੂੰ ਇਸ ਅਕੈਡਮੀ ਵਿੱਚ ਦਾਖਲ ਕਰਵਾਉਣਾ ਚਾਹੁੰਦੇ ਹੋ ਤਾਂ 559-993-9000 ਤੇ ਕਾਲ ਕਰਕੇ ਰਜਿਸਟਰ ਕਰਵਾ ਸਕਦੇ ਹੋ।

# ਕੁਈਨਜ਼ਟਾਊਨ 'ਚ ਇਕ ਟੈਕਸੀ ਦੀ ਡਿੱਕੀ ਦੇ ਬਾਹਰ ਲਗਾਏ ਗਏ ਸਟਿੱਕਰ ਨੂੰ ਲੈ ਕੇ ਹੋਇਆ ਇਤਰਾਜ਼

**ਆਕਲੈਂਡ,(ਹਰਜਿੰਦਰ ਸਿੰਘ ਬਸਿਆਲਾ)**- ਗੱਲ੍ਹ ਭਾਵੇਂ ਕੁਝ ਮਹੀਨੇ ਪੁਰਾਣੀ ਹੈ ਪਰ ਇਸ ਤੋਂ ਸੇਧ ਪੂਰੇ ਨਿ-ਊਜ਼ੀਲੈਂਡ ਦੇ ਵਿਚ ਟੈਕਸੀ ਕਾਰੋਬਾਰ ਕਰਦੇ ਟੈਕਸੀ ਚਾਲਕ ਖਾਸ ਕਰ ਪੰਜਾਬੀ ਟੈਕਸੀ ਚਾਲਕ ਲੈ ਸਕਦੇ ਹਨ। ਟੈਕਸੀ ਸੇਵਾ ਦੇ ਵਿਚ ਤਰ੍ਹਾਂ-ਤਰ੍ਹਾਂ ਦੀਆਂ ਸਵਾਰੀਆਂ ਸਫ਼ਰ ਕਰਦੀਆਂ ਹਨ ਅਤੇ ਬਹੁਤੀਆਂ ਕੰਪਨੀਆਂ ਅਤੇ ਏਅਰਪੋਰਟਾਂ ਨਾਲ ਇਹ ਗੱਲ ਪਹਿਲਾਂ ਹੀ ਸਪਸ਼ਟ ਹੁੰਦੀ ਹੈ ਕਿ ਟੈਕਸੀ ਦੇ ਉਤੇ ਕੋਈ ਇਤਰਾਜ਼ ਯੋਗ ਸਟਿੱਕਰ ਜਾਂ ਬ੍ਰਾਂਡਿੰਗ ਨਾ ਕੀਤੀ ਹੋਵੇ, ਜਿਹੜੀ ਸਵਾਰੀਆਂ ਵਾਸਤੇ ਕਿਸੀ ਵੀ ਤਰ੍ਹਾਂ ਦੀ ਅਸੁਵਿਧਾ ਦਾ ਦਿਲ ਦੁਖਾਉਣ ਦਾ ਕਾਰਨ ਬਣਦੀ ਹੋਵੇ। ਇਸੇ ਸਾਲ ਜਨਵਰੀ ਮਹੀਨੇ ਕੁਈਨਜ਼ਟਾਊਨ ਵਿਖੇ ਇਕ ਟੈਕਸੀ ਚਾਲਕ ਦੀ ਕਾਰ ਦੇ ਪਿੱਛੇ ਡਿੱਕੀ ਦੇ ਉਤੇ ਇਕ ਨੀਲੇ ਰੰਗ ਦੇ ਦੁਮਾਲੇ ਵਾਲੇ ਵਿਅਕਤੀ (ਗੋਲ ਦਸਤਾਰ) ਦਾ ਸਟਿੱਕਰ ਲੱਗਾ ਹੋਇਆ ਸੀ ਜਿਸ ਨੇ ਲੋਈ ਲਈ ਹੋਈ ਹੈ ਅਤੇ ਮੋਢੇ ਦੇ ਉਤੇ ਬੰਦੂਕ ਪਹਿਨੀ ਨਜ਼ਰ ਆ ਰਹੀ ਹੈ। ਕਿਸੀ ਸਵਾਰੀ ਨੇ ਇਸ ਦੀ ਸ਼ਿਕਾਇਤ ਕੰਪਨੀ ਨੂੰ ਕਰ ਦਿੱਤੀ ਸੀ ਅਤੇ ਕੰਪਨੀ ਨੇ ਜਿੱਥੇ ਡ੍ਰਾਈਵਰ ਨੂੰ ਤੁਰੰਤ ਇਸ ਕੰਮ ਤੋਂ ਰੋਕ ਦਿੱਤਾ ਸੀ, ਉਤੇ ਇਹ ਸਟਿੱਕਰ ਵੀ ਰਿਮੂਵ (ਲਾਹੁਣ) ਕਰਨ ਲਈ ਕਹਿ ਦਿੱਤਾ ਸੀ। ਟੈਕਸੀ ਕੰਪਨੀ ਨੇ ਆਪਣਾ ਪੱਖ ਰੱਖਦਿਆਂ ਕਿਹਾ ਸੀ ਕਿ ਟੈਕਸੀ ਚਾਲਕ ਨੇ ਇਹ ਸਟਿੱਕਰ ਕਦੋਂ ਲਾਇਆ, ਉਨ੍ਹਾਂ ਨੂੰ ਇਸ ਸਬੰਧੀ ਜਾਣਕਾਰੀ ਨਹੀਂ ਹੈ। ਸ਼ਿਕਾਇਤ ਕਰਤਾ ਨੇ ਆਪਣੀ ਈਮੇਲ ਸ਼ਿਕਾਇਤ ਦੇ ਵਿਚ ਇਸ ਸਟਿੱਕਰ ਨੂੰ ਅੱਤਵਾਦੀ ਸਟਿੱਕਰ "terroirsm sitcker" ਕਹਿ ਕੇ ਸੰਬੋਧਨ ਕੀਤਾ ਸੀ। ਸੋ ਟੈਕਸੀ ਚਾਲਕਾਂ ਦੇ ਲਈ ਸੂਚਨਾ ਮਾਤਰ ਹੈ ਕਿ ਅਜਿਹੇ ਸਟਿੱਕਰ ਕਿਸੇ ਵੇਲੇ ਵੀ ਪ੍ਰੇਸ਼ਾਨੀ ਵਿਚ ਪਾ ਸਕਦੇ ਹਨ ਇਸ ਕਰਕੇ ਰੁਜ਼ਗਾਰ ਵੇਲੇ ਸਾਵਧਾਨੀਆਂ ਅਤੇ ਨਿਯਮਾਂ ਦੀ ਪਾਲਣਾ ਜਾਰੀ ਰੱਖੀ ਜਾਵੇ।



# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਦੀ ਨਵੀਂ ਪ੍ਰਬੰਧਕ ਕਮੇਟੀ


ਬੀਬੀ ਸੁਰਿੰਦਰ ਕੌਰ ਬੰਗੜ (ਚੇਅਰਪਰਸਨ)


ਰਤਨ ਪਾਲ ਜੱਸੀ (ਵਾਈਸ ਚੇਅਰਮੈਨ)


ਸ੍ਰੀ ਅਮਰ ਦੜੋਚ (ਪ੍ਰਧਾਨ)


ਸ੍ਰੀ ਸੁੱਚਾ ਸਿੰਘ ਝੰਮਟ (ਵਾਈਸ ਪ੍ਰਧਾਨ)


ਸ੍ਰੀ ਸਰਬਜੀਤ ਚੁੰਬਰ (ਜਨਰਲ ਸਕੱਤਰ)


ਸ੍ਰੀ ਤੇਗਵੀਰ ਸਿੰਘ ਭਾਟੀਆ (ਸਹਾਇਕ ਜਨਰਲ ਸਕੱਤਰ)


ਦਵਿੰਦਰ ਸਿੰਘ ਨਿਗਾਹ (ਖਜਾਨਚੀ)


ਸ੍ਰੀ ਕੁਲਦੀਪ ਸਿੰਘ (ਸਹਾਇਕ ਖਜਾਨਚੀ)


ਸ੍ਰੀ ਕੁਲਦੀਪ ਸਿੰਘ ਬੰਗੜ (ਸਟੇਜ ਸਕੱਤਰ)


ਬੀਬੀ ਦੀਪਿਕਾ ਕਲੇਰ (ਸਹਾਇਕ ਸਟੇਜ ਸਕੱਤਰ)


ਸ੍ਰੀ ਪਵਨ ਸਰੋਇਆ (ਮੀਡੀਆ ਪਰਸਨ)

**ਫਰਿਜ਼ਨੋ–** ਬੀਤੇ ਦਿਨੀਂ 23 ਅਪ੍ਰੈਲ 2023 ਨੂੰ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਦੀ ਨਵੀਂ ਪ੍ਰਬੰਧਕ ਕਮੇਟੀ ਦੀ ਚੋਣ ਸਰਬ ਸੰਮਤੀ ਨਾਲ ਹੋਈ, ਜਿਸ ਵਿਚ ਬੀਬੀ ਸੁਰਿੰਦਰ ਕੌਰ ਬੰਗੜ (ਚੇਅਰਪਰਸਨ), ਸ੍ਰੀ ਅਮਰ ਦੜੋਚ (ਪ੍ਰਧਾਨ), ਸ੍ਰੀ ਰਤਨ ਪਾਲ ਜੱਸੀ (ਵਾਈਸ ਚੇਅਰਮੈਨ), ਸ੍ਰੀ ਸੁੱਚਾ ਸਿੰਘ ਝੰਮਟ (ਵਾਈਸ ਪ੍ਰਧਾਨ), ਸ੍ਰੀ ਸਰਬਜੀਤ ਚੁੰਬਰ (ਜਨਰਲ ਸਕੱਤਰ), ਸ੍ਰੀ ਤੇਗਵੀਰ ਸਿੰਘ ਭਾਟੀਆ (ਸਹਾਇਕ ਜਨਰਲ ਸਕੱਤਰ), ਸ੍ਰੀ ਦਵਿੰਦਰ ਸਿੰਘ ਨਿਗਾਹ (ਖਜਾਨਚੀ), ਸ੍ਰੀ ਕੁਲਦੀਪ ਸਿੰਘ ਬੰਗੜ (ਸਟੇਜ ਸਕੱਤਰ), ਬੀਬੀ ਦੀਪਿਕਾ ਕਲੇਰ (ਸਹਾਇਕ ਸਟੇਜ ਸਕੱਤਰ), ਸ੍ਰੀ ਪਵਨ ਸਰੋਇਆ (ਮੀਡੀਆ ਪਰਸਨ) ਚੁਣੇ ਗਏ।

********

HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com

Kash
FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



ਦੇਸ਼ ਦੁਆਬਾ

# ਅੰਤਰਰਾਸ਼ਟਰੀ ਮਜ਼ਦੂਰ ਦਿਵਸ

ਅੰਤਰਰਾਸ਼ਟਰੀ ਮਜ਼ਦੂਰ ਦਿਵਸ ਹਰ ਸਾਲ 1 ਮਈ ਨੂੰ ਦੇਸ਼ ਅਤੇ ਦੁਨੀਆ ਵਿਚ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਮਨਾਉਣ ਦਾ ਮੁੱਖ ਮਕਸਦ ਮਜ਼ਦੂਰਾਂ ਅਤੇ ਮਜ਼ਦੂਰਾਂ ਦੀਆਂ ਪ੍ਰਾਪਤੀਆਂ ਦਾ ਸਨਮਾਨ ਕਰਨਾ ਅਤੇ ਉਨ੍ਹਾਂ ਵੱਲੋਂ ਪਾਏ ਯੋਗਦਾਨ ਨੂੰ ਯਾਦ ਕਰਨਾ ਹੈ। ਇਸ ਦੇ ਨਾਲ-ਨਾਲ ਸਾਨੂੰ ਮਜ਼ਦੂਰਾਂ ਦੇ ਹੱਕਾਂ ਅਤੇ ਹੱਕਾਂ ਲਈ ਆਵਾਜ਼ ਬੁਲੰਦ ਕਰਨੀ ਪਵੇਗੀ ਅਤੇ ਸ਼ੋਸ਼ਣ ਬੰਦ ਕਰਨਾ ਹੋਵੇਗਾ। ਮਜ਼ਦੂਰਾਂ ਅਤੇ ਮਜ਼ਦੂਰਾਂ ਦਾ ਸਤਿਕਾਰ ਕਰਨਾ ਬਣਦਾ ਹੈ, ਇਸ ਨੂੰ ਮਜ਼ਦੂਰ ਦਿਵਸ ਅਤੇ ਮਜ਼ਦੂਰ ਦਿਵਸ ਵੀ ਕਿਹਾ ਜਾਂਦਾ ਹੈ।

ਇਹ ਮਜ਼ਦੂਰ ਲਹਿਰ ਅਮਰੀਕਾ ਵਿੱਚ 1 ਮਈ 1886 (1 ਮਈ ਮਜ਼ਦੂਰ ਦਿਵਸ) ਨੂੰ ਸ਼ੁਰੂ ਹੋਈ ਸੀ। ਇਸ ਅੰਦੋਲਨ ਵਿੱਚ ਅਮਰੀਕਾ ਦੇ ਮਜ਼ਦੂਰ ਆਪਣੀਆਂ ਮੰਗਾਂ ਨੂੰ ਲੈ ਕੇ ਸੜਕਾਂ 'ਤੇ ਆਏ ਸਨ, ਅਸਲ ਵਿੱਚ ਉਸ ਸਮੇਂ ਮਜ਼ਦੂਰਾਂ ਤੋਂ 15-15 ਘੰਟੇ ਕੰਮ ਕਰਵਾਇਆ ਗਿਆ ਸੀ। ਇਸ ਅੰਦੋਲਨ ਦੌਰਾਨ ਪੁਲੀਸ ਨੇ ਮਜ਼ਦੂਰਾਂ 'ਤੇ ਗੋਲੀਆਂ ਚਲਾ ਦਿੱਤੀਆਂ, ਜਿਸ ਵਿੱਚ ਮਜ਼ਦੂਰਾਂ ਦੀ ਜਾਨ ਚਲੀ ਗਈ, ਜਦੋਂ ਕਿ 100 ਤੋਂ ਵੱਧ ਮਜ਼ਦੂਰ ਜ਼ਖ਼ਮੀ ਹੋ ਗਏ। ਇਸ ਲਹਿਰ ਦੇ ਤਿੰਨ ਸਾਲ ਬਾਅਦ 1889 ਵਿੱਚ ਅੰਤਰਰਾਸ਼ਟਰੀ ਸਮਾਜਵਾਦੀ ਕਾਨਫਰੰਸ ਦੀ ਮੀਟਿੰਗ ਹੋਈ। ਜਿਸ ਵਿੱਚ ਫੈਸਲਾ ਕੀਤਾ ਗਿਆ ਸੀ ਕਿ ਹਰ ਮਜ਼ਦੂਰ ਤੋਂ ਇੱਕ ਦਿਨ ਵਿੱਚ ਸਿਰਫ਼ 8 ਘੰਟੇ ਕੰਮ ਲਿਆ ਜਾਵੇਗਾ। ਇਸ ਕਾਨਫਰੰਸ ਵਿੱਚ ਹੀ 1 ਮਈ ਨੂੰ ਮਜ਼ਦੂਰ ਦਿਵਸ ਮਨਾਉਣ ਦੀ ਤਜਵੀਜ਼ ਰੱਖੀ ਗਈ ਸੀ, ਨਾਲ ਹੀ ਹਰ ਸਾਲ 1 ਮਈ ਨੂੰ ਛੁੱਟੀ ਦੇਣ ਦਾ ਫੈਸਲਾ ਵੀ ਕੀਤਾ ਗਿਆ ਸੀ। ਇਹ ਨਿਯਮ ਅਮਰੀਕਾ ਵਿੱਚ ਅੱਠ ਘੰਟੇ ਕੰਮ ਕਰਨ ਵਾਲੇ ਕਾਮਿਆਂ ਦੇ ਨਿਯਮ ਤੋਂ ਬਾਅਦ ਕਈ ਦੇਸ਼ਾਂ ਵਿੱਚ ਲਾਗੂ ਕੀਤਾ ਗਿਆ ਸੀ। ਭਾਵੇਂ ਅਮਰੀਕਾ ਵਿੱਚ 1 ਮਈ 1889 ਨੂੰ ਮਜ਼ਦੂਰ ਦਿਵਸ ਮਨਾਉਣ ਦਾ ਪ੍ਰਸਤਾਵ ਆਇਆ ਹੈ। ਪਰ ਇਹ ਕਰੀਬ 34 ਸਾਲਾਂ ਬਾਅਦ ਭਾਰਤ ਆਇਆ। ਦੂਜੇ ਪਾਸੇ, ਭਾਰਤ ਵਿੱਚ ਮਜ਼ਦੂਰ ਦਿਵਸ ਮਨਾਉਣ ਦੀ ਸ਼ੁਰੂਆਤ 1 ਮਈ 1923 ਨੂੰ ਚੇਨਈ ਤੋਂ ਹੋਈ। ਇਹ ਫੈਸਲਾ ਮਜ਼ਦੂਰ ਕਿਸਾਨ ਪਾਰਟੀ ਆਫ ਹਿੰਦੁਸਤਾਨ ਦੀ ਪ੍ਰਧਾਨਗੀ ਹੇਠ ਲਿਆ ਗਿਆ। ਇਸ ਮੀਟਿੰਗ ਨੂੰ ਕਈ ਜਥੇਬੰਦੀਆਂ ਅਤੇ ਸਮਾਜਿਕ ਪਾਰਟੀਆਂ ਦਾ ਸਮਰਥਨ ਮਿਲਿਆ। ਜੋ ਮਜ਼ਦੂਰਾਂ ਦੇ ਅੱਤਿਆਚਾਰਾਂ ਅਤੇ ਸ਼ੋਸ਼ਣ ਵਿਰੁੱਧ ਆਵਾਜ਼ ਬੁਲੰਦ ਕਰ ਰਹੇ ਸਨ।

ਅੰਤਰਰਾਸ਼ਟਰੀ ਮਜ਼ਦੂਰ ਦਿਵਸ ਜਾਂ ਵਿਸ਼ਵ ਮਜ਼ਦੂਰ ਦਿਵਸ ਵਿਸ਼ਵ ਭਰ ਵਿੱਚ ਵੱਖ-ਵੱਖ ਉਦਯੋਗਾਂ ਅਤੇ ਖੇਤਰਾਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਅਤੇ ਮਜ਼ਦੂਰਾਂ ਦੇ ਯੋਗਦਾਨ ਨੂੰ ਸਨਮਾਨਿਤ ਕਰਨ ਲਈ ਮਨਾਇਆ ਜਾਂਦਾ ਹੈ।

ਮਈ ਦਿਵਸ ਪਹਿਲੀ ਵਾਰ 1 ਮਈ 1890 ਨੂੰ 14 ਜੁਲਾਈ 1889 ਨੂੰ ਯੂਰਪ ਵਿੱਚ ਸੋਸ਼ਲਿਸਟ ਪਾਰਟੀਆਂ ਦੀ ਪਹਿਲੀ ਅੰਤਰਰਾਸ਼ਟਰੀ ਕਾਂਗਰਸ ਦੁਆਰਾ ਘੋਸ਼ਿਤ ਕੀਤੇ ਜਾਣ ਤੋਂ ਬਾਅਦ ਮਨਾਇਆ ਗਿਆ ਸੀ।

ਮਜ਼ਦੂਰ ਦਿਵਸ 80 ਤੋਂ ਵੱਧ ਦੇਸ਼ਾਂ ਵਿੱਚ ਮਨਾਇਆ ਜਾਂਦਾ ਹੈ। ਮਜ਼ਦੂਰ ਦਿਵਸ ਦੁਨੀਆ ਦੇ 80 ਤੋਂ ਵੱਧ ਦੇਸ਼ਾਂ (ਭਾਰਤ ਸਮੇਤ) ਵਿੱਚ ਛੁੱਟੀ ਹੈ।

ਹਾਲਾਂਕਿ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦੀ ਸ਼ੁਰੂਆਤ ਸ਼ਿਕਾਗੋ ਵਿੱਚ ਹੇਅਮਾਰਕੇਟ ਮਾਮਲੇ ਦੀ ਯਾਦ ਵਿੱਚ ਹੋਈ ਸੀ, ਪਰ ਕੈਨੇਡਾ ਅਤੇ ਸੰਯੁਕਤ ਰਾਜ ਵਿੱਚ ਮਜ਼ਦੂਰ ਦਿਵਸ ਸਤੰਬਰ ਦੇ ਪਹਿਲੇ ਸੋਮਵਾਰ ਨੂੰ ਮਨਾਇਆ ਜਾਂਦਾ ਹੈ ਨਾ ਕਿ 1 ਮਈ ਨੂੰ।

ਮਹਾਰਾਸ਼ਟਰ ਦਿਵਸ ਅਤੇ ਗੁਜਰਾਤ ਦਿਵਸ ਵੀ 01 ਮਈ ਨੂੰ ਮਨਾਇਆ ਜਾਂਦਾ ਹੈ। ਭਾਰਤ ਵਿੱਚ ਪਹਿਲਾ ਮਈ ਦਿਵਸ 1923 ਵਿੱਚ ਹਿੰਦੁਸਤਾਨ ਦੀ ਮਜ਼ਦੂਰ ਕਿਸਾਨ ਪਾਰਟੀ ਵੱਲੋਂ ਚੇਨਈ (ਉਸ ਸਮੇਂ ਮਦਰਾਸ) ਵਿੱਚ ਮਨਾਇਆ ਗਿਆ ਸੀ।

ਭਾਰਤ ਵਿੱਚ ਮਈ ਦਿਵਸ ਜਾਂ ਮਜ਼ਦੂਰ ਦਿਵਸ ਜਾਂ 'ਅੰਤਰਰਾਸ਼ਟਰੀ ਮਜ਼ਦੂਰ ਦਿਵਸ' ਨੂੰ ਕਈ ਨਾਵਾਂ ਨਾਲ ਜਾਣਿਆ ਜਾਂਦਾ ਹੈ ਜਿਵੇਂ ਕਿ ਤਾਮਿਲ ਵਿੱਚ 'ਉਝੇਪਾਲਰ ਨਾਲ' ਅਤੇ ਮਰਾਠੀ ਵਿੱਚ 'ਕਾਮਗਰ ਦਿਵਸ'।

ਕੈਨੇਡਾ ਨੇ ਸੰਯੁਕਤ ਰਾਜ ਅਮਰੀਕਾ ਤੋਂ 10 ਸਾਲ ਪਹਿਲਾਂ 1872 ਵਿੱਚ ਮਜ਼ਦੂਰ ਦਿਵਸ ਮਨਾਇਆ ਸੀ।

ਪੈਰਿਸ ਵਿੱਚ ਹਰ ਸਾਲ 1 ਮਈ ਨੂੰ ਮਜ਼ਦੂਰਾਂ ਲਈ ਅੰਤਰਰਾਸ਼ਟਰੀ ਏਕਤਾ ਮਜ਼ਦੂਰ ਦਿਵਸ' ਵਜੋਂ ਮਨਾਉਣ ਦਾ ਐਲਾਨ ਕੀਤਾ ਗਿਆ।

ਇਸ ਦਿਨ ਖਾਸ ਤੌਰ 'ਤੇ ਮਜ਼ਦੂਰਾਂ ਦੇ ਹੱਕਾਂ ਅਤੇ ਹੱਕਾਂ ਲਈ ਅਤੇ ਉਨ੍ਹਾਂ ਦੇ ਸ਼ੋਸ਼ਣ ਨੂੰ ਰੋਕਣ ਲਈ ਆਵਾਜ਼ ਬੁਲੰਦ ਕੀਤੀ ਜਾਂਦੀ ਹੈ।

# ਗੁਰੂ ਅਰਜਨ ਦੇਵ ਜੀ - ਪਹਿਲੇ ਸਿੱਖ ਸ਼ਹੀਦ



ਸੰਤੋਖ ਸਿੰਘ ਸੰਧੂ
(+64) 022 071 0935

ਪੰਜਵੇਂ ਗੁਰੂ ਸ਼੍ਰੀ ਗੁਰੂ ਅਰਜੁਨ ਦੇਵ ਜੀ ਅੰਦਰ ਪ੍ਰਭੂ ਭਗਤੀ, ਨਿਰਸਵਾਰਥ ਸੇਵਾ ਭਾਵ ਅਤੇ ਸਮੁੱਚੀ ਕਾਇਨਾਤ ਪ੍ਰਤੀ ਪਿਆਰ ਦੀ ਭਾਵਨਾ ਕੁਦਰਤ ਵੱਲੋਂ ਹੀ ਭਰੀ ਹੋਈ ਸੀ। ਉਹ ਕੁਦਰਤੀ ਗਿਆਨ ਅਤੇ ਅਧਿਆਤਮਿਕ ਮੁਹਾਰਤ ਦਾ ਇੱਕ ਖ਼ਜ਼ਾਨਾਂ ਸਨ। ਉਹ ਸੰਸਕ੍ਰਿਤ, ਪੰਜਾਬੀ ਅਤੇ ਪਰਸੀਅਨ ਭਾਸ਼ਾਵਾਂ ਦੇ ਮਾਹਿਰ ਸਨ। ਜਿਹੜੇ ਅਸੂਲਾਂ ਵਿੱਚ ਉਹ ਵਿਸ਼ਵਾਸ ਰੱਖਦੇ ਸਨ, ਉਨ੍ਹਾਂ ਉਤੇ ਬੜੀ ਦ੍ਰਿੜਤਾ ਨਾਲ ਚਲਦੇ ਰਹੇ। ਉਨ੍ਹਾਂ ਅਸੂਲਾਂ ਖ਼ਾਤਰ ਉਨ੍ਹਾਂ ਨੇ ਆਪਣੀ ਜ਼ਾਨ ਤੱਕ ਕੁਰਬਾਨ ਕਰ ਦਿੱਤੀ। ਉਨ੍ਹਾਂ ਨੇ ਮਨੁੱਖਾ ਇਤਹਾਸ ਵਿੱਚ ਅਦੁੱਤੀ ਸ਼ਹਾਦਤ ਦਾ ਰੁਤਬਾ ਹਾਸਿਲ ਕੀਤਾ।

ਗੁਰੂ ਅਰਜੁਨ ਦੇਵ ਜੀ ਦਾ ਜਨਮ 15 ਅਪ੍ਰੈਲ 1563 ਨੂੰ ਗੁਰੂ ਰਾਮ ਦਾਸ ਜੀ ਅਤੇ ਬੀਬੀ ਭਾਨੀ ਜੀ ਦੇ ਗ੍ਰਿਹ ਗੋਇੰਦਵਾਲ ਵਿੱਚ ਹੋਇਆ। ਗੁਰੂ ਅਰਜੁਨ ਦੇਵ ਜੀ ਤਿੰਨ ਭਰਾਵਾਂ ਵਿੱਚੋਂ ਸਭ ਤੋ ਛੋਟੇ ਸਨ। ਸਭ ਤੋਂ ਵੱਡਾ ਭਰਾ ਪ੍ਰਿਥੀ ਚੰਦ ਸੀ। ਪ੍ਰਿਥੀ ਚੰਦ ਬੜਾ ਚਤੁਰ ਅਤੇ ਮਿਹਨਤੀ ਸੀ। ਉਹ ਘਰ ਦੇ ਸਾਰੇ ਕੰਮ ਬੜੀ ਮਿਹਨਤ ਨਾਲ ਕਰਦਾ ਅਤੇ ਸੰਭਾਲਦਾ ਸੀ। ਬਾਲ ਅਰਜੁਨ ਦੇਵ ਬਚਪਨ ਤੋਂ ਹੀ ਅਧਿਆਤਮਿਕ ਗੁਣਾਂ ਨਾਲ ਭਰਪੂਰ ਸੀ। ਇੱਕ ਦਿਨ ਬਾਲ ਅਰਜੁਨ ਰਿੜ੍ਹਦੇ ਹੋਇਆਂ ਗੁਰੂ ਅਮਰ ਦਾਸ ਜੀ ਦੇ ਪਵਿੱਤਰ ਸਿੰਘਾਸਨ ਉਤੇ ਚੜ੍ਹ ਕੇ ਬੜੇ ਆਰਾਮ ਨਾਲ ਬੈਠ ਗਏ। ਗੁਰੂ ਅਮਰ ਦਾਸ ਜੀ ਵੇਖ ਕੇ ਬੜੇ ਖੁਸ਼ ਹੋਏ ਅਤੇ ਆਪਣੀ ਦਿੱਬ ਦ੍ਰਿਸ਼ਟੀ ਨਾਲ ਵੇਖ ਕੇ ਆਖਿਆ, “ਇਹ ਮੇਰਾ ਦੋਹਿਤਾ ਇੱਕ ਦਿਨ ਇਸ ਗੱਦੀ ਨੂੰ ਸੰਭਾਲੇਗਾ।”

ਗੁਰੂ ਅਰਜੁਨ ਦੇਵ ਜੀ ਜਵਾਨ ਹੋਏ। ਆਪਣੇ ਸੇਵਾ ਭਾਵ ਦੇ ਸੁਭਾਅ ਸਦਕਾ ਉਹ ਪੂਰੀ ਤਨਦੇਹੀ ਨਾਲ ਸੰਗਤ ਦੀ ਸੇਵਾ ਵਿੱਚ ਜੁੱਟ ਗਏ। ਉਨ੍ਹਾਂ ਦੇ ਪਿਤਾ ਗੁਰੂ ਰਾਮ ਦਾਸ ਜੀ ਨੂੰ ਉਨ੍ਹਾਂ ਦੀਆਂ ਆਦਤਾਂ ਬਹੁਤ ਚੰਗੀਆਂ ਲਗਦੀਆਂ ਸਨ। ਵੱਡਾ ਭਰਾ ਪ੍ਰਿਥੀ ਚੰਦ ਇਹ ਦੇਖ ਕੇ ਬੜਾ ਦੁਖੀ ਹੁੰਦਾ ਸੀ। ਬਾਲ ਅਰਜੁਨ ਨੂੰ ਗੁਰੂ ਅਮਰ ਦਾਸ ਜੀ ਵੱਲੋਂ ਦਿੱਤੀ ਗਈ ਅਸੀਸ ਵੀ ਪ੍ਰਿਥੀ ਚੰਦ ਨੂੰ ਰੜਕਦੀ ਰਹਿੰਦੀ ਸੀ। ਇਸ ਲਈ ਉਸਨੇ ਅਰਜੁਨ ਦੇਵ ਨੂੰ ਤੰਗ ਕਰਨ ਦੀਆਂ ਕਈ ਚਾਲਾਂ ਚੱਲੀਆਂ। ਗੁਰੂ ਰਾਮ ਦਾਸ ਜੀ ਨੇ ਅਰਜੁਨ ਦੇਵ ਜੀ ਨੂੰ ਰਿਸ਼ਤੇਦਾਰੀ ਵਿੱਚ ਇੱਕ ਸ਼ਾਦੀ ਸਮਾਰੋਹ ਵਿੱਚ ਸ਼ਾਮਿਲ ਹੋਣ ਲਈ ਲਹੌਰ ਭੇਜਿਆ। ਇੱਥੇ ਅਰਜੁਨ ਦੇਵ ਜੀ ਨੂੰ ਕਾਫੀ ਸਮਾਂ ਰੁਕਣਾ ਪੈ ਗਿਆ। ਉਹ ਆਪਣੇ ਪਿਤਾ ਜੀ ਨੂੰ ਬਹੁਤ ਪਿਆਰ ਕਰਦੇ ਸਨ। ਉਨ੍ਹਾਂ ਨੇ ਲਹੌਰ ਤੋਂ ਪਿਤਾ ਪ੍ਰੇਮ ਦੇ ਵੈਰਾਗ ਵਿੱਚ ਕਈ ਚਿੱਠੀਆਂ ਲਿਖੀਆਂ, ਜਿਹੜੀਆਂ ਕਿ ਪ੍ਰਿਥੀ ਚੰਦ ਨੇ ਗੁਰੂ ਰਾਮ ਦਾਸ ਜੀ ਤੱਕ ਜਾਣ ਹੀ ਨਾ ਦਿੱਤੀਆਂ। ਬਾਅਦ ਵਿੱਚ ਪ੍ਰਿਥੀ ਚੰਦ ਦਾ ਪਰਿਵਾਰ ਵਿੱਚ ਪਾਜ ਖੁੱਲ ਗਿਆ। ਪਰ ਅਰਜੁਨ ਦੇਵ ਨੇ ਆਪਣੇ ਵੱਡੇ ਭਰਾ ਦੀ ਇਸ ਚਾਲ ਦਾ ਕੋਈ ਬੁਰਾ ਨਾ ਮਨਾਇਆ ਅਤੇ ਪ੍ਰਿਥੀ ਚੰਦ ਦਾ ਪਹਿਲਾਂ ਵਾਂਗ ਹੀ ਸਤਿਕਾਰ ਕਰਦੇ ਰਹੇ। ਇਨ੍ਹਾਂ ਗੁਣਾਂ ਸਦਕਾ ਉਹ 18 ਸਾਲ ਦੀ ਉਮਰ ਵਿੱਚ ਹੀ ਗੁਰਗੱਦੀ ਦੇ ਵਾਰਿਸ ਬਣਕੇ ਅਰਜੁਨ ਦੇਵ ਤੋਂ ਗੁਰੂ ਅਰਜੁਨ ਦੇਵ ਬਣ ਗਏ। ਉਨ੍ਹਾਂ ਦਾ ਵਿਆਹ 15 ਜੂਨ 1589 ਨੂੰ ਜਲੰਧਰ ਦੇ ਕਸਬੇ ਫਿਲੌਰ ਦੇ ਨੇੜੇ ਪਿੰਡ ਮਾਓ (ਹੁਣ ਮਾਓ ਸਾਹਿਬ) ਦੇ ਭਾਈ ਕ੍ਰਿਸ਼ਨ ਚੰਦ ਦੀ ਪੁੱਤਰੀ ਗੰਗਾ ਨਾਲ ਹੋਇਆ। ਮਾਤਾ ਗੰਗਾ ਜੀ ਦੀ ਪਵਿੱਤਰ ਕੁੱਖ ਤੋਂ ਗੁਰੂ ਹਰਗੋਬਿੰਦ ਦਾ ਜਨਮ ਹੋਇਆ। ਗੁਰੂ ਹਰਗੋਬਿੰਦ ਜੀ ਗੁਰੂ ਅਰਜੁਨ ਦੇਵ ਜੀ ਦੇ ਇਕਲੌਤੇ ਪੁੱਤਰ ਸਨ। ਗੁਰਗੱਦੀ ਉਤੇ ਬੈਠਣ ਉਪ੍ਰੰਤ ਗੁਰੂ ਅਰਜੁਨ ਦੇਵ ਜੀ ਨੇ ਸ਼੍ਰੀ ਅੰਮ੍ਰਿਤਸਰ ਵਿੱਚ ਸ਼੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਈ ਅਤੇ ਰਾਮ ਦਾਸ ਸਰੋਵਰ ਦੀ ਉਸਾਰੀ ਵੀ ਮੁਕੰਮਲ ਕਰਵਾਈ। ਉਨ੍ਹਾਂ ਨੇ ਤਰਨ ਤਾਰਨ ਤੇ ਕਰਤਾਰ ਪੁਰ ਸ਼ਹਿਰਾਂ ਦੀ ਬੁਨਿਆਦ ਰੱਖੀ ਅਤੇ ਇਨ੍ਹਾਂ ਸ਼ਹਿਰਾਂ ਨੂੰ ਵਸਾਇਆ। ਤਰਨ ਤਾਰਨ ਵਿੱਚ ਗੁਰਦੁਆਰਾ ਸਾਹਿਬ ਅਤੇ ਸਰੋਵਰ ਦੀ ਉਸਾਰੀ ਕਰਵਾਈ। ਆਪਣੇ ਪੁੱਤਰ ਹਰਗੋਬਿੰਦ ਦਾ ਜਨਮ ਦਿਨ ਮਨਾਉਂਦਿਆਂ ਗੁਰੂ ਅਰਜੁਨ ਦੇਵ ਜੀ ਨੇ ਬਿਆਸ ਦਰਿਆ ਦੇ ਕੰਢੇ ਸ਼੍ਰੀ ਹਰਗੋਬਿੰਦ ਪੁਰ ਸ਼ਹਿਰ ਵਸਾਇਆ।



ਗੁਰੂ ਅਰਜੁਨ ਦੇਵ ਜੀ ਦਾ ਸਭ ਤੋਂ ਵੱਡਾ ਉਪਰਾਲਾ ਹੈ ਕਿ ਉਨ੍ਹਾਂ ਨੇ ਆਪਣੇ ਤੋਂ ਪਹਿਲੇ ਚਾਰ ਗੁਰੂ ਸਾਹਿਬਾਨਾਂ ਦੀ ਬਾਣੀ ਇਕੱਤਰ ਕਰਕੇ, ਉਸ ਵਿੱਚ ਆਪਣੀ ਬਾਣੀ, ਬਹੁਤ ਸਾਰੇ ਹਿੰਦੂ ਸੰਤਾਂ ਭਗਤਾਂ, ਮੁਸਲਮਾਨ ਫ਼ਕੀਰਾਂ ਦੀ ਬਾਣੀ ਨੂੰ ਜੋੜ ਕੇ ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕੀਤੀ। ਇਹ ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ 1604 ਈਸਵੀ ਵਿੱਚ ਉਨ੍ਹਾਂ ਨੇ ਸ਼੍ਰੀ ਹਰਿਮੰਦਰ ਸਹਿਬ ਵਿੱਚ ਸਥਾਪਿਤ ਕੀਤਾ।

ਇੱਥੇ ਇਸ ਆਦ ਗ੍ਰੰਥ ਦੇ ਸ਼ਬਦਾਂ ਦਾ ਕੀਰਤਨ ਕਰਵਾਉਣਾ ਸ਼ੁਰੂ ਕਰਵਾਇਆ। ਇਸ ਤਰ੍ਹਾਂ ਸ਼੍ਰੀ ਹਰਿਮੰਦਰ ਸਾਹਿਬ ਨੂੰ ਸਿੱਖੀ ਦਾ ਧਾਰਮਿਕ ਕੇਂਦਰ ਬਣਾ ਦਿੱਤਾ। ਸਿੱਖ ਸੰਗਤਾਂ ਇਸ ਧਾਰਮਿਕ ਅਸਥਾਨ ਉਤੇ ਇੱਕਤਰ ਹੋਣੀਆਂ ਸ਼ੁਰੂ ਹੋ ਗਈਆਂ। ਇਸ ਵੇਲੇ ਭਾਰਤ ਉਤੇ ਮੁਗ਼ਲਾਂ ਦਾ ਰਾਜ ਸੀ ਅਤੇ ਬਾਦਸ਼ਾਹ ਅਕਬਰ ਦਿੱਲੀ ਦੇ ਤਖ਼ਤ ਉਤੇ ਬਿਰਾਜਮਾਨ ਸੀ। ਗੁਰੂ ਅਮਰ ਦਾਸ ਜੀ ਦੇ ਵੇਲੇ ਤੋਂ ਹੀ ਅਕਬਰ ਦਾ ਸਿੱਖ ਗੁਰਗੱਦੀ ਪ੍ਰਤੀ ਸਨੁਮਾਨ ਸੀ। ਇਸ ਸਮੇਂ ਪੰਜਾਬ ਵਿੱਚ ਇੱਕ ਭਿਆਨਿਕ ਕੁਦਰਤੀ ਆਫਿਤ ਵਾਪਰੀ।

ਭਾਰੀ ਔੜ ਦੀ ਮਾਰ ਨੇ ਪੰਜਾਬ ਦੇ ਕਿਸਾਨਾਂ ਦੀਆਂ ਫਸਲਾਂ ਤਬਾਹ ਕਰਕੇ ਰੱਖ ਦਿੱਤੀਆਂ ਸਨ। ਗੁਰੂ ਜੀ ਨੇ ਓਸ ਵਾਰ ਅਕਬਰ ਤੋਂ ਪੰਜਾਬ ਦੇ ਕਿਸਾਨਾਂ ਦਾ ਮਾਲੀਆ ਮੁਆਫ ਕਰਵਾ ਦਿੱਤਾ, ਜਿਸ ਨਾਲ ਗੁਰੂ ਜੀ ਦਾ ਜੱਟ ਭਾਈਚਾਰੇ ਵਿੱਚ ਸਤਿਕਾਰ ਵਧ ਗਿਆ। ਜੱਟ ਤੇ ਹੋਰ ਲੋਕ ਧੜਾ ਧੜ ਸਿੱਖ ਸੱਜਣੇ ਸ਼ੁਰੂ ਹੋ ਗਏ। ਦਿਨੋਂ ਦਿਨ ਸਿੱਖਾਂ ਦੀ ਗਿਣਤੀ ਵਿੱਚ ਚੋਖਾ ਵਾਧਾ ਹੋ ਗਿਆ।

ਗੁਰੂ ਜੀ ਦਾ ਵਧਦਾ ਪ੍ਰਭਾਵ ਵਿਰੋਧੀਆਂ ਨੂੰ ਕਿਸ ਤਰ੍ਹਾਂ ਗਵਾਰਾ ਹੋ ਸਕਦਾ ਸੀ। ਉਨ੍ਹਾਂ ਨੇ ਵੀ ਆਪਣੀਆਂ ਚਾਲਾਂ ਤੇਜ਼ ਕਰ ਦਿੱਤੀਆਂ। ਅਕਬਰ ਦੀ 17 ਅਕਤੂਬਰ 1605 ਨੂੰ ਮੌਤ ਹੋ ਗਈ। ਉਸ ਤੋਂ ਬਾਅਦ ਉਸਦਾ ਪੁੱਤਰ ਜਹਾਂਗੀਰ ਗੱਦੀ ਉਤੇ ਬੈਠਾ। ਜਹਾਂਗੀਰ ਢਿੱਲਾ, ਸਨਕੀ ਅਤੇ ਐਸ਼ ਪ੍ਰਸਤ ਰਾਜਾ ਸੀ।ਉਸਨੇ ਆਪਣੀਆਂ ਬਹੁਤ ਸਾਰੀਆਂ ਪ੍ਰਬੰਧਕੀ ਜ਼ਿੰਮੇਂਵਾਰੀਆਂ ਦੂਸਰਿਆਂ ਉਤੇ ਪਾ ਦਿੱਤੀਆਂ ਅਤੇ ਮੁਸਲਿਮ ਇਮਾਮਾਂ ਨੂੰ ਖੁਸ਼ ਕਰਨਾ ਸ਼ੁਰੂ ਕਰ ਦਿੱਤਾ। ਜਹਾਂਗੀਰ ਦਾ ਪੁੱਤਰ ਖੁਸਰੋ ਬਾਗੀ ਹੋ ਗਿਆ ਸੀ। ਇਨ੍ਹਾਂ ਦਿਨਾਂ ਵਿੱਚ ਗੁਰੂ ਜੀ ਦਾ ਵਾਸ ਗੋਇੰਦਵਾਲ ਵਿਖੇ ਸੀ। ਖੁਸਰੋ ਇਧਰੋਂ ਦੀ ਲੰਘ ਰਿਹਾ ਸੀ ਕਿ ਅਸ਼ੀਰਵਾਦ ਲੈਣ ਵਾਸਤੇ ਗੁਰੂ ਜੀ ਦੇ ਦਰਬਾਰ ਵਿੱਚ ਆਇਆ। ਜਿਵੇਂ ਰਵਾਇਤ ਹੈ ਕਿ ਗੁਰੂ ਨਾਨਕ ਦੇ ਦਰਬਾਰ ਤੋਂ ਕਿਸੇ ਨੂੰ ਖਾਲੀ ਨਹੀਂ ਮੋੜਿਆ ਜਾਂਦਾ, ਗੁਰੂ ਜੀ ਨੇ ਉਸਨੂੰ ਆਪਣਾ ਅਸ਼ੀਰਵਾਦ ਦਿੱਤਾ। ਇਹ ਗੱਲ ਜਹਾਂਗੀਰ ਦੇ ਦਰਬਾਰ ਤੱਕ ਪੁੱਜ ਗਈ। ਗੁਰੂ ਜੀ ਦੇ ਵਿਰੋਧੀਆਂ ਨੇ ਜਹਾਂਗੀਰ ਦੇ ਕੰਨ ਗੁਰੂ ਜੀ ਵਿਰੁੱਧ ਪਹਿਲਾਂ ਹੀ ਬੜੇ ਭਰੇ ਹੋਏ ਸਨ। ਜਹਾਂਗੀਰ ਦੇ ਮਨ ਵਿੱਚ ਗੁਰੂ ਜੀ ਪ੍ਰਤੀ ਨਫਰਤ ਪੈਦਾ ਕੀਤੀ ਹੋਈ ਸੀ। ਜਹਾਂਗੀਰ ਜਦ ਲਹੌਰ ਆਇਆ ਤਾਂ ਉਸਨੇ ਸਨੇਹਾ ਭੇਜਕੇ ਗੁਰੂ ਜੀ ਨੂੰ ਆਦਿ ਗ੍ਰੰਥ ਵਿੱਚੋਂ ਮੁਸਲਮਾਨਾਂ ਤੇ ਹਿੰਦੂਆਂ ਪ੍ਰਤੀ ਸਾਰੇ ਜ਼ਿਕਰਾਂ ਨੂੰ ਕੱਢਣ ਲਈ ਕਿਹਾ।

ਗੁਰੂ ਜੀ ਨੇ ਬੜੀ ਹਲੀਮੀ ਨਾਲ ਜਵਾਬ ਦਿੱਤਾ ਕਿ ਇਹ ਧੁਰ ਕੀ ਬਾਣੀ ਹੈ। ਮੈਂ ਇਸ ਵਿੱਚ ਕੋਈ ਵਾਧਾ ਘਾਟਾ ਨਹੀਂ ਕਰ ਸਕਦਾ। ਜਹਾਂਗੀਰ ਇਸਤੇ ਲਾਲ ਪੀਲਾ ਹੋ ਗਿਆ। ਉਹ ਤਾਂ ਪਹਿਲਾਂ ਹੀ ਗੁਰੂ ਜੀ ਦੇ ਇਸ ਦਰਬਾਰ ਨੂੰ ਬੰਦ ਕਰਾਉਣ ਦੀ ਸੋਚੀ ਬੈਠਾ ਸੀ। ਇਸ ਨਾਲ ਉਸਨੂੰ ਗੁਰੂ ਜੀ ਵਿਰੁੱਧ ਕਾਰਵਾਈ ਕਰਨ ਦਾ ਮੌਕਾ ਮਿਲ ਗਿਆ। ਜਹਾਂਗੀਰ ਆਪਣੀ ਲਿਖੀ ਡਾਇਰੀ, 'ਤੁਝਕੇ-ਜਹਾਂਗੀਰੀ' ਵਿੱਚ ਲਿਖਦਾ ਹੈ:

“ਗੋਇੰਦਵਾਲ, ਜੋ ਕਿ ਬਿਆਸ ਦਰਿਆ ਦੇ ਕੰਢੇ ਉਤੇ ਸਥਿੱਤ ਹੈ, ਵਿੱਚ ਇੱਕ ਹਿੰਦੂ, ਜਿਸਦਾ ਨਾਂ ਅਰਜੁਨ ਹੈ, ਰਹਿੰਦਾ ਹੈ। ਉਸਨੇ ਸੰਤਾਂ ਅਤੇ ਪਵਿੱਤਰਤਾ ਵਾਲਾ ਚੋਲਾ ਪਹਿਨਿਆ ਹੋਇਆ ਹੈ। ਉਸਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਤੇ ਇਸਲਾਮ ਦੇ ਕਈ ਨਿਧਾਨ ਅਤੇ ਮੂਰਖ ਪੈਰੋਕਾਰਾਂ ਨੂੰ ਆਪਣੀ ਪਕੜ ਵਿੱਚ ਲਿਆ ਹੋਇਆ ਹੈ। ਉਹ ਸਾਰੇ ਉਸਦੀ ਪਵਿੱਤਰਤਾ ਦਾ ਢੰਡੋਰਾ ਪਿੱਟ ਰਹੇ ਹਨ। ਉਹ ਉਸਨੂੰ ਗੁਰੂ ਆਖਦੇ ਹਨ। ਸਭ ਪਾਸਿਆਂ ਤੋਂ ਮੂਰਖ ਲੋਕ ਉਸ ਵਿੱਚ ਆਪਣਾ ਵਿਸ਼ਵਾਸ ਦਿਖਾਉਣ ਅਤੇ ਉਸਦੀ ਪੂਜਾ ਕਰਨ ਲਈ ਇਕੱਤਰ ਹੁੰਦੇ ਹਨ। ਅਧਿਆਮਿਕ ਵਾਰਿਸਾਂ ਦੀ ਤਿੰਨ ਚਾਰ ਪੀੜ੍ਹੀਆਂ ਤੋਂ ਚਲੀ ਆ ਰਹੀ ਇਸ ਦੁਕਾਨ ਨੂੰ ਉਸਨੇ ਚਾਲੂ ਰੱਖਿਆ ਹੋਇਆ ਹੈ। ਕਈ ਵਾਰ ਮੇਰੇ ਮਨ ਵਿੱਚ ਆਇਆ ਕਿ ਇਸ ਦੁਕਾਨ ਨੂੰ ਬੰਦ ਕਰਵਾ ਦਿਆਂ ਜਾਂ ਇਸਨੂੰ ਇਸਲਾਮ ਮੱਤ ਵਿੱਚ ਲੈ ਆਵਾਂ।” ਜਹਾਂਗੀਰ ਨੇ ਗੁਰੂ ਜੀ ਨੂੰ ਜੇਲ ਵਿੱਚ ਬੰਦ ਕਰ ਦਿੱਤਾ।

ਗੁਰੂ ਜੀ ਨੂੰ ਬੜੇ ਤਸੀਹੇ ਦਿੱਤੇ ਗਏ। ਤਪਦੀ ਲੋਹ ਉਤੇ ਬਿਠਾ ਕੇ ਗੁਰੂ ਜੀ ਦੇ ਨੰਗੇ ਬਦਨ ਉਤੇ ਸੜਦੀ ਹੋਈ ਰੇਤ ਪਾਈ ਗਈ। ਉਬਲਦੇ ਪਾਣੀ ਦੀ ਦੇਗ ਵਿੱਚ ਗੁਰੂ ਜੀ ਨੂੰ ਬਿਠਾਇਆ ਗਿਆ। ਗੁਰੂ ਜੀ ਦਾ ਸਰੀਰ ਅਣਮਨੁੱਖੀ ਤਸੀਹਿਆਂ ਨਾਲ ਬਹੁਤ ਸਾਰਾ ਜਲ ਚੁੱਕਾ ਸੀ। ਗੁਰੂ ਜੀ ਨੇ ਰਾਵੀ ਦਰਿਆ ਦੇ ਠੰਡੇ ਪਾਣੀ ਵਿੱਚ ਇਸ਼ਨਾਨ ਕਰਨ ਦੀ ਇੱਛਾ ਪ੍ਰਗਟ ਕੀਤੀ। ਹਾਕਮਾਂ ਨੇ ਇੱਛਾ ਮੰਨ ਲਈ। ਉਨ੍ਹਾਂ ਦੀ ਸੋਚ ਸੀ ਕਿ ਸੜੇ ਜ਼ਖ਼ਮਾਂ ਉਤੇ ਠੰਡੇ ਪਾਣੀ ਨਾਲ ਇਸਨੂੰ ਹੋਰ ਵੀ ਤਕਲੀਫ ਹੋਵੇਗੀ। ਗੁਰੂ ਜੀ ਨੂੰ ਰਾਵੀ ਦਰਿਆ ਉਤੇ ਲਿਆਂਦਾ ਗਿਆ। ਗੁਰੂ ਜੀ ਨੇ ਰਾਵੀ ਦਰਿਆ ਦੇ ਪਾਣੀ ਵਿੱਚ ਅਜਿਹੀ ਟੁੱਭੀ ਲਗਾਈ ਕਿ ਮੁੜ ਉਪਰ ਨਹੀਂ ਆਏ। ਨਾ ਉਨ੍ਹਾਂ ਦਾ ਮ੍ਰਿਤਕ ਸਰੀਰ ਹੀ ਲੱਭਿਆ। ਇਸ ਤਰ੍ਹਾਂ ਗੁਰੂ ਜੀ 30 ਮਈ 1606 ਈਸਵੀ ਨੂੰ ਜੋਤੀ ਜੋਤ ਸਮਾ ਗਏ। ਇੱਥੋਂ ਹੀ ਸਿੱਖਾਂ ਦੀਆਂ ਸ਼ਹੀਦੀਆਂ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ। ਗੁਰੂ ਅਰਜੁਨ ਦੇਵ ਜੀ ਸਿੱਖ ਧਰਮ ਦੇ ਪਹਿਲੇ ਸਿੱਖ ਸ਼ਹੀਦ ਹੋਏ ਹਨ। ਉਨ੍ਹਾਂ ਨੂੰ ਸ਼ਹੀਦਾਂ ਦੇ ਸਰਤਾਜ ਕਿਹਾ ਜਾਂਦਾ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਅਮਰੀਕਾ ਵਿਚ ਮਾਲ ਗੱਡੀ ਪੱਟੜੀ ਤੋਂ ਲੱਥੀ, ਦੋ ਡੱਬੇ ਦਰਿਆ ਵਿਚ ਡੁੱਬੇ



**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਰਾਜ ਵਿਸਕਾਨਸਿਨ ਦੇ ਦੱਖਣ ਪੱਛਮ ਵਿਚ ਇਕ ਮਾਲ ਗੱਡੀ ਪੱਟੜੀ ਤੋਂ ਉਤਰ ਗਈ ਤੇ ਉਸ ਦੇ ਦੋ ਡੱਬੇ ਮਿਸੀਸਿਪੀ ਦਰਿਆ ਵਿਚ ਜਾ ਡਿੱਗੇ। ਗੱਡੀ ਦੇ ਆਪਰੇਟਰ ਅਨੁਸਾਰ ਅਮਲੇ ਦੇ ਇਕ ਮੈਂਬਰ ਨੂੰ ਸੱਟਾਂ ਲੱਗੀਆਂ ਹਨ ਜਿਸ ਨੂੰ ਡਾਕਟਰੀ ਸਹਾਇਤਾ ਦਿੱਤੀ ਗਈ ਹੈ। ਬੀ ਐਨ ਐਸ ਐਫ ਰੇਲਵੇ ਅਨੁਸਾਰ ਗੱਡੀ ਡੀ ਸੋਟੋ ਪਿੰਡ ਨੇੜੇ ਸਥਾਨਕ ਸਮੇ ਅਨੁਸਾਰ ਦੁਪਹਿਰ 12|15 ਵਜੇ ਦੇ ਆਸ ਪਾਸ ਪੱਟੜੀ ਤੋਂ ਉਤਰੀ। ਕੋਈ ਦਰਜਨ ਦੇ ਕਰੀਬ ਕੰਟੇਨਰ ਪੱਟੜੀ ਤੋਂ ਉਤਰੇ ਹਨ। ਰੇਲਵੇ ਨੇ ਕਿਹਾ ਹੈ ਕਿ ਹਾਦਸੇ ਦੇ ਕਾਰਨ ਦੀ ਜਾਂਚ ਕੀਤੀ ਜਾ ਰਹੀ ਹੈ। ਕਰਾਅਫੋਰਡ ਕਾਊਂਟੀ ਐਮਰਜੈਂਸੀ ਮੈਨੇਜਮੈਂਟ ਮਾਹਿਰ ਮਾਰਕ ਮਾਈਹਰ ਅਨੁਸਾਰ ਗੱਡੀ ਖਤਰਨਾਕ ਸਮੱਗਰੀ ਲਿਜਾ ਰਹੀ ਸੀ ਪਰੰਤੂ ਜੋ ਕੰਟੇਨਰ ਦਰਿਆ ਵਿਚ ਡਿੱਗੇ ਹਨ, ਉਨਾਂ ਵਿਚ ਖਤਰਨਾਕ ਸਮੱਗਰੀ ਨਹੀਂ ਹੈ।

# ਅਮਰੀਕੀ ਦੇ ਦੱਖਣੀ ਕੈਰੋਲੀਨਾ ਰਾਜ ਵਿਚ ਵਿਆਹ ਦੇ 5 ਘੰਟੇ ਬਾਅਦ ਸੜਕ ਹਾਦਸੇ ਵਿਚ ਲਾੜੀ ਦੀ ਮੌਤ





**ਸੈਕਰਾਮੈਂਟੋ, ਕੈਲੀਫੋਰ-ਨੀਆ–** ਅਮਰੀਕਾ ਦੇ ਦੱਖਣੀ ਕੈਰੋਲੀਨਾ ਰਾਜ ਵਿਚ ਫੋਲੀ ਬੀਚ ਵਿਖੇ ਵਿਆਹ ਦੇ 5 ਘੰਟੇ ਬਾਅਦ ਹੋਏ ਇਕ ਭਿਆਨਕ ਸੜਕ ਹਾਦਸੇ ਵਿਚ 34 ਸਾਲਾ ਲਾੜੀ ਦੀ ਮੌਤ ਹੋਣ ਜਦ ਕਿ ਉਸ ਦੇ ਪਤੀ ਸਮੇਤ ਦੋ ਹੋਰਨਾਂ ਦੇ ਗੰਭੀਰ ਰੂਪ ਵਿਚ ਜ਼ਖਮੀ ਹੋ ਜਾਣ ਦੀ ਖਬਰ ਹੈ। ਰਾਤ ਵੇਲੇ ਵਾਪਰੇ ਹਾਦਸੇ ਵਿਚ ਵਿਆਹ ਦੀ ਪਾਰਟੀ ਤੋਂ ਬਾਅਦ ਲਾੜੀ ਸਮੰਤਾ ਮਿਲਰ ਆਪਣੇ ਪਤੀ ਐਰਿਕ ਹੂਚਿਨਸਨ ਸਮੇਤ ਦੋ ਹੋਰਨਾਂ ਨਾਲ ਗੋਲਫ਼ ਕਾਰਟ ਕਿਸਮ ਦੇ ਵਾਹਣ ਵਿਚ ਜਾ ਰਹੀ ਸੀ ਜਦੋਂ ਇਕ ਤੇਜ ਰਫਤਾਰ ਕਾਰ ਨੇ ਉਨਾਂ ਵਿਚ ਜੋਰਦਾਰ ਟੱਕਰ ਮਾਰ ਦਿੱਤੀ ਜਿਸ ਦੇ ਸਿੱਟੇ ਵਜੋਂ ਉਨਾਂ ਦੀ ਠੇਲਾ ਗੱਡੀ ਕਈ ਪਲਟੀਆਂ ਖਾ ਗਈ। ਫੋਲੀ ਬੀਚ ਦੇ ਚੀਫ ਗਿਲਰੀਥ ਪਬਲਿਕ ਸੇਫਟੀ ਡਾਇਰੈਕਟਰ ਅਨੁਸਾਰ 3 ਜ਼ਖਮੀਆਂ ਵਿਚੋਂ ਦੋ ਦੀ ਹਾਲਤ ਗੰਭੀਰ ਹੈ ਜਿਨਾਂ ਵਿਚ ਮਿਲਰ ਦਾ ਪਤੀ ਵੀ ਸ਼ਾਮਿਲ ਹੈ। ਗਿਲਰੀਥ ਨੇ ਕਿਹਾ ਹੈ ਕਿ ਠੇਲਾ ਗੱਡੀ ਜੋ ਪੂਰੀ ਤਰਾਂ ਸਜਾਈ ਹੋਈ ਸੀ, ਬੁਰੀ ਤਰਾਂ ਨੁਕਸਾਨੀ ਗਈ। ਮੌਕੇ ਤੇ ਪੁੱਜੇ ਸਿਹਤ ਕਾਮਿਆਂ ਨੇ ਮਿਲਰ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਪਰੰਤੂ ਉਹ ਦਮ ਤੋੜ ਕਈ। ਸ਼ੱਕੀ ਮਹਿਲਾ ਡਰਾਈਵਰ 25 ਸਾਲਾ ਜੈਮੀ ਲੀ ਕੋਮੋਰੋਸਕੀ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ। ਗਿਲਰੀਥ ਅਨੁਸਾਰ ਹਾਦਸੇ ਸਮੇ ਉਹ 25 ਮੀਲ ਰਫ਼ਤਾਰ ਵਾਲੇ ਜੋਨ ਵਿਚ 65 ਮੀਲ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਕਾਰ ਚਲਾ ਰਹੀ ਸੀ। ਪੁਲਿਸ ਦਾ ਕਹਿਣਾ ਹੈ ਕਿ ਹਾਦਸੇ ਵੇਲੇ ਕਥਿੱਤ ਤੌਰ ਤੇ ਜੈਮੀ ਨਸ਼ੇ ਵਿਚ ਸੀ।

# ਅਮਰੀਕਾ ਦੇ ਟੈਕਸਾਸ ਰਾਜ ਵਿਚ ਇਕ ਵਿਅਕਤੀ ਨੇ ਬੱਚੇ ਤੇ 2 ਔਰਤਾਂ ਸਮੇਤ 5 ਦੀ ਗੋਲੀਆਂ ਮਾਰ ਕੇ ਕੀਤੀ ਹੱਤਿਆ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਟੈਕਸਾਸ ਰਾਜ ਵਿਚ ਕਲੈਵਲੈਂਡ ਵਿਖੇ ਇਕ ਵਿਅਕਤੀ ਵੱਲੋਂ ਮਾਮੂਲੀ ਗੱਲ ਨੂੰ ਲੈ ਕੇ ਗੋਲੀਆਂ ਮਾਰ ਕੇ ਇਕ 8 ਸਾਲ ਦੇ ਬੱਚੇ ਤੇ 2 ਔਰਤਾਂ ਸਮੇਤ 5 ਵਿਅਕਤੀਆਂ ਦੀ ਹੱਤਿਆ ਕਰ ਦੇਣ ਦੀ ਰਿਪੋਰਟ ਹੈ। ਸੈਨ ਜਸਿੰਟੋ ਕਾਊਂਟੀ ਸ਼ੈਰਿਫ ਗਰੇਗ ਕੈਪਰਜ ਅਨੁਸਾਰ ਇਹ ਘਟਨਾ ਉਸ ਵੇਲੇ ਵਾਪਰੀ ਜਦੋਂ ਇਕ ਵਿਅਕਤੀ ਜੋ ਆਪਣੇ ਵੇਹੜੇ ਵਿਚ ਰਾਈਫ਼ਲ ਨਾਲ ਗੋਲੀਆਂ ਚਲਾ ਰਿਹਾ ਸੀ, ਨੂੰ ਗਵਾਂਢੀਆਂ ਨੇ ਕਿਹਾ ਕਿ ਉਹ ਅਜਿਹਾ ਨਾ ਕਰੇ ਕਿਉਂਕਿ ਇਕ ਬੱਚਾ ਸੌਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ 'ਤੇ ਉਹ ਸ਼ੱਕੀ ਵਿਅਕਤੀ ਭੜਕ ਉਠਿਆ ਤੇ ਉਸ ਨੇ ਗਵਾਂਢੀਆਂ ਉਪਰ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਹ ਘਟਨਾ ਸਥਾਨਕ ਸਮੇ ਅਨੁਸਾਰ ਬੀਤੀ ਰਾਤ 11,30 ਵਜੇ ਦੇ ਆਸ ਪਾਸ ਵਾਪਰੀ। ਮ੍ਰਿਤਕ ਇਕ ਹੀ ਪਰਵਾਰ ਦੇ ਮੈਂਬਰ ਦਸੇ ਜਾ ਰਹੇ ਹਨ। ਸ਼ੈਰਿਫ ਨੇ ਕਿਹਾ ਕਿ ਪੀੜਤ ਪਰਿਵਾਰ ਨੇ ਗਵਾਂਢੀ ਦੇ ਘਰ ਦੀ ਵਾੜ ਨੇੜੇ ਆ ਕੇ ਉਸ ਨੂੰ ਗੋਲੀਆਂ ਨਾ ਚਲਾਉਣ ਦੀ ਬੇਨਤੀ ਕੀਤੀ। ਇਸ 'ਤੇ ਸ਼ੱਕੀ ਵਿਅਕਤੀ ਜਿਸ ਨੇ ਸ਼ਰਾਬ ਪੀਤੀ ਹੋਈ ਸੀ, ਨੇ ਕਿਹਾ ਕਿ ਉਹ ਆਪਣੇ ਵੇਹੜੇ ਵਿਚ ਜੋ ਮਰਜੀ ਕਰੇ। ਕੈਪਰਜ ਅਨੁਸਾਰ ਦੋ ਔਰਤਾਂ ਆਪਣੇ ਬੈ-ਡਰੂਮ ਵਿਚ ਆਪਣੇ ਛੋਟੇ ਬੱਚਿਆਂ ਨੂੰ ਬਚਾਉਂਦੀਆਂ ਹੋਈਆਂ ਮਾਰੀਆਂ ਗਈਆਂ। ਸ਼ਕੀ ਨੇ ਬਹੁਤ ਨੇੜੇ ਆ ਕੇ ਗਰਦਨ ਤੋਂ ਉਪਰ ਗੋਲੀਆਂ ਮਾਰੀਆਂ। ਸ਼ੱਕੀ ਜੋ ਫਰਾਰ ਹੈ, ਦੀ ਪੁਲਿਸ ਤੇਜੀ ਨਾਲ ਭਾਲ ਕਰ ਰਹੀ ਹੈ।

# ਅਬਰਾਹਮ ਲਿੰਕਨ ਦੇ ਹੱਤਿਆਰੇ ਨੂੰ ਫੜਨ ਲਈ ਜਾਰੀ ਕੀਤਾ ਇਨਾਮ ਵਾਲਾ ਪੋਸਟਰ ਡੇਢ ਲੱਖ ਡਾਲਰ ਤੋਂ ਵਧ ਵਿੱਚ ਵਿਕਿਆ




**ਸੈਕਰਾਮੈਂਟੋ, ਕੈਲੀਫੋਰਨੀਆ–** 1865 ਵਿਚ ਅਮਰੀਕਾ ਦੇ ਤਤਕਾਲ ਰਾਸ਼ਟਰਪਤੀ ਅਬਰਾਹਮ ਲਿੰਕਨ ਦੀ ਹੱਤਿਆ ਲਈ ਜਿੰਮੇਵਾਰ ਵਿਅਕਤੀ ਦੀ ਗ੍ਰਿਫ਼ਤਾਰੀ ਲਈ ਰੱਖੇ ਇਨਾਮ ਵਾਲਾ ਪੋਸਟਰ ਇਕ ਨਿਲਾਮੀ ਦੌਰਾਨ 1,66,375 ਡਾਲਰ ਵਿਚ ਵਿਕਿਆ ਹੈ। ਇਹ ਪੋਸਟਰ 20 ਅਪ੍ਰੈਲ,1865 ਨੂੰ ਜਾਰੀ ਕੀਤਾ ਗਿਆ ਸੀ ਜਿਸ ਵਿਚ ਜੌਹਨ ਵਿਲਕਸ ਬੂਥ ਤੇ ਉਸ ਦੇ 2 ਸਾਥੀਆਂ ਦੀ ਗ੍ਰਿਫ਼ਤਾਰੀ ਲਈ ਸੂਚਨਾ ਦੇਣ ਵਾਲੇ ਨੂੰ ਇਕ ਲੱਖ ਡਾਲਰ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਸੀ। ਬੂਥ ਨੇ 14 ਅਪ੍ਰੈਲ,1865 ਨੂੰ ਵਾਸ਼ਿੰਗਟਨ, ਡੀ ਸੀ ਵਿਚ ਫੋਰਡਸ ਥੀਏਟਰ ਵਿਖੇ ਅਬਰਾਹਮ ਲਿੰਕਨ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਨੇਟ ਡੀ ਸੈਂਡਰਜ ਆਕਸ਼ਨਜ ਜਿਸ ਨੇ ਇਸ ਪੋਸਟਰ ਨੂੰ ਨਿਲਾਮ ਕੀਤਾ, ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਇਸ ਵਿਸ਼ੇਸ਼ ਪੋਸਟਰ ਦੀ ਨਿਲਾਮੀ ਇਕ ਲੱਖ ਡਾਲਰ ਤੋਂ ਸ਼ੁਰੂ ਹੋਈ।

# ਅਮਰੀਕੀ ਯੂਨੀਵਰਸਿਟੀ ਦੇ ਵਿਦਿਆਰਥੀ 'ਤੇ ਹਮਲਾ ਤੇ ਨਸਲੀ ਟਿੱਪਣੀਆਂ ਕਰਨ ਦੇ ਮਾਮਲੇ ਵਿਚ 4 ਗ੍ਰਿਫ਼ਤਾਰ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਪੈਨਸਿਲਵਾਨੀਆ ਰਾਜ ਵਿਚ ਸਥਿੱਤ ਲੀਹਾਈ ਯੁਨੀਵਰਸਿਟੀ ਦੇ ਇਕ ਕਾਲੇ ਵਿਦਿਆਰਥੀ 'ਤੇ ਕਥਿੱਤ ਤੌਰ 'ਤੇ ਹਮਲਾ ਕਰਨ ਤੇ ਨਸਲੀ ਟਿੱਪਣੀਆਂ ਕਰਨ ਦੇ ਮਾਮਲੇ ਵਿਚ 4 ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਦੀ ਰਿਪੋਰਟ ਹੈ। ਨਾਰਥੈਂਪਟਨ ਕਾਊਂਟੀ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਅਨੁਸਾਰ ਗ੍ਰਿਫਤਾਰ ਵਿਅਕਤੀਆਂ ਵਿਚ ਬਰੈਡਨ ਜੌਹਨ (22), ਮਿਸ਼ੈਲ ਰੋਸਟਾ (21), ਨਾਬਿਲ ਜਮੀਲ (22) ਤੇ ਕੈਮਰਨ ਗਰਾਫ (22) ਸ਼ਾਮਿਲ ਹਨ। ਇਨਾਂ ਵਿਰੁੱਧ ਵੱਖ ਵੱਖ ਦੋਸ਼ ਆਇਦ ਕੀਤੇ ਗਏ ਹਨ ਜਿਨਾਂ ਵਿਚ ਹਮਲਾ ਕਰਨ, ਲੁੱਟਮਾਰ ਤੇ ਪ੍ਰੇਸ਼ਾਨ ਕਰਨ ਵਰਗੇ ਦੋਸ਼ ਸ਼ਾਮਿਲ ਹਨ। ਡਿਸਟ੍ਰਿਕਟ ਅਟਾਰਨੀ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਇਨਾਂ ਚਾਰਾਂ ਦਾ ਯੁਨੀਵਰਸਿਟੀ ਨਾਲ ਕੋਈ ਸਬੰਧ ਨਹੀਂ ਹੈ। ਡਿਸਟ੍ਰਿਕਟ ਅਟਾਰਨੀ ਟੈਰੀ ਹੌਕ ਨੇ ਕਿਹਾ ਹੈ ਕਿ ਨਾਰਥੈਂਪਟਨ ਕਾਊਂਟੀ ਵਿਚ ਇਸ ਕਿਸਮ ਦੇ ਭੱਦੇ ਵਿਵਹਾਰ ਲਈ ਕੋਈ ਜਗਾ ਨਹੀਂ ਹੈ ਤੇ ਅਜਿਹੇ ਮਾਮਲਿਆਂ ਵਿਚ ਸ਼ਾਮਿਲ ਵਿਅਕਤੀਆਂ ਨੂੰ ਸਿੱਟੇ ਭੁਗਤਣੇ ਪੈਣਗੇ। ਉਨਾਂ ਕਿਹਾ ਕਿ ਯੁਨੀਵਰਸਿਟੀ ਕੈਂਪਸ ਵਿਚ ਵਿਦਿਆਰਥੀਆਂ ਨੂੰ ਸੁਰੱਖਿਅਤ ਮਹਿਸੂਸ ਕਰਨ ਦਾ ਅਧਿਕਾਰ ਹੈ।

# ਅਮਰੀਕੀ ਫੌਜ ਦੇ ਦੋ ਹੈਲੀਕਾਪਟਰ ਆਪਸ ਵਿਚ ਟਕਰਾਏ, 3 ਫੌਜੀਆਂ ਦੀ ਮੌਤ 1 ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਅਲਾਸਕਾ ਰਾਜ ਵਿਚ ਇਕ ਸਿਖਲਾਈ ਉਡਾਣ ਦੌਰਾਨ ਅੱਧ ਅਸਮਾਨ ਵਿਚ ਅਮਰੀਕੀ ਫੌਜ ਦੇ ਦੋ ਏ ਐਚ-64 ਅਪਾਚੇ ਹੈਲੀਕਾਪਟਰ ਆਪਸ ਵਿਚ ਟਕਰਾਉਣ ਦੇ ਸਿੱਟੇ ਵਜੋਂ 3 ਫੌਜੀਆਂ ਦੀ ਮੌਤ ਹੋਣ ਤੇ ਇਕ ਹੋਰ ਦੇ ਜ਼ਖਮੀ ਹੋਣ ਦੀ ਖਬਰ ਹੈ। ਯੂ ਐਸ ਫੌਜ ਦੀ 11 ਵੀਂ ਏਅਰਬੋਰਨ ਡਵੀਜ਼ਨ ਵੱਲੋਂ ਜਾਰੀ ਬਿਆਨ ਅਨੁਸਾਰ ਦੋ ਫੌਜੀਆਂ ਦੀ ਮੌਕੇ ਉਪਰ ਹੀ ਮੌਤ ਹੋ ਗਈ ਜਦ ਕਿ ਇਕ ਹਸਪਤਾਲ ਨੂੰ ਲਿਜਾਂਦਿਆਂ ਰਸਤੇ ਵਿਚ ਦਮ ਤੋੜ ਗਿਆ। ਇਹ ਹਾਦਸਾ ਫੋਰਟ ਵੇਨਰਾਈਟ ਦੇ ਦੱਖਣ ਵਿਚ ਤਕਰੀਬਨ 100 ਮੀਲ ਦੂਰ ਵਾਪਰਿਆ ਜਿਥੇ ਫਸਟ ਅਟੈਕ ਬਟਾਲੀਅਨ 25ਵੀਂ ਐਵੀਏਸ਼ਨ ਰੈਜਮੈਂਟ ਦਾ ਟਿਕਾਣਾ ਹੈ। 11 ਵੀਂ ਏਅਰਬੋਰਨ ਡਵੀਜਨ ਦੇ ਕਮਾਂਡਿੰਗ ਜਨਰਲ ਮੇਜਰ ਜਨਰਲ ਬਰੀਅਨ ਈਫਲਰ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਫੌਜੀਆਂ ਦਾ ਵਿਛੋੜਾ ਸਬੰਧਤ ਪਰਿਵਾਰਾਂ, ਸਾਥੀ ਫੌਜੀਆਂ ਤੇ ਡਵੀਜਨ ਲਈ ਅਸਹਿ ਹੈ। ਅਸੀਂ ਇਸ ਦੁੱਖ ਦੀ ਘੜੀ ਵਿਚ ਵਿਛੜ ਗਏ ਫੌਜੀਆਂ ਦੇ ਪਰਿਵਾਰਾਂ ਤੇ ਦੋਸਤਾਂ-ਮਿਤਰਾਂ ਦੇ ਨਾਲ ਖੜੇ ਹਾਂ ਤੇ ਫੌਜ ਦੇ ਸੰਭਾਵੀ ਸਾਧਨਾਂ ਨਾਲ ਉਨਾਂ ਦੀ ਮਦਦ ਕਰਾਂਗੇ। ਯੂ ਐਸ ਫੌਜ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਜ਼ਖਮੀ ਫੌਜੀ ਫੇਅਰਬੈਂਕਸ ਮੈਮੋਰੀਅਲ ਹਸਪਤਾਲ ਵਿਚ ਦਾਖਲ ਹੈ ਜਿਥੇ ਉਸ ਦੀ ਹਾਲਤ ਸਥਿੱਰ ਹੈ। ਹਾਦਸੇ ਦੀ ਜਾਂਚ ਆਰਮੀ ਕੰਬਟ ਰੈਡੀਨੈਸ ਸੈਂਟਰ ਟੀਮ ਦੁਆਰਾ ਕੀਤੀ ਜਾਵੇਗੀ।

# ਅਮਰੀਕਾ ਦੇ ਮਿਸ਼ੀਗਨ ਰਾਜ ਵਿਚ 7 ਵੀਂ ਦੇ ਵਿਦਿਆਰਥੀ ਦੀ ਹੁਸ਼ਿਆਰੀ ਸਦਕਾ ਸਕੂਲ ਬੱਸ ਹਾਦਸੇ ਤੋਂ ਬਚੀ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਮਿਸ਼ੀਗਨ ਰਾਜ ਵਿਚ ਇਕ ਸਕੂਲ ਬੱਸ ਦੀ ਡਰਾਈਵਰ ਚਲਦੀ ਬੱਸ ਦੌਰਾਨ ਆਪਣੀ ਹੋਸ਼ ਗਵਾ ਬੈਠੀ ਜਿਸ ਉਪੰਰਤ ਲੋਇਸ ਈ ਕਾਰਟਰ ਸਕੂਲ ਵਾਰਨ ਦੇ 7 ਵੀਂ ਕਲਾਸ ਦੇ ਇਕ ਵਿਦਿਆਰਥੀ ਵੱਲੋਂ ਫੁਰਤੀ ਨਾਲ ਸਟੇਰਿੰਗ ਫੜ ਕੇ ਬੱਸ ਨੂੰ ਸੜਕ ਦੇ ਅੱਧ ਵਿਚਾਲੇ ਸਫਲਤਾ ਪੂਰਵਕ ਰੋਕ ਲੈਣ ਦੀ ਖਬਰ ਹੈ। ਡਿਲਨ ਰੀਵਸ ਨਾਮੀ ਇਸ ਵਿਦਿਆਰਥੀ ਵੱਲੋਂ ਵਿਖਾਈ ਸੂਝਬੂਝ ਤੇ ਦਲੇਰੀ ਦੀ ਸਕੂਲ ਪ੍ਰਸ਼ਾਸਨ ਤੇ ਹੋਰਾਂ ਨੇ ਸ਼ਲਾਘਾ ਕੀਤੀ ਹੈ। ਵਾਰਨ ਕੰਸਾਲੀਡੇਟਿਡ ਸਕੂਲ ਸੁਪਰਡੈਂਟ ਰਾਬਰਟ ਡੀ ਲਿਵਰਨੋਇਸ ਨੇ ਕਿਹਾ ਹੈ ਕਿ ਵਿਦਿਆਰਥੀ ਨੇ ਅਸਧਾਰਨ ਹੌਸਲਾ ਤੇ ਸਿਆਣਪ ਵਿਖਾਈ ਹੈ। ਲਿਵਰਨੋਇਸ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬੱਸ ਡਰਾਈਵਰ ਨੂੰ ਚੱਕਰ ਆਇਆ ਜਿਸ ਉਪਰੰਤ ਉਸ ਨੇ ਬੱਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਹ ਸਫਲ ਨਾ ਹੋ ਸਕੀ। ਰੀਵਸ ਨੇ ਤੇਜੀ ਨਾਲ ਕਾਰਵਾਈ ਕਰਦਿਆਂ ਸਟੇਰਿੰਗ ਨੂੰ ਆਪਣੇ ਨਿਯੰਤਰਣ ਵਿੱਚ ਕਰ ਲਿਆ ਤੇ ਬਰੇਕ ਲਾ ਕੇ ਬੱਸ ਨੂੰ ਰੋਕ ਲਿਆ।

# ਅਮਰੀਕਾ ਵਿਚ ਆਏ ਮਿੱਟੀ ਘਟੇ ਵਾਲੇ ਤੂਫਾਨ ਦੌਰਾਨ ਵਾਪਰੇ ਸੜਕ ਹਾਦਸੇ ਵਿਚ ਕਈ ਵਾਹਣ ਆਪਸ ਵਿਚ ਟਕਰਾਏ



**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਕੇਂਦਰੀ ਇਲੀਨੋਇਸ ਰਾਜ ਵਿਚ ਮਿੱਟੀ ਘਟੇ ਵਾਲੇ ਤੂਫ਼ਾਨ ਦੌਰਾਨ ਪ੍ਰਮੁੱਖ ਹਾਈਵੇਅ 'ਤੇ ਵਾਪਰੇ ਹਾਦਸੇ ਵਿਚ ਕਈ ਵਾਹਣ ਆਪਸ ਵਿਚ ਟਕਰਾਅ ਗਏ ਜਿਸ ਦੇ ਸਿੱਟੇ ਵਜੋਂ 6 ਵਿਅਕਤੀਆਂ ਦੀ ਮੌਤ ਹੋਣ ਤੇ ਕਈ ਹੋਰਨਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਇਲੀਨੋਇਸ ਸਟੇਟ ਪੁਲਿਸ ਦੇ ਮੇਜਰ ਰਿਆਨ ਸਟਾਰਿਕ ਨੇ ਕਿਹਾ ਹੈ ਕਿ 30 ਤੋਂ ਵਧ ਜ਼ਖਮੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਨਾਂ ਵਿਚੋਂ ਕਈ ਗੰਭੀਰ ਹਨ ਤੇ ਕਈਆਂ ਦੇ ਜ਼ਖਮ ਜਾਨ ਲੇਵਾ ਨਹੀਂ ਹਨ। ਉਨਾਂ ਕਿਹਾ ਕਿ ਜ਼ਖਮੀਆਂ ਵਿਚ 2 ਸਾਲ ਤੋਂ ਲੈ ਕੇ 80 ਸਾਲ ਦੇ ਲੋਕ ਸ਼ਾਮਿਲ ਹਨ।

# ਪੰਜਾਬ ਸਰਕਾਰ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਕਰ ਰਹੀ ਹੈ ਉਪਰਾਲੇ: ਬ੍ਰਹਮ ਸ਼ੰਕਰ ਜਿੰਪਾ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਵਿਦਿਆ ਮੰਦਰ ਸੀਨੀਅਰ ਸੈਕੰਡਰੀ ਮਾਡਲ ਸਕੂਲ ਹੁਸ਼ਿਆਰਪੁਰ ਵਿਚ ਜ਼ਿਲ੍ਹਾ ਕਿੱਕ ਬਾਕਸਿੰਗ ਐਸੋਸੀਏਸ਼ਨ ਹੁਸ਼ਿਆਰਪੁਰ ਦੁਆਰਾ ਸੂਬਾ ਪੱਧਰੀ ਪ੍ਰਤੀਯੋਗਤਾ ਵਿਚ ਭਾਗ ਲੈਣ ਲਈ ਸਬ-ਜੂਨੀਅਰ, ਜੂਨੀਅਰ ਅਤੇ ਸੀਨੀਅਰ ਖਿਡਾਰੀਆਂ ਦੀ ਚੋਣ ਲਈ ਟਰਾਇਲ ਆਯੋਜਿਤ ਕੀਤੇ ਗਏ। ਇਸ ਮੌਕੇ ਮੁੱਖ ਮਹਿਮਾਨ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਰਾਜ, ਰਾਸ਼ਟਰੀ ਅਤੇ ਅੰਤਰਾਸ਼ਟਰੀ ਪੱਧਰ ਵਿਚ ਮੈਡਲ ਜੇਤੂ ਖਿਡਾਰੀਆਂ ਨੂੰ ਸਨਮਾਨਿਤ ਵੀ ਕੀਤਾ। ਉਨ੍ਹਾਂ ਖਿਡਾਰੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਲਗਾਤਾਰ ਮਿਹਨਤ ਅਤੇ ਪੂਰੀ ਸਮਰੱਥਾ ਨਾਲ ਪ੍ਰਤੀਯੋਗਤਾ ਵਿਚ ਹਿੱਸਾ ਲੈਣਾ ਚਾਹੀਦਾ ਹੈ, ਇਸ ਨਾਲ ਖੇਡਾਂ ਦੇ ਨਾਲ-ਨਾਲ ਜੀਵਨ ਵਿਚ ਸਫ਼ਲਤਾ ਦੀ ਪ੍ਰਾਪਤੀ ਵੀ ਹੁੰਦੀ ਹੈ। ਉਨ੍ਹਾਂ ਨੌਜਵਾਨ ਵਰਗ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਨੂੰ ਬੜ੍ਹਾਵਾ ਦੇਣ ਲਈ ਹਰ ਸੰਭਵ ਯਤਨ ਕਰ ਰਹੀ ਹੈ।

ਵਿਦਿਆ ਮੰਦਰ ਸੰਸਥਾਨ ਦੇ ਪ੍ਰਧਾਨ ਅਨੁਰਾਗ ਸੂਦ ਨੇ ਖਿਡਾਰੀਆਂ ਅਤੇ ਮੁੱਖ ਮਹਿਮਾਨਾਂ ਦਾ ਸਵਾਗਤ ਕੀਤਾ। ਕਿੱਕ ਬਾਕਸਿੰਗ ਐਸੋਸੀਏਸ਼ਨ ਹੁਸ਼ਿਆਰਪੁਰ ਦੇ ਪ੍ਰਧਾਨ ਹਰਵਿੰਦਰ ਪਠਾਨੀਆ ਅਤੇ ਜਨਰਲ ਸਕੱਤਰ ਤੇ ਜ਼ਿਲ੍ਹਾ ਕੋਚ ਜੋਗੀ ਦੀ ਅਗਵਾਈ ਵਿਚ ਆਯੋਜਿਤ ਉਕਤ ਸਮਾਰੋਹ ਵਿਚ ਮੁੱਖ ਜੱਜ ਮਨਜੋਤ ਲੋਂਗੀਆ ਦੇ ਨਾਲ ਪ੍ਰੀਤੀ, ਕ੍ਰਿਸ਼ਮਾ, ਰੋਸ਼ਨੀ ਤੇ ਗਗਨ ਨੇ ਰੈਫਰੀ ਦੀ ਭੂਮਿਕਾ ਨਿਭਾਈ।

ਇਸ ਦੌਰਾਨ ਟਾਂਡਾ, ਭੋਗਪੁਰ, ਡਵਿਡਾ ਅਹਿਰਾਣਾ, ਗੜ੍ਹਸ਼ੰਕਰ, ਮਨਹੋਤਾ ਤੇ ਹੁਸ਼ਿਆਰਪੁਰ ਤੋਂ ਖਿਡਾਰੀਆਂ ਨੇ ਚੋਣ ਪ੍ਰਕ੍ਰਿਆ ਵਿਚ ਹਿੱਸਾ ਲਿਆ। ਇਸ ਮੌਕੇ ਹੁਸ਼ਿਆਰਪੁਰ ਦੇ ਮੇਅਰ ਸੁਰਿੰਦਰ ਕੁਮਾਰ ਨੇ ਵੀ ਖਿਡਾਰੀਆਂ ਨੂੰ ਉਤਸ਼ਾਹਿਤ ਕੀਤਾ। ਇਸ ਮੌਕੇ ਡਿਪਟੀ ਮੇਅਰ ਪ੍ਰਵੀਨ ਸੈਣੀ, ਕੌਂਸਲਰ ਮੁਖੀ ਰਾਮ, ਅਸ਼ੋਕ ਪਹਿਲਵਾਨ, ਪ੍ਰਿਤਪਾਲ ਸਿੰਘ, ਐਡਵੋਕੇਟ ਅਮਿਤ ਕੁਮਾਰ, ਮਲਕੀਤ ਕੁਮਾਰ, ਰਿਟਾਇਰਡ ਪ੍ਰਿੰਸੀਪਲ ਵਰਿੰਦਰ ਸ਼ਰਮਾ, ਸੰਤੋਸ਼ ਸੈਣੀ, ਸੰਦੀਪ ਸੈਣੀ, ਸੀਨੇਟਰ ਸੰਦੀਪ ਸੀਕਰੀ, ਅਰੁਣ ਅਬਰੋਲ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।

# ਪੰਚਾਇਤੀ ਜ਼ਮੀਨਾਂ ਵਿੱਚ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦਾ ਝੰਡਾ ਲਹਿਰਾ ਕੇ ਸ਼ਹੀਦਾਂ ਨੂੰ ਦਿੱਤੀ ਸ਼ਰਧਾਂਜਲੀ



**ਭਵਾਨੀਗੜ੍ਹ, (ਦਲਜੀਤ ਕੌਰ)** ਮਜ਼ਦੂਰ ਦਿਵਸ ਉਪਰ ਭਵਾਨੀਗੜ ਬਲਾਕ ਦੇ ਮਜ਼ਦੂਰਾਂ ਵੱਲੋਂ ਆਪਣੇ ਹਿੱਸੇ ਦੀਆਂ ਪੰਚਾਇਤੀ ਜ਼ਮੀਨਾਂ ਵਿੱਚ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦਾ ਝੰਡਾ ਲਹਿਰਾ ਕੇ ਸ਼ਹੀਦਾਂ ਨੂੰ ਦਿੱਤੀ ਸ਼ਰਧਾਂਜਲੀ ਅਤੇ ਮਜ਼ਦੂਰ ਵਿਰੋਧੀ ਨੀਤੀਆਂ ਖ਼ਿਲਾਫ਼ ਲੜਨ ਦਾ ਲਿਆ ਅਹਿਦ।

ਇਸ ਮੌਕੇ ਪ੍ਰੈਸ ਦੇ ਨਾਮ ਬਿਆਨ ਜਾਰੀ ਕਰਦਿਆਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜੋਨਲ ਪ੍ਰਧਾਨ ਮੁਕੇਸ਼ ਮਲੌਦ ਅਤੇ ਗੁਰਚਰਨ ਸਿੰਘ ਘਰਾਚੋਂ ਨੇ ਦੱਸਿਆ ਕਿ ਭਵਾਨੀਗੜ੍ਹ ਬਲਾਕ ਦੀ ਖੇਡ ਘਰਾਚੋਂ ਝਨੇੜੀ ਪਟਿਆਲਾ ਅਕਬਰਪੁਰ ਅਤੇ ਕਪਿਆਲ ਦੇ ਐਸੀ ਭਾਈਚਾਰੇ ਵੱਲੋਂ ਸਾਂਝੀ ਖੇਤੀ ਲਈ ਪ੍ਰਾਪਤ ਕੀਤੀਆਂ ਜ਼ਮੀਨਾਂ ਵਿਚ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦਾ ਝੰਡਾ ਲਹਿਰਾ ਕੇ ਮਈ ਦਿਵਸ ਦੇ ਸ਼ਹੀਦਾ ਨੂੰ ਸ਼ਰਧਾਂਜਲੀ ਦਿੰਦਿਆਂ ਪੰਜਾਬ ਅਤੇ ਕੇਂਦਰ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਖ਼ਿਲਾਫ਼ ਲੋਕ ਲਹਿਰ ਉਸਾਰਨ ਦਾ ਅਹਿਦ ਲਿਆ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਜਮੀਨ ਦੀ ਕਾਣੀ ਵੰਡ ਕਾਰਨ ਦਲਿਤ ਭਾਈਚਾਰਾ ਗੁਰਬਤ ਦੀ ਜ਼ਿੰਦਗੀ ਬਸਰ ਕਰਨ ਲਈ ਮਜਬੂਰ ਹੈ। ਉਨ੍ਹਾਂ ਕਿਹਾ ਕਿ ਜਿੱਥੇ ਇੱਕ ਪਾਸੇ ਕੇਂਦਰ ਸਰਕਾਰ ਵੱਲੋਂ ਫੈਕਟਰੀ ਮਜ਼ਦੂਰਾਂ ਦੇ ਹੱਕ ਖੋਹਣ ਲਈ 4 ਲੇਬਰ ਕੋਡ ਲਿਆਂਦੇ ਗਏ ਹਨ ਉਥੇ ਪੰਜਾਬ ਸਰਕਾਰ ਵੱਲੋਂ ਦਲਿਤਾਂ ਦੇ ਹਿੱਸੇ ਦੀਆਂ ਜ਼ਮੀਨਾਂ ਖੋਹਣ ਲਈ ਲੰਮੇ ਸੰਘਰਸ਼ ਤੋਂ ਬਾਅਦ ਜਾਰੀ ਕਰਵਾਈਆ ਹਦਾਇਤਾਂ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਅਕਾਲੀ ਕਾਂਗਰਸੀਆਂ ਦੇ ਨਕਸ਼ੇ ਕਦਮਾਂ ਉਪਰ ਚਲਦਿਆਂ ਦਲਿਤ ਵਿਰੋਧੀ ਫ਼ੈਸਲੇ ਲੈ ਰਹੀ ਹੈ। ਉਨ੍ਹਾਂ ਪੰਜਾਬ ਸਰਕਾਰ ਦੇ ਇਸ ਦਲਿਤ ਵਿਰੋਧੀ ਰਵਈਏ ਖ਼ਿਲਾਫ਼ ਅਤੇ ਆਪਣੀਆਂ ਮੰਗਾਂ ਨੂੰ ਮਨਵਾਉਣ ਲਈ 15 ਮਈ ਨੂੰ ਮੁੱਖ ਮੰਤਰੀ ਦੀ ਕੋਠੀ ਅੱਗੇ ਹੋਣ ਵਾਲੇ ਰੋਸ ਪ੍ਰਦਰਸ਼ਨ ਵਿਚ ਪਹੁੰਚਣ ਦਾ ਸੱਦਾ ਵੀ ਦਿੱਤਾ।

ਇਸ ਮੌਕੇ ਉਪਰੋਕਤ ਤੋਂ ਬਿਨ੍ਹਾਂ ਸੁਖਵਿੰਦਰ ਸਿੰਘ ਬਟੜਿਆਣਾ, ਰਾਮਕਰਨ ਸਿੰਘ, ਚਮਕੌਰ ਸਿੰਘ ਝਨੇੜੀ, ਹਰਜਿੰਦਰ ਸਿੰਘ, ਰਾਮਚੰਦ ਅਮਰੀਕ ਸਿੰਘ ਅਕਬਰਪੁਰ ਅਤੇ ਲਾਲ ਸਿੰਘ ਆਦਿ ਹਾਜਰ ਸਨ।






# ਸਟਾਕਟਨ ਵਿਖੇ ਮਸੀਹੀ ਮੇਲਮਿਲਾਪ ਧਾਰਮਿਕ ਸਮਾਗਮ ਕਰਵਾਇਆ









**ਸਟਾਕਟਨ–** ਬੀਤੀ ਦਿਨੀਂ ਸਟਾਕਟਨ (ਕੈਲੇਫੋਰਨੀਆ) ਵਿਖੇ ਮਸੀਹੀ ਮੇਲ-ਮਿਲਾਪ ਧਾਰਮਿਕ ਸਮਾਗਮ ਕਰਵਾਇਆ ਗਿਆ, ਜਿਸ ਵਿਚ ਵੱਖ-ਵੱਖ ਸ਼ਹਿਰਾਂ ਤੋਂ ਲੋਕਾਂ ਨੇ ਆ ਕੇ ਮਸੀਹੀ ਪ੍ਰੋਗਰਾਮ ਦਾ ਆਨੰਦ ਮਾਣਿਆ। ਕਲੀਮਿਆਂ ਦਾ ਉਤਸ਼ਾਹ ਅਤੇ ਵਿਸ਼ਵਾਸ ਦੇਖਣਯੋਗ ਸੀ। ਮੁੱਖ ਤੌਰ ਤੇ ਸ੍ਰੀ ਚੰਦਨ ਸਿੰਘ, ਸੋਹੇਲ ਬਖਸ਼, ਸਿਸਟਰ ਇੰਦੂ ਸਿੰਘ ਨੇ ਮਸੀਹੀ ਭਜਨਾਂ ਦੁਆਰਾ ਪ੍ਰਮੇਸ਼ਰ ਦੀ ਮਹਿਮਾ ਕੀਤੀ। ਪਾਸਟਰ ਕ੍ਰਿਸ ਕ੍ਰਿਸਚਨ ਨੇ ਪ੍ਰਭੂ ਦਾ ਬਚਨ ਸੁਣਾਇਆ, ਜਿਸਦਾ ਪੰਜਾਬੀ ਅਨੁਵਾਦ ਮਿਸਟਰ ਰੂਬਲ ਦੁਆਰਾ ਕੀਤਾ ਗਿਆ।

ਇਸ ਸਮਾਗਮ ਦੇ ਪ੍ਰਬੰਧਾਂ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਵਿਚ ਆਈ. ਸੀ. ਈ. ਏ. ਚਰਚ ਦੀ ਸੰਗਤ ਨੂੰ ਉਚੇਚੇ ਤੌਰ 'ਤੇ ਸੇਵਾ ਨਿਭਾਈ। ਮੰਚ ਸੰਚਾਲਨ ਬ੍ਰਦਰ ਸੰਦੀਪ ਪੀਟਰ ਦੁਆਰਾ ਕੀਤਾ ਗਿਆ। ਸਿਸਟਰ ਕਮਲ ਪੀਟਰ ਤੇ ਬ੍ਰਦਰ ਹਰਬੰਸ ਸਿੰਘ ਨੇ ਪ੍ਰਭੂ ਵਿਚ ਆਪਣੇ ਤਜਰਬੇ ਅਤੇ ਵਿਸ਼ਵਾਸ ਨੂੰ ਸਾਂਝਾ ਕੀਤਾ।

ਅੰਤ ਵਿਚ ਬਿਮਾਰਾਂ ਲਈ ਪ੍ਰਾਰਥਨਾ ਕੀਤੀ। ਆਈ ਹੋਈ ਕਲੀਮਿਆ ਲਈ ਖਾਣੇ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ। ਇਸ ਪੂਰੇ ਸਮਾਗਮ ਦੇ ਪ੍ਰਬੰਧਕ ਸਿਸਟਰ ਰਣਜੀਤ ਕੌਰ, ਬ੍ਰਦਰ ਬਲਵਿੰਦਰ ਸਿੰਘ ਅਤੇ ਬ੍ਰਦਰ ਵਿਲਸਨ ਰਫੀਕ ਨੇ ਗੱਲਬਾਤ ਦੌਰਾਨ ਦੱਸਿਆ ਕਿ ਉਹ ਭਵਿੱਖ ਵਿਚ ਵੀ ਅਜਿਹੇ ਪ੍ਰੋਗਰਾਮਾਂ ਦਾ ਆਯੋਜਨ ਕਰਦੇ ਰਹਿਣਗੇ।

ਇਸ ਸਮਾਗਮ ਨੂੰ ਕਵਰ ਕਰਨ ਲਈ ਦੁਆਬਾ ਹੈਡ ਲਾਈਨ ਦੇ ਮੁੱਖ ਸੰਪਾਦਕ ਰਾਮ ਸਿੰਘ ਔਲਖ ਉਚੇਚੇ ਤੌਰ 'ਤੇ ਪਹੁੰਚੇ।



# ਸਿਆਟਲ ਦੇ ਮੁੱਖ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦੀ ਚੋਣ ਕਰਨ ਲਈ ਪੰਜ ਮੈਂਬਰੀ ਕਮੇਟੀ ਨਾਮਜਦ





**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਗੁਰਦੁਆਰਾ ਸਿੰਘ ਸਭਾ ਰੈਨਟਨ ਦੀ ਪ੍ਰਬੰਧਕ ਕਮੇਟੀ ਚੁਣਨ ਵਾਸਤੇ 3 ਮੈਂਬਰੀ ਕਮੇਟੀ ਨੇ ਨਿੱਤਨੇਮ ਦੇ ਪਾਠ ਦੀਆਂ 7 ਬਾਣੀਆਂ ਦਾ ਪਾਠ ਜਬਾਨੀ ਸੁਣ ਕੇ 8 ’ਚੋਂ 5 ਮੈਂਬਰੀ ਪੈਨਲ ਚੁਣਿਆ ਗਿਆ, ਜਿਹਨਾਂ ਨੇ ਅੱਜ ਰਾਤ ਤੱਕ ਇੰਟਰਵਿਊ ਕਰਕੇ ਪ੍ਰਬੰਧਕ ਕਮੇਟੀ ਦੀ ਚੋਣ ਕਰਕੇ ਬੰਦ ਲਿਫਾਫਾ ਦਫਤਰ ’ਚ ਦੇ ਦਿੱਤਾ ਗਿਆ ਹੈ, ਜਿਸ ਨੂੰ ਸੰਗਤ ਦੀ ਮੌਜੂਦਗੀ ਵਿਚ ਅਗਲੇ ਐਤਵਾਰ ਨੂੰ ਖੋਲ੍ਹਿਆ ਜਾਵੇਗਾ ਅਤੇ ਸੰਗਤ ਦੀ ਮਨਜ਼ੂਰੀ ਨਾਲ ਐਲਾਨ ਕੀਤਾ ਜਾਵੇਗਾ। ਸਿਆਟਲ ਦੀ ਸੰਗਤ ਅਗਲੇ ਐਤਵਾਰ ਤੱਕ ਬੇਸਬਰੀ ਨਾਲ ਇੰਤਜ਼ਾਰ ਕਰ ਰਹੀ ਹੈ। ਤਿੰਨ ਮੈਂਬਰੀ ਕਮੇਟੀ ਦੇ ਹੈਡ ਗ੍ਰੰਥੀ ਦਰਸ਼ਨ ਸਿੰਘ ਤੇ ਕੀਰਤਨੀ ਜਥੇ ਦੇ ਭਾਈ ਵਰਿਆਮ ਸਿੰਘ ਜੀ ਤੇ ਭਾਈ ਜਰਨੈਲ ਸਿੰਘ ਜੀ ਜਿਹਨਾਂ ਨੇ ਨਿੱਤਨੇਮ ਦਾ ਪਾਠ ਸੁਣਾ ਕੇ ਫੈਸਲਾ ਕੀਤਾ ਹੈ। 1 ਪੰਜ ਮੈਂਬਰੀ ਕਮੇਟੀ ਵਿਚ ਜਗਜੀਤ ਸਿੰਘ, ਡਾ. ਸਰਬਜੀਤ ਸਿੰਘ, ਹਰਸ਼ਰਨ ਸਿੰਘ ਰੰਧਾਵਾ ਸਾਬਕਾ ਮੈਨੇਜਰ, ਬੀਬੀ ਸੁਰਿੰਦਰ ਕੌਰ ਤੇ ਭਾਈ ਅਮਰੀਕ ਸਿੰਘ, ਜਿਹਨਾਂ ਨੇ ਅਗਲੀ ਪ੍ਰਬੰਧਕ ਕਮੇਟੀ ਦੀ ਚੋਣ ਕਰਨੀ ਹੈ।

# ਕਿਰਤੀ ਕਿਸਾਨ ਯੂਨੀਅਨ ਵੱਲੋਂ ਪਹਿਲਵਾਨਾਂ ਦੇ ਸੰਘਰਸ਼ ਦੀ ਹਮਾਇਤ



**ਨਵੀਂ ਦਿੱਲੀ, (ਦਲਜੀਤ ਕੌਰ)–** ਕਿਰਤੀ ਕਿਸਾਨ ਯੂਨੀਅਨ ਵੱਲੋਂ ਜੰਤਰ-ਮੰਤਰ ਦਿੱਲੀ ਵਿਖੇ ਖਿਡਾਰੀਆਂ ਦੇ ਚੱਲੇ ਧਰਨੇ ਵਿੱਚ ਸ਼ਮੂਲੀਅਤ ਕਰਕੇ ਉਨ੍ਹਾਂ ਦੇ ਸੰਘਰਸ਼ ਦੀ ਹਮਾਇਤ ਕਰਦਿਆਂ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਅਤੇ ਭਾਜਪਾ ਆਗੂ ਬ੍ਰਿਜ ਭੂਸ਼ਨ ਨੂੰ ਫੌਰੀ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ। ਅੱਜ ਕਿਰਤੀ ਕਿਸਾਨ ਯੂਨੀਅਨ ਦੇ ਪੰਜਾਬ ਤੋਂ ਸੂਬਾ ਮੀਤ ਪ੍ਰਧਾਨ ਹਰਮੇਸ਼ ਸਿੰਘ ਢੇਸੀ, ਸੂਬਾ ਆਗੂ ਚਮਕੌਰ ਸਿੰਘ ਰੋਡੇ ਅਤੇ ਔਰਤ ਵਿੰਗ ਦੀ ਆਗੂ ਹਰਦੀਪ ਕੌਰ ਕੋਟਲਾ ਦੀ ਅਗਵਾਈ ਵਿੱਚ ਸ਼ਾਮਲ ਹੋਏ ਜਥੇ ਨੇ ਖਿਡਾਰੀਆਂ ਦੇ ਸੰਘਰਸ਼ ਨਾਲ ਇੱਕਮੁੱਠਤਾ ਪ੍ਰਗਟ ਕੀਤੀ।

ਧਰਨੇ ਨੂੰ ਸੰਬੋਧਨ ਕਰਦਿਆਂ ਹਰਦੀਪ ਕੌਰ ਕੋਟਲਾ ਨੇ ਕਿਹਾ ਕਿ ਇਹ ਸੰਘਰਸ਼ ਸਿਰਫ਼ ਔਰਤ ਪਹਿਲਵਾਨਾਂ ਦੇ ਹੱਕਾਂ ਦਾ ਨਹੀਂ ਰਿਹਾ ਬਲਕੇ ਸਮੁੱਚੇ ਤੌਰ ਤੇ ਔਰਤਾਂ ਦੇ ਮਾਨ ਸਨਮਾਨ ਦਾ ਸੰਘਰਸ਼ ਹੈ। ਉਨ੍ਹਾਂ ਕਿਹਾ ਕਿ ਯੂਨੀਅਨ ਪਹਿਲਵਾਨਾਂ ਨਾਲ ਡਟ ਕੇ ਖੜੀ ਹੈ। ਉਨ੍ਹਾਂ ਕਿਹਾ ਕਿ ਪਹਿਲਾ ਹੀ ਦੇਸ਼ ਵਿੱਚ ਲੱਖਾਂ ਖਿਡਾਰੀਆਂ ਵਿੱਚੋਂ ਇੱਕ ਦੋ ਖਿਡਾਰੀ ਹੀ ਸੰਸਾਰ ਪੱਧਰ ਤੱਕ ਪਹੁੰਚਦੇ ਅਤੇ ਪੂਰੇ ਦੇਸ਼ ਦੇ ਸਨਮਾਨ ਵਿੱਚ ਵਾਧਾ ਕਰਦੇ ਹਨ ਅਜਿਹੇ ਖਿਡਾਰੀਆਂ ਨੂੰ ਵੀ ਇਨਸਾਫ਼ ਲੈਣ ਲਈ ਜੇਕਰ ਧਰਨੇ ਲਾਉਣੇ ਪੈ ਰਹੇ ਹਨ ਤਾਂ ਸਮਝਿਆ ਜਾ ਸਕਦਾ ਹੈ ਕਿ ਖਿਡਾਰੀ ਕਿਸ ਪੀੜ ਵਿਚੋਂ ਗੁਜ਼ਰ ਰਹੇ ਹਨ। ਔਰਤ ਵਿੰਗ ਦੀ ਆਗੂ ਹਰਦੀਪ ਕੌਰ ਕੋਟਲਾ ਨੇ ਕਿਹਾ ਕਿ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ ਲੱਗਣ ਅਤੇ ਐਫ ਆਈ ਆਰ ਹੋਣ ਦੇ ਬਾਵਜੂਦ ਅਪਰਾਧੀ ਪਿਛੋਕੜ ਵਾਲੇ ਬ੍ਰਿਜ ਭੂਸ਼ਨ ਨੂੰ ਅਜੇ ਤੱਕ ਗ੍ਰਿਫਤਾਰ ਨਾ ਕਰਨਾ ਭਾਜਪਾ ਦੀ ਔਰਤ ਵਿਰੋਧੀ ਮਾਨਸਿਕਤਾ ਨੂੰ ਪ੍ਰਗਟ ਕਰਦਾ ਜਿਸਦਾ ਪ੍ਰਗਟਾਵਾ ਪਹਿਲਾਂ ਵੀ ਬਿਲਕੀਸ ਬਾਨੋ ਵਰਗੇ ਕਈ ਮਾਮਲਿਆਂ ਵਿੱਚ ਪ੍ਰਗਟ ਹੋ ਚੁੱਕਾ ਹੈ।

ਇਸ ਕਰਕੇ ਭਾਜਪਾ ਪਹਿਲਵਾਨਾਂ ਦੇ ਸੰਘਰਸ਼ ਨੂੰ ਬਦਨਾਮ ਕਰਨ ਅਤੇ ਸਾਕਸ਼ੀ ਮਲਿਕ ਅਤੇ ਵਿਨੇਸ਼ ਫੋਗਾਟ ਨੂੰ ਹੀ ਦੋਸ਼ੀ ਠਹਿਰਾਉਣ ਦੀ ਕੋਸ਼ਿਸ਼ ਕਰਕੇ ਇਨ੍ਹਾਂ ਖਿਡਾਰੀਆਂ ਦੇ ਗੌਰਵ ਨੂੰ ਸੱਟ ਮਾਰ ਰਹੀ ਹੈ। ਉਨ੍ਹਾਂ ਦੋਸ਼ੀ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ ਕਰਦੇ ਹੋਏ ਖਿਡਾਰੀਆਂ ਦੇ ਸੰਘਰਸ਼ ਦੀ ਡੱਟ ਕੇ ਹਮਾਇਤ ਕਰਨ ਦਾ ਐਲਾਨ ਕੀਤਾ। ਕਿਰਤੀ ਕਿਸਾਨ ਯੂਨੀਅਨ ਦੇ ਜਥੇ ਵਿਚ ਭੁਪਿੰਦਰ ਸਿੰਘ ਭੁੰਗਾ, ਕੁਲਵਿੰਦਰ ਸਿੰਘ ਚਾਹਲ, ਛਿੰਦਰਪਾਲ ਕੌਰ, ਸਵਰਨਜੀਤ ਕੌਰ ਰੋਡੇ, ਸਤਨਾਮ ਸਿੰਘ ਮੁਖਲਿਆਣਾ, ਜਸਮੇਲ ਸਿੰਘ, ਰਤਨ ਸਿੰਘ, ਮਨਿੰਦਰ ਸਿੰਘ ਆਦਿ ਸਮੇਤ ਹੋਰ ਮੈਂਬਰ ਵੀ ਸ਼ਾਮਲ ਸਨ।

# ਬੇਰੁਜ਼ਗਾਰ ਬੀ ਐੱਡ ਟੈੱਟ ਪਾਸ ਅਧਿਆਪਕਾਂ ਵੱਲੋਂ ਜਲੰਧਰ ਜ਼ਿਮਨੀ ਚੋਣ 'ਚ ਪੰਜਾਬ ਸਰਕਾਰ ਖ਼ਿਲਾਫ਼ ਪ੍ਰਦਰਸ਼ਨ

**ਜਲੰਧਰ, (ਦਲਜੀਤ ਕੌਰ)** ਲੰਮੇ ਸਮੇਂ ਤੋਂ ਆਪਣੀਆਂ ਮੰਗਾਂ ਲਈ ਲਗਾਤਾਰ ਸੰਘਰਸ਼ ਕਰਦੀ ਆ ਰਹੀ ਬੀ।ਐੱਡ।ਟੈੱਟ ਪਾਸ ਬੇਰੁਜ਼ਗਾਰ ਅਧਿਆਪਕ ਯੂਨੀਅਨ ਨੇ ਆਪਣੀਆਂ ਜਾਇਜ਼ ਮੰਗਾਂ ਨਾ ਮੰਨੇ ਜਾਣ ਦੀ ਸੂਰਤ ਵਿੱਚ ਜਲੰਧਰ ਜ਼ਿਮਨੀ ਚੋਣ ਵਿਚ ਆਪ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹਿਆ। ਅੱਜ ਮਜ਼ਦੂਰ ਦਿਵਸ ਮੌਕੇ ਸਥਾਨਕ ਬੱਸ ਸਟੈਂਡ ਵਿਚਲੀ ਪਾਣੀ ਵਾਲੀ ਟੈਂਕੀ ਕੋਲ ਇਕੱਤਰ ਹੋ ਕੇ ਬੇਰੁਜ਼ਗਾਰਾਂ ਨੇ ਸ਼ਹਿਰ ਵਿੱਚ ਰੈਲੀ ਕਰਕੇ ਆਮ ਆਦਮੀ ਪਾਰਟੀ ਦਾ ਪਿੱਟ ਸਿਆਪਾ ਕੀਤਾ।

ਇਸ ਸੰਬੰਧੀ ਪੱਤਰਕਾਰਾਂ ਨਾਲ ਗੱਲ ਕਰਦਿਆਂ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਅਮਨਦੀਪ ਸੇਖਾ ਨੇ ਦੱਸਿਆ ਕਿ ਉਹਨਾਂ ਦੀ ਜੱਥੇਬੰਦੀ ਆਪਣੀਆਂ ਜਾਇਜ਼ ਮੰਗਾਂ ਜਿਵੇਂ ਕਿ ਮਾਸਟਰ ਕਾਡਰ ਦੀ ਵੱਡੀ ਗਿਣਤੀ ਵਿੱਚ ਨਵੀਂ ਭਰਤੀ, ਮਾਸਟਰ ਕੇਡਰ ਭਰਤੀ ਲਈ ਬੀ।ਏ ਵਿੱਚੋਂ 55% ਦੀ ਨਜਾਇਜ਼ ਸ਼ਰਤ ਮੁੱਢੋਂ ਖ਼ਤਮ



ਕਰਨ,ਲੈਕਚਰਾਰ ਦੀ ਭਰਤੀ ਵਿੱਚ ਸਮਾਜਿਕ ਸਿੱਖਿਆ ਦੇ ਵਿਸ਼ੇ ਨੂੰ ਸ਼ਾਮਿਲ ਕਰਨ ਅਤੇ ਸਾਰੇ ਵਿਸ਼ਿਆਂ ਦੀ ਲੈਕਚਰਾਰ ਦੀ ਭਰਤੀ ਆਦਿ ਸੰਬੰਧੀ ਲਗਾਤਾਰ ਸੰਘਰਸ਼ ਕਰਦੀ ਆ ਰਹੀ ਹੈ, ਪਰ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਦੀ ਸਰਕਾਰ ਜੋ ਕਿ ਸਿੱਖਿਆਂ ਢਾਂਚੇ ਵਿੱਚ ਸੁਧਾਰਾਂ ਦੀਆਂ ਗੱਲਾਂ ਕਰਕੇ ਸੱਤਾ ਵਿੱਚ ਆਈ ਸੀ। ਉਹ ਹੁਣ ਉਹਨਾਂ ਦੀਆਂ ਮੰਗਾਂ ਮੰਨਣ ਤੋਂ ਲਗਾਤਾਰ ਭੱਜ ਰਹੀ ਹੈ।

ਉਹਨਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਵੱਡੇ ਪੱਧਰ ਤੇ ਘਾਟ ਹੈ ਤੇ ਜਿਸ ਕਰਕੇ ਵੱਡੀ ਗਿਣਤੀ ਵਿੱਚ ਬੱਚੇ ਫੇਲ ਹੋ ਰਹੇ ਹਨ। ਪਰ ਸਿੱਖਿਆ ਮੰਤਰੀ ਹਰਜੋਤ ਬੈਂਸ ਇਸ ਵੱਲ ਬਿਲਕੁਲ ਵੀ ਧਿਆਨ ਨਹੀਂ ਦੇ ਰਹੇ। ਸਿੱਖਿਆ ਮੰਤਰੀ ਹਰਜੋਤ ਬੈਂਸ ਨਾਲ ਉਹਨਾਂ ਦੀ ਜੱਥੇਬੰਦੀ ਦੀਆਂ ਅਨੇਕਾਂ ਮੀਟਿੰਗਾਂ ਹੋ ਚੁੱਕੀਆਂ ਹਨ ਪਰ ਹਰ ਵਾਰ ਉਹਨਾਂ ਵੱਲੋਂ ਸਿਰਫ ਲਾਰਾ ਹੀ ਲਾਇਆ ਜਾਂਦਾ ਹੈ ਤੇ ਉਹਨਾਂ ਦੀਆਂ ਮੰਗਾਂ ਦਾ ਹੱਲ ਨਹੀਂ ਕੀਤਾ ਜਾ ਰਿਹਾ। ਜਿਸ ਕਰਕੇ ਵੱਡੀ ਗਿਣਤੀ ਵਿੱਚ ਬੇਰੁਜ਼ਗਾਰ ਅਧਿਆਪਕ ਓਵਰਏਜ ਹੋ ਰਹੇ ਨੇ ਤੇ ਉਹਨਾਂ ਦੀਆਂ ਡਿਗਰੀਆਂ ਰੱਦੀ ਹੋ ਰਹੀਆਂ ਹਨ।

ਯੂਨੀਅਨ ਆਗੂ ਬਲਰਾਜ ਮੌੜ ਨੇ ਦੱਸਿਆ ਕਿ ਸਰਕਾਰ ਵੱਲੋਂ ਉਹਨਾਂ ਦੀਆਂ ਮੰਗਾਂ ਸੰਬੰਧੀ ਲਗਾਤਾਰ ਕੀਤੀ ਜਾ ਰਹੀ ਅਣਦੇਖੀ ਕਰਕੇ ਉਹਨਾਂ ਦੀ ਜੱਥੇਬੰਦੀ ਵਿੱਚ ਪੰਜਾਬ ਸਰਕਾਰ ਪ੍ਰਤੀ ਪੂਰਨ ਤੌਰ ਤੇ ਰੋਸ ਹੈ। ਜਿਸ ਕਰਕੇ ਉਹਨਾਂ ਨੇ 1 ਮਈ ਨੂੰ ਮਜ਼ਦੂਰ ਦਿਵਸ ਮੌਕੇ ਜਲੰਧਰ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦਾ ਵਿਰੋਧ ਕਰਨ ਦਾ ਫੈਸਲਾ ਕੀਤਾ ਸੀ। ਉਹਨਾਂ ਕਿਹਾ ਕਿ ਆਉਣ ਵਾਲੇ ਸਮੇਂ ਦੌਰਾਨ ਵੀ ਆਮ ਆਦਮੀ ਪਾਰਟੀ ਦੇ ਵਿਧਾਇਕ ਤੇ ਮੰਤਰੀ ਪੰਜਾਬ ਦੇ ਜਿਸ ਵੀ ਕੋਨੇ ਵਿੱਚ ਆਉਣਗੇ ਉਹਨਾਂ ਦਾ ਘਿਰਾਓ ਕੀਤਾ ਜਾਵੇਗਾ।

ਇਸ ਮੌਕੇ ਮਨੀਸ਼ ਫਾਜ਼ਿਲਕਾ, ਹਰਵਿੰਦਰ ਬਠਿੰਡਾ, ਜਗਸੀਰ ਝਲੂਰ, ਸੁਖਪਾਲ ਖਾਨ, ਮਨਦੀਪ ਭੱਦਲਵੱਢ, ਅਵਤਾਰ ਭੁੱਲਰਹੇੜੀ, ਚਿਮਨ ਲਾਲ, ਹਰਪ੍ਰੀਤ ਫਿਰੋਜ਼ਪੁਰ, ਗੁਰਮੇਲ ਬਰਗਾੜੀ, ਗੁਰਮੁਖ ਨਸੀਬਪੁਰਾ, ਰਾਜਾ ਮੁਰਾਦ, ਰਮਨ ਕੁਮਾਰ, ਸਤਪਾਲ ਸਿੰਘ, ਪਰਮਿੰਦਰ ਸਿੰਘ, ਸੰਨੀ, ਜਸਦੀਪ, ਬਿਕਰਮ, ਮਨਜੀਤ ਕੌਰ, ਮਨਪ੍ਰੀਤ ਕੌਰ, ਮਨਜੀਤ ਕੌਰ, ਬਲਜੀਤ ਕੌਰ, ਕਮਲਜੀਤ ਕੌਰ, ਲੱਛਮੀ ਪਵਾਰ, ਰਾਜਿੰਦਰ ਕੁਮਾਰ, ਮੁਕੇਸ਼ ਕੁਮਾਰ, ਨਿਸ਼ਾਨ ਸਿੰਘ, ਅਮ੍ਰਿਤਪਾਲ ਸਿੰਘ, ਗੁਰਜੰਟ ਸਿੰਘ, ਕੁਲਵੀਰ ਸਿੰਘ, ਰਘਬੀਰ ਸਿੰਘ, ਦਲਜੀਤ ਸਿੰਘ, ਗੁਰਮੀਤ ਸਿੰਘ, ਰਫ਼ੀ, ਗੋਪੀ, ਕਰਮਜੀਤ ਸਿੰਘ ਆਦਿ ਹਾਜ਼ਰ ਸਨ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵਲੋਂ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦੇ ਮੌਕੇ ’ਤੇ ਸੈਮੀਨਾਰ ਦੇ ਆਯੋਜਨ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਦਿਲਬਾਗ ਸਿੰਘ ਜੌਹਲ ਦੀ ਅਗਵਾਈ ਵਿੱਚ ਸੀ।ਜੇ।ਐਮ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ



ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਅਪਰਾਜਿਤਾ ਜੋਸ਼ੀ ਵੱਲੋਂ ਅੱਜ ਮਿਤੀ 01।05।2023 ਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮੌਕੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਮੈਕੇ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਵਲੋਂ ਨਾਲਸਾ ਸਕੀਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਅਤੇ ਮਜ਼ਦੂਰਾਂ ਨੂੰ ਇਸ ਸਕੀਮ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਕਿਹਾ ਗਿਆ। ਉਨ੍ਹਾਂ ਮਜ਼ਦੂਰਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਲੇਬਰ ਇੰਸਪੈਕਟਰ ਹਰਮਿੰਦਰ ਸਿੰਘ ਨੂੰ ਨਿਰਦੇਸ਼ ਦਿੱਤੇ ਅਤੇ ਇਸ ਮੌਕੇ ਮਜ਼ਦੂਰਾਂ ਨੂੰ ਲੇਬਰ ਕਾਰਡ ਵੰਡੇ । ਉਪਰੋਕਤ ਤੋਂ ਇਲਾਵਾ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਮਿਤੀ 13।05।2023 ਨੂੰ ਜ਼ਿਲ੍ਹਾ ਪੱਧਰ ਦੀਆਂ ਕਚਿਹਰੀਆਂ ਅਤੇ ਸਬ-ਡਿਵੀਜ਼ਨ ਪੱਧਰ ਦੀਆਂ ਕਚਿਹਰੀਆਂ ਵਿਖੇ ਲਗਾਈ ਜਾਣ ਵਾਲੀ ਨੈਸ਼ਨਲ ਲੋਕ ਅਦਾਲਤ ਬਾਰੇ ਚਾਨਣਾ ਪਾਇਆ ਗਿਆ। ਨਿਉਂ ਜ਼ਿਲ੍ਹਾ ਸੈਸ਼ਨਜ਼ ਕੋਰਟ ਕੰਪਲੈਕਸ, ਹੁਸ਼ਿਆਰਪੁਰ ਵਿਖੇ ਹਰ ਮਹੀਨੇ ਦੇ ਸੋਮਵਾਰ ਤੋਂ ਲੈ ਕੇ ਸ਼ੁੱਕਰਵਾਰ ਤੱਕ ਲਗਾਈ ਜਾਣ ਵਾਲੀ ਪਰਮਾਨੈਂਟ ਲੋਕ ਅਦਾਲਤ (ਜਨ ਉਪਯੋਗੀ ਸੇਵਾਵਾਂ), ਹੁਸ਼ਿਆਰਪੁਰ ਬਾਰੇ ਜਾਣੂੰ ਕਰਵਾਇਆ ਗਿਆ ਅਤੇ ਦੱਸਿਆ ਕਿ ਇਸ ਲੋਕ ਅਦਾਲਤ ਵਿੱਚ ਜੋ ਕੇਸ ਅਦਾਲਤਾਂ ਵਿੱਚ ਨਹੀਂ ਚੱਲ ਰਹੇ ਜਿਵੇਂ ਕਿ ਬਿਜਲੀ ਅਤੇ ਪਾਣੀ ਦਾ ਬਿੱਲ, ਇੰਸ਼ੋਰੈਂਸ ਕੰਪਨੀਆਂ ਦੇ ਕੇਸ, ਬੈਂਕਾਂ ਦੇ ਕੇਸ, ਟੈਲੀਫੋਨ ਕੰਪਨੀਆਂ ਦੇ ਕੇਸ, ਲੇਬਰ ਕਾਰਡ, ਆਧਾਰ ਕਾਰਡ ਆਦਿ ਨੂੰ ਸਾਦੀ ਦਰਖਾਸਤ ਦੇ ਕੇ ਚੇਅਰਮੈਨ ਪਰਮਾਨੈਂਟ ਲੋਕ ਅਦਾਲਤ (ਜਨ ਉਪਯੋਗੀ ਸੇਵਾਵਾਂ), ਹੁਸ਼ਿਆਰਪੁਰ ਵਿਖੇ ਦੇ ਕੇ ਕੇਸ ਲਗਾ ਸਕਦੇ ਹਨ ਅਤੇ ਨਾਲ ਹੀ ਮੁਫ਼ਤ ਕਾਨੂੰਨੀ ਸਹਾਇਤਾ ਕਿੱਥੋਂ ਅਤੇ ਕਿਵੇਂ ਮਿਲਦੀ ਹੈ, ਬਾਰੇ ਜਾਣੂੰ ਕਰਵਾਇਆ ਗਿਆ। ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮੌਕੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਦਾ 01882-224114 ਅਤੇ ਟੋਲ ਫ੍ਰੀ ਨੰਬਰ 1968 ਨੂੰ ਢੁੱਕਵੀਆਂ ਥਾਵਾਂ ’ਤੇ ਲਗਾਉਣ ਲਈ ਕਿਹਾ ਗਿਆ ਤਾਂ ਜੋ ਆਮ ਜਨਤਾ ਅਥਾਰਟੀ ਵੱਲੋਂ ਚਲਾਈਆਂ ਗਈਆਂ ਸਕੀਮਾਂ, ਮੁਫ਼ਤ ਕਾਨੂੰਨੀ ਸਹਾਇਤਾ, ਨੈਸ਼ਨਲ ਲੋਕ ਅਦਾਲਤਾਂ ਬਾਰੇ ਸੰਪਰਕ ਕਰ ਸਕੇ। ਇਸ ਮੌਕੇ ਤੇ ਪੈਨਲ ਐਡ-ਵੋਕੇਟ ਹਰਿੰਦਰ ਸਿੰਘ ਫਲੋਰਾ ਨੇ ਮੁਫ਼ਤ ਕਾਨੂੰਨੀ ਸਹਾਇਤਾ ਅਤੇ ਵਿਚੋਲਗੀਰੀ ਸੈਂਟਰ ਬਾਰੇ ਜਾਣਕਾਰੀ ਦਿੱਤੀ ਗਈ।


## “ਦੇਸ਼ ਦੁਆਬਾ”

### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ ’ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

**www.deshdoaba.com www.ambedkartimes.com**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ ’ਦੇਸ਼ ਦੁਆਬਾ’ ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਅੰਮ੍ਰਿਤ ਵਣਾਂ ਰਾਹੀਂ ਕੁਦਰਤੀ ਰੂਪ ਵਿੱਚ ਮਿਲੇਗੀ ਭਰਪੂਰ ਆਕਸੀਜਨ: ਜਤਿੰਦਰ ਜੋਰਵਾਲ

**ਸੰਗਰੂਰ, (ਦਲਜੀਤ ਕੌਰ)–** ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰੀਬ 9 ਮਹੀਨੇ ਪਹਿਲਾਂ ਖਾਲੀ ਪਈਆਂ ਪੰਚਾਇਤੀ ਅਤੇ ਸਰਕਾਰੀ ਜ਼ਮੀਨਾਂ 'ਤੇ ਮਿੰਨੀ ਜੰਗਲ ਤਿਆਰ ਕਰਨ ਲਈ ਆਰੰਭੀ 'ਅੰਮ੍ਰਿਤ ਵਣ' ਨਾਂ ਦੀ ਮੁਹਿੰਮ ਦੇ ਸਾਰਥਕ ਨਤੀਜੇ ਸਾਹਮਣੇ ਆਉਣ ਲੱਗ ਪਏ ਹਨ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਇਸ ਟੀਚੇ ਤਹਿਤ ਜ਼ਿਲ੍ਹੇ ਦੇ ਪਿੰਡਾਂ ਵਿੱਚ 290 ਏਕੜ ਰਕਬੇ ਵਿੱਚ ਰਵਾਇਤੀ ਰੁੱਖਾਂ ਦੇ 138 ਅੰਮ੍ਰਿਤ ਵਣ, ਜਿਨ੍ਹਾਂ ਨੂੰ ਮਿੰਨੀ ਜੰਗਲ ਦਾ ਨਾਮ ਵੀ ਦਿੱਤਾ ਜਾਂਦਾ ਹੈ, ਚੰਗੀ ਤਰ੍ਹਾਂ ਵਧ ਫੁੱਲ ਰਹੇ ਹਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਨ੍ਹਾਂ ਅੰਮ੍ਰਿਤ ਵਣਾਂ ਰਾਹੀਂ ਲੋਕਾਂ ਨੂੰ ਕੁਦਰਤੀ ਰੂਪ ਵਿੱਚ ਭਰਪੂਰ ਆਕਸੀਜਨ ਮਿਲੇਗੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਰਜੀਤ ਵਾਲੀਆ ਦੀ ਨਿਗਰਾਨੀ ਅਤੇ ਰਾਉਂਡ ਗਲਾਸ ਫਾਊਂਡੇਸ਼ਨ ਦੇ ਸਹਿਯੋਗ ਨਾਲ ਸੰਗਰੂਰ ਜ਼ਿਲੇ 'ਚ ਜੰਗਲ ਹੇਠਲੇ ਰਕਬੇ ਨੂੰ ਵਧਾਉਣ ਦੀ ਇੱਕ ਨਿਵੇਕਲੀ ਕੋਸ਼ਿਸ਼ ਕੀਤੀ ਗਈ ਹੈ ਤਾਂ ਜੋ ਲੋਕਾਂ ਨੂੰ ਪ੍ਰਦੂਸ਼ਣ ਰਹਿਤ ਅਤੇ ਹਰਿਆਵਲ ਭਰਪੂਰ ਵਾਤਾਵਰਨ ਮੁਹੱਈਆ ਕਰਵਾਉਂਦੇ ਹੋਏ ਕੁਦਰਤੀ ਰੂਪ ਵਿੱਚ ਆਕਸੀਜਨ ਨੂੰ ਵਧਾਇਆ ਜਾ ਸਕੇ।



ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਕਿਹਾ ਕਿ ਮਗਨਰੇਗਾ ਸਕੀਮ ਤਹਿਤ ਇਹ ਮਿੰਨੀ ਜੰਗਲ, ਜ਼ਿਲ੍ਹੇ ਦੇ ਪਿੰਡਾਂ ਨੂੰ ਹਰਿਆਵਲ ਭਰਪੂਰ ਬਣਾਉਂਦੇ ਨਜ਼ਰ ਆ ਰਹੇ ਹਨ ਕਿਉਂਕਿ ਆਧੁਨਿਕਤਾ ਦੇ ਪ੍ਰਭਾਵ ਹੇਠ ਪਿੰਡਾਂ ਵਿੱਚੋਂ ਜੰਗਲ ਅਲੋਪ ਹੁੰਦੇ ਗਏ ਸਨ ਜਿਸ ਦਾ ਨੁਕਸਾਨ ਅੱਜ ਹਰ ਕੋਈ ਭੁਗਤ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਹ ਹਰਾ ਭਰਾ ਚੌਗਿਰਦਾ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਕੁਦਰਤ ਨਾਲ ਨੇੜਿਓਂ ਸਾਂਝ ਪਾਉਣ ਦੇ ਸਮਰੱਥ ਬਣੇਗਾ।

ਸ੍ਰੀ ਜੋਰਵਾਲ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਜ਼ਿਲ੍ਹੇ ਦੇ ਪਿੰਡਾਂ ਵਿੱਚ ਘੱਟ ਤੋਂ ਘੱਟ 1 ਕਨਾਲ ਤੋਂ ਲੈ ਕੇ 10 ਏਕੜ ਰਕਬੇ 'ਤੇ ਵੱਖ ਵੱਖ ਰਵਾਇਤੀ ਕਿਸਮਾਂ ਦੇ ਕਰੀਬ 3 ਲੱਖ ਰੁੱਖ ਲਗਾਏ ਜਾ ਚੁੱਕੇ ਹਨ ਅਤੇ ਕਰੀਬ 6 ਤੋਂ 8 ਫੁੱਟ ਉੱਚੇ ਹੋ ਚੁੱਕੇ ਇਹ ਰੁੱਖ ਵੰਨ ਸੁਵੰਨੇ ਜੀਵ ਜੰਤੂਆਂ ਦਾ ਰੈਣ ਬਸੇਰਾ ਬਣ ਰਹੇ ਹਨ।

ਉਨ੍ਹਾਂ ਦੱਸਿਆ ਕਿ ਰਵਾਇਤੀ ਰੁੱਖਾਂ ਦੇ ਨਾਲ-ਨਾਲ ਫ਼ਲਾਂ ਦੇ ਬਾਗ਼ਾਂ ਰਾਹੀਂ ਇਸ ਮੁਹਿੰਮ ਤਹਿਤ ਲੋਕਾਂ ਤੇ ਪੰਚਾਇਤਾਂ ਦੀ ਆਮਦਨ 'ਚ ਵਾਧਾ ਹੋਣ ਦੀਆਂ ਸੰਭਾਵਨਾਵਾਂ ਵੀ ਹਨ। ਉਨਾਂ ਦੱਸਿਆ ਕਿ ਇਸ ਮੁਹਿੰਮ ਤਹਿਤ ਲਾਏ ਜਾ ਰਹੇ ਬੂਟਿਆਂ ਅਤੇ ਇਨਾਂ ਦੀ ਸਾਂਭ-ਸੰਭਾਲ ਮਗਨਰੇਗਾ ਸਕੀਮ ਅਧੀਨ ਕੀਤੀ ਜਾ ਰਹੀ ਹੈ ਜਿਸ ਦਾ ਵਿੱਤੀ ਲਾਭ ਮਗਨਰੇਗਾ ਮਜ਼ਦੂਰਾਂ ਨੂੰ ਮਿਲ ਰਿਹਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸੇ ਤਰ੍ਹਾਂ ਬੂਟਿਆਂ ਦੀ ਸੁਰੱਖਿਅਤ ਸਾਂਭ ਸੰਭਾਲ ਅਤੇ ਵਿਕਾਸ ਲਈ ਮਗਨਰੇਗਾ ਤਹਿਤ ਵਣ ਮਿੱਤਰਾਂ ਨੂੰ ਵੀ ਜ਼ਿੰਮੇਵਾਰੀ ਸੌਂਪੀ ਗਈ ਹੈ ਜਿਸ ਨਾਲ ਉਹ ਵੀ ਬਣਦਾ ਮਿਹਨਤਾਨਾ ਹਾਸਲ ਕਰ ਸਕਣਗੇ।

# ਪਿੰਡ ਧੁਦਿਆਲ ਵਿੱਚ ਕਰਵਾਇਆ ਗਿਆ ਬਾਬਾ ਸਾਹਿਬ ਨੂੰ ਸਮਰਪਿਤ ਜਾਗ੍ਰਿਤੀ ਸੰਮੇਲਨ

**ਜਲੰਧਰ/ਆਦਮਪੁਰ –** ਡਾ ਬੀ ਆਰ ਅੰਬੇਡਕਰ ਵੈੱਲਫੇਅਰ ਸੁਸਾਇਟੀ ਪਿੰਡ ਧੁਦਿਆਲ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਨਗਰ ਪੰਚਾਇਤ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਭਾਰਤ ਦੇ ਸ਼ਿਲਪਕਾਰ,ਨਾਰੀ ਮੁਕਤੀ ਦਾਤਾ ਅਤੇ ਭਾਰਤੀ ਸੰਵਿਧਾਨ ਦੇ ਰਚੇਤਾ ਭਾਰਤ ਰਤਨ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦੇ 132 ਵੇਂ ਜਨਮ ਦਿ-ਹਾੜੇ ਮੌਕੇ ਵਿਸ਼ਾਲ ਜਾਗ੍ਰਿਤੀ ਸੰਮੇਲਨ ਕਰਵਾਇਆ ਗਿਆ। ਪ੍ਰਬੰਧਕ ਕਮੇਟੀ ਵੱਲੋਂ ਬਾਬਾ ਸਾਹਿਬ ਅੰਬੇਡਕਰ ਦੀ ਤਸਵੀਰ ਉੱਪਰ ਫੁੱਲ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਗੋਲਡ ਮੈਡਲਿਸਟ ਮਿਸ਼ਨਰੀ ਗਾਇਕਾ ਪ੍ਰੀਆ ਬੰਗਾਂ ਵੱਲੋਂ ਬਾਬਾ ਸਾਹਿਬ ਅਤੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੀਤਾਂ ਰਾਹੀਂ ਹਾਜ਼ਰੀ ਲਗਵਾਈ ਗਈ। ਇਸ ਮੌਕੇ ਪਹੁੰਚੇ ਬੁਲਾਰਿਆਂ ਨੇ ਲੋਕਾਂ ਨੂੰ ਬਾਬਾ ਸਾਹਿਬ ਦੇ ਫਲਸਫੇ ਤੋਂ ਜਾਣੂ ਕਰਵਾਇਆ। ਮੁੱਖ ਬੁਲਾਰਿਆਂ ਵਿੱਚ ਸੁਖਵਿੰਦਰ ਸਿੰਘ ਟੋਨੀ, ਕਪਿਲ ਮੇਘਵਾਲ, ਜਸਵੀਰ ਪੰਡੋਰੀ ਨਿੱਜਰ, ਨਰੇਸ਼ ਢੇਹਪੁਰ ਨੇ ਆਪਣੇ ਵਿਚਾਰ ਪੇਸ਼ ਕੀਤੇ। ਬੱਚੀਆਂ ਵੱਲੋਂ ਬਾਬਾ ਸਾਹਿਬ ਦੇ ਗੀਤਾਂ ਤੇ ਕੀਤੀ ਕੋਰਿਓਗ੍ਰਾਫੀ ਪ੍ਰੋਗਰਾਮ ਵਿੱਚ ਖਿੱਚ ਦਾ ਕੇਂਦਰ ਰਹੀ। ਬੱਚੀ ਅਮਾਨਤ ਸੰਧੂ ਨੇ ਮਾਤਾ ਸਵਿੱਤਰੀ ਬਾਈ ਫੂਲੇ ਜੀ ਦਾ ਇਤਿਹਾਸ ਸੁਣਾ ਆਏ ਹੋਏ ਲੋਕਾਂ ਦੇ ਰੌਂਗਟੇ ਖੜ੍ਹੇ ਕਰ ਦਿੱਤੇ। ਪ੍ਰਬੰਧਕ ਕਮੇਟੀ ਵੱਲੋਂ ਕੁਲਦੀਪ ਚੁੰਬਰ ਕੈਨੇਡਾ,ਬੰਟੀ ਸਰੋਆ (ਯੂ ਏ ਈ) ਅਤੇ ਬਲਵੀਰ ਸਿੰਘ ਯੂਕੇ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਆਏ ਹੋਏ ਬੁਲਾਰਿਆਂ ਅਤੇ ਮਹਿਮਾਨਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਅੰਤ ਵਿੱਚ ਪ੍ਰਗਟ ਸਿੰਘ ਚੁੰਬਰ ਨੇ ਪਹੁੰਚੀਆਂ ਮੁੱਖ ਸਖਸ਼ੀਅਤਾਂ, ਬੁਲਾਰਿਆਂ ਅਤੇ ਦੂਰ ਦੁਰਾਡੇ ਤੋਂ ਆਏ ਹੋਏ ਲੋਕਾਂ ਦਾ ਧੰਨਵਾਦ ਕੀਤਾ। ਸਟੇਜ ਦਾ ਸੰਚਾਲਨ ਐਂਕਰ ਦਿਨੇਸ਼ ਦੀਪ ਸ਼ਾਮ ਚੁਰਾਸੀ ਵਲੋਂ ਕੀਤਾ ਗਿਆ ਲ ਇਸ ਮੌਕੇ ਪ੍ਰਗਟ ਸਿੰਘ ਚੁੰਬਰ, ਬਲਵੀਰ ਸਿੰਘ ਭਾਟੀਆ ਯੂ ਕੇ, ਕੁਲਦੀਪ ਚੁੰਬਰ ਕੈਨੇਡਾ, ਬੰਟੀ ਸਰੋਆ ਯੂ ਏ ਈ, ਹਨੀਸ਼ ਭਾਟੀਆ, ਰਣਜੀਤ ਰਾਣਾ, ਲਵਦੀਪ ਸਿੰਘ, ਬਲਜੀਤ ਸਿੰਘ ਏ ਐਸ ਆਈ, ਸਤਨਾਮ ਸਿੰਘ, ਮਿੰਟੂ ਭਾਟੀਆ, ਆਕਾਸ਼ ਚੁੰਬਰ, ਵਿਸ਼ਾਲ ਚੁੰਬਰ, ਗੁਰਜੋਤ ਨੂਰ ਚੁੰਬਰ, ਜੱਗੀ ਚੁੰਬਰ, ਮਨਜੀਤ ਸਿੰਘ ਚੁੰਬਰ, ਉਂਕਾਰ ਰਾਣਾ, ਰਾਮ ਪ੍ਰਕਾਸ਼ ਸਿੰਘ ਲੰਬੜਦਾਰ, ਕੈਪਟਨ ਗੁਰਮੇਲ ਪਾਲ ਸਿੰਘ, ਇੰਜੀਨੀਅਰ ਜਗਜੀਤ ਸਿੰਘ, ਮਾਸਟਰ ਧਰਮਪਾਲ ਸਿੰਘ, ਜੱਸਾ ਚੁੰਬਰ, ਲਖਵੀਰ ਸਿੰਘ ਏ ਐਸ ਆਈ, ਕੁਲਵੀਰ ਸਿੰਘ ਘੁੜਿਆਲ, ਅਮਰਜੀਤ ਭੱਟੀ, ਕੁਲਵਿੰਦਰ ਭੇਲਾਂ, ਕਮਲ ਭੇਲਾਂ, ਨਰਿੰਦਰ ਸਲਾਲਾ, ਬਲਵਿੰਦਰ ਸਰਪੰਚ ਕੋਟਲਾ, ਹੈਪੀ ਫੰਬੀਆਂ, ਮਨਪ੍ਰੀਤ ਮੰਤਰੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਬੱਚੇ ਬਜ਼ੁਰਗ ਅਤੇ ਬੀਬੀਆਂ ਨੇ ਪ੍ਰੋਗਰਾਮ ਵਿੱਚ ਹਾਜ਼ਰੀ ਭਰੀ।







# ਵਿਧਾਇਕ ਨਰਿੰਦਰ ਕੌਰ ਭਰਾਜ ਵੱਲੋਂ ਅੱਠਵੀਂ ਵਿੱਚੋਂ ਜ਼ਿਲ੍ਹਾ ਸੰਗਰੂਰ 'ਚੋਂ ਪਹਿਲਾ ਸਥਾਨ ਹਾਸਲ ਕਰਨ ਵਾਲੀ ਵਿਦਿਆਰਥਣ ਡੇਜ਼ੀ ਅਗਰਵਾਲ ਦਾ ਸਨਮਾਨ

**ਸੰਗਰੂਰ, (ਦਲਜੀਤ ਕੌਰ)** ਹਾਲ ਹੀ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਅੱਠਵੀਂ ਜਮਾਤ ਦੇ ਨਤੀਜਿਆਂ ਵਿੱਚ ਪੰਜਾਬ ਵਿੱਚੋਂ ਸੱਤਵਾਂ ਅਤੇ ਜ਼ਿਲ੍ਹਾ ਸੰਗਰੂਰ ਵਿਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਹੋਣਹਾਰ ਵਿਦਿਆਰਥਣ ਡੇਜ਼ੀ ਅਗਰਵਾਲ ਨੂੰ ਅੱਜ ਵਿਧਾਇਕ ਨਰਿੰਦਰ ਕੌਰ ਭਰਾਜ ਵੱਲੋਂ ਆਪਣੀ



ਰਿਹਾਇਸ਼ ਵਿਖੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਵਿਧਾਇਕ ਨਰਿੰਦਰ ਕੌਰ ਭਰਾਜ ਨੇ ਡੇਜ਼ੀ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵੀ ਵਧਾਈ ਦਿੱਤੀ ਅਤੇ ਡੇਜ਼ੀ ਨੂੰ ਭਵਿੱਖ ਵਿੱਚ ਹੋਰ ਵੀ ਬੁਲੰਦੀਆਂ ਛੂਹਣ ਦਾ ਆਸ਼ੀਰਵਾਦ ਦਿੱਤਾ।

ਵਿਧਾਇਕ ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਪੰਜਾਬ ਦੀਆਂ ਹੋਣਹਾਰ ਬੇਟੀਆਂ ਆਪਣੀ ਮਿਹਨਤ ਤੇ ਲਗਨ ਨਾਲ ਹਰ ਖੇਤਰ ਵਿੱਚ ਸੂਬੇ ਤੇ ਦੇਸ਼ ਦਾ ਨਾਮ ਰੌਸ਼ਨ ਕਰ ਰਹੀਆਂ ਹਨ। ਜ਼ਿਕਰਯੋਗ ਹੈ ਕਿ ਸੰਗਰੂਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੀ ਵਿਦਿਆਰਥਣ ਡੇਜ਼ੀ ਅਗਰਵਾਲ ਵੱਲੋਂ ਬੋਰਡ ਦੀਆਂ ਪ੍ਰੀਖਿਆਵਾਂ ਵਿੱਚ 600 ਵਿੱਚੋਂ 593 ਅੰਕ ਲੈ ਕੇ ਇਹ ਮਾਣ ਹਾਸਲ ਕੀਤਾ ਗਿਆ ਹੈ। ਵਿਧਾਇਕ ਨੇ ਆਪਣੀ ਤਨਖਾਹ ਵਿੱਚੋਂ ਵਿੱਤੀ ਸਹਾਇਤਾ ਵਜੋਂ ਡੇਜ਼ੀ ਨੂੰ ਸਨਮਾਨਿਤ ਕੀਤਾ ਅਤੇ ਉਸਦੇ ਪਿਤਾ ਭੂਸ਼ਣ ਕੁਮਾਰ ਅਤੇ ਮਾਤਾ ਨੀਨਾ ਰਾਣੀ ਦੀ ਵੀ ਸ਼ਲਾਘਾ ਕੀਤੀ ਕਿ ਮਾਪਿਆਂ ਦੀ ਨਿਰੰਤਰ ਪ੍ਰੇਰਨਾ ਅਤੇ ਹੱਲਾਸ਼ੇਰੀ ਸਦਕਾ ਹੀ ਬੱਚੇ ਸਫਲਤਾ ਦੇ ਸਮਰੱਥ ਬਣਦੇ ਹਨ।

ਉਨ੍ਹਾਂ ਡੇਜ਼ੀ ਅਗਰਵਾਲ ਨੂੰ ਕਿਹਾ ਕਿ ਉਹ ਮਿਹਨਤ ਦਾ ਰਾਹ ਕਦੇ ਵੀ ਨਾ ਛੱਡੇ ਕਿਉਂਕਿ ਇਹ ਰਾਹ ਹੀ ਭਵਿੱਖ ਵਿੱਚ ਉਸ ਲਈ ਮਹੱਤਵਪੂਰਨ ਅਤੇ ਵੱਡੀਆਂ ਪ੍ਰਾਪਤੀਆਂ ਦਾ ਸਾਰਥਕ ਕਾਰਨ ਸਾਬਿਤ ਹੋਵੇਗਾ।

# ਸਰਕਾਰੀ ਕਾਲਜ ਜਾਡਲਾ ਵੱਲੋਂ ਵਿਦਿਆਰਥੀਆਂ ਦਾ ਤਿੰਨ ਦਿਨਾਂ ਵਿਦਿਅਕ ਟੂਰ ਕਰਵਾਇਆ ਗਿਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸਰਦਾਰ ਦਿਲਬਾਗ ਸਿੰਘ ਸਰਕਾਰੀ ਕਾਲਜ, ਜਾਡਲਾ ਵੱਲੋਂ ਡਲਹੌਜੀ, ਹਿਮਾਚਲ ਪ੍ਰਦੇਸ਼ ਵਿਖੇ ਵਿਦਿਆਰਥੀਆਂ ਦੇ ਤਿੰਨ ਦਿਨਾਂ ਵਿਦਿਅਕ ਟੂਰ ਦਾ ਆਯੋਜਨ ਕੀਤਾ ਗਿਆ। ਕਾਲਜ ਪ੍ਰਿੰਸੀਪਲ ਮੈਡਮ ਸਿੰਮੀ ਜੌਹਲ ਵੱਲੋਂ 26 ਅਪ੍ਰੈਲ ਸਵੇਰੇ ਟੂਰ ਨੂੰ ਰਵਾਨਾ ਕੀਤਾ ਗਿਆ। ਇਸ ਟੂਰ ਦੀ ਅਗਵਾਈ ਕਾਲਜ ਦੇ ਸਰੀਰਿਕ ਸਿੱਖਿਆ ਵਿਸ਼ੇ ਦੇ ਸਹਾਇਕ ਪ੍ਰੋਫੈਸਰ ਪ੍ਰਿਆ ਬਾਵਾ ਨੇ ਕੀਤੀ ਅਤੇ ਕਾਲਜ ਦੇ ਲੋਕ ਪ੍ਰਸ਼ਾਸਨ ਵਿਸ਼ੇ ਦੇ ਸਹਾਇਕ ਪ੍ਰੋਫੈਸਰ ਡਾ। ਬਲਜੀਤ ਕੌਰ ਵੀ ਟੂਰ ਦੌਰਾਨ ਨਾਲ ਮੌਜੂਦ ਸਨ। ਡਲਹੌਜ਼ੀ ਵਿਖੇ ਪਹਿਲੇ ਦਿਨ ਵਿਦਿਆਰਥੀਆਂ ਨੇ ਡਲਹੌਜ਼ ਮਾਰਕਿਟ ਘੁੰਮੀ। ਟੂਰ ਦੇ ਦੂਸਰੇ ਦਿਨ ਵਿਦਿਆਰਥੀਆਂ ਵੱਲੋਂ ਕਾਲੀ ਮਾਤਾ ਮੰਦਰ ਵਿਖੇ ਨਮਸਤਕ ਹੋਣ ਤੋਂ ਬਾਅਦ ਖਜਿਆਰ ਦੀਆਂ ਵਾਦੀਆਂ ਦਾ ਲੁਤਫ਼ ਉਠਾਇਆ ਗਿਆ। ਇਥੇ ਹੀ ਕੁੱਝ ਵਿਦਿਆਰਥੀਆਂ ਵੱਲੋਂ ਪੈਰਾਗਲਾਈਡਿੰਗ ਵੀ ਕੀਤੀ ਗਈ। ਟੂਰ ਦੇ ਆਖਰੀ ਦਿਨ ਵਿਦਿਆਰਥੀਆਂ ਵੱਲੋਂ ਪੰਚਪੁਲਾ ਵਿਖੇ ਪਗੜੀ ਸੰਭਾਲ ਜੱਟਾ ਲਹਿਰ ਦੇ ਮੋਢੀ ਸ ਅਜੀਤ ਸਿੰਘ ਜੀ ਦੀ ਸਮਾਧ ਵਿਖੇ ਨਮਸਤਕ ਹੋਣ ਤੋਂ ਬਾਅਦ ਪੰਚਪੁਲਾ ਦੀ ਮਾਰਕਿਟ ਘੁੰਮੀ ਗਈ। ਇਸ ਉਪਰੰਤ ਵਿਦਿਆਰਥੀ ਅਤੇ ਸਟਾਫ਼ ਵਾਪਸੀ ਲਈ ਰਵਾਨਾ ਹੋਏ। ਵਿਦਿਆਰਥੀਆਂ ਨੇ ਆਪਣੇ ਟੂਰ ਨੂੰ ਰੋਮਾਂਚਕ ਅਤੇ ਗਿਆਨ ਭਰਪੂਰ ਕਰਾਰ ਦਿੱਤਾ।








ਏਕਨੂਰ ਕੌਰ, ਗੁਰੂ ਨਾਨਕ ਇੰਟਰਨੈਸ਼ਨਲ ਪਬਲਿਕ ਸਕੂਲ, ਲੁਧਿਆਣਾ ਦੁਆਰਾ ਬਣਾਈਆਂ ਗਈਆਂ ਕੁਝ ਪੇਂਟਿੰਗਸ

# ਉਸਾਰੀ ਕਿਰਤੀਆਂ ਨੂੰ 4 ਸਾਲਾਂ ਤੋਂ ਨਹੀਂ ਮਿਲ ਰਹੀ ਭਲਾਈ ਸਕੀਮਾਂ ਦੀ ਵਿੱਤੀ ਸਹਾਇਤਾ - ਬਲਦੇਵ ਭਾਰਤੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** "ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀਆਂ ਵੱਖ ਵੱਖ ਭਲਾਈ ਸਕੀਮਾਂ ਤਹਿਤ ਰਜਿਸਟਰਡ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪ੍ਰੀਵਾਰਾਂ ਨੂੰ ਦਿੱਤੀ ਜਾਣ ਵਾਲੀ ਵਿੱਤੀ ਸਹਾਇਤਾ ਪਿਛਲੇ 4 ਸਾਲਾਂ ਤੋਂ ਲਾਭਪਾਤਰੀਆਂ ਨੂੰ ਨਹੀਂ ਮਿਲ ਰਹੀ। ਬੜੇ ਦੁੱਖ ਦੀ ਗੱਲ ਹੈ ਕਿ ਪੰਜਾਬ ਸਰਕਾਰ ਉਸਾਰੀ ਕਿਰਤੀਆਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਦਿਆਂ ਉਨ੍ਹਾਂ ਨੂੰ ਨਿਰਾਸ਼ ਕਰ ਰਹੀ ਹੈ।" ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਬਲਦੇਵ ਭਾਰਤੀ ਕਨਵੀਨਰ ਨੈਸ਼ਨਲ ਲੇਬਰ ਆਰਗੇਨਾਈਜੇਸ਼ਨ (ਐਨ।ਐਲ।ਓ।) ਨੇ ਸਖਤ ਰੋਸ ਜਾਹਰ ਕੀਤਾ। ਉਨ੍ਹਾਂ ਦੱਸਿਆ ਕਿ "ਉਸਾਰੀ ਕਿਰਤੀਆਂ ਵਿੱਚ ਮਨਰੇਗਾ ਔਰਤਾਂ/ਪੁਰਸ਼ ਮਜ਼ਦੂਰ, ਰਾਜ ਮਿਸਤਰੀ/ਮਜ਼ਦੂਰ, ਪੇਂਟਰ, ਪਲੰਬਰ, ਕਾਰਪੇਂਟਰ, ਸਟੀਲ ਫਿਕਸਰ, ਮਾਰਬਲ/ਟਾਈਲ ਮਿਸਤਰੀ/ਮਜ਼ਦੂਰ, ਪੱਥਰ ਰਗੜਾਈ ਵਾਲੇ, ਸੜਕਾਂ ਬਣਾਉਣ ਵਾਲੇ ਮਜ਼ਦੂਰ, ਇਲੈਕਟ੍ਰੀਸ਼ੀਅਨ, ਪੀਓਪੀ ਮਿਸਤਰੀ/ਮਜ਼ਦੂਰ, ਪਥੇਰ ਅਤੇ ਕੱਚੀ ਇੱਟ ਦੀ ਭਰਾਈ ਕਰਨ ਵਾਲੇ ਭੱਠਾ ਮਜ਼ਦੂਰ ਆਉਂਦੇ ਹਨ।"



ਐਨਐਲਓ ਦੇ ਮੁੱਖੀ ਬਲਦੇਵ ਭਾਰਤੀ ਨੇ ਦੱਸਿਆ ਕਿ "ਉਸਾਰੀ ਕਿਰਤੀਆਂ ਲਈ ਵਜ਼ੀਫਾ ਸਕੀਮ 3000/-ਰੁ। ਤੋਂ ਲੈ ਕੇ 70,000/- ਰੁ। ਤੱਕ ਸਲਾਨਾ, ਸ਼ਗਨ ਸਕੀਮ ਅਧੀਨ ਲੜਕੀ ਦੀ ਸ਼ਾਦੀ ਲਈ 51,000/-ਰੁ।, ਬਾਲੜੀ ਤੋਹਫਾ ਸਕੀਮ ਤਹਿਤ ਲੜਕੀ ਦੇ ਜਨਮ ਤੇ 75,000/- ਰੁ। ਦੀ ਐਫਡੀ, ਪ੍ਰਸੂਤਾ ਸਕੀਮ ਤਹਿਤ ਇਸਤਰੀ ਲਾਭਪਾਤਰੀਆਂ ਦੇ ਨਵੇਂ ਜਨਮੇ ਬੱਚੇ ਲਈ 21,000/- ਰੁ:, ਲਾਭਪਾਤਰੀ ਅਤੇ ਉਸ ਦੇ ਪਰਿਵਾਰਿਕ ਮੈਂਬਰਾਂ ਲਈ ਚਸ਼ਮੇ ਵਾਸਤੇ 800/- ਰੁ। ਦੰਦਾਂ ਵਾਸਤੇ 5000/-ਰੁ। ਅਤੇ ਸੁਣਨ ਯੰਤਰ ਲਗਵਾਉਣ ਲਈ 6000/-ਰੁ।, ਜਨਰਲ ਸਰਜਰੀ ਵਿੱਤੀ ਸਹਾਇਤਾ ਸਕੀਮ ਤਹਿਤ 50,000/-ਰੁ।, ਖਤਰਨਾਕ ਬਿਮਾਰੀਆਂ ਦੇ ਇਲਾਜ ਲਈ 1,00,000/- ਰੁ:, ਪੈਨਸ਼ਨ ਸਕੀਮ ਤਹਿਤ 3,000/-ਰੁ: ਮਾਸਿਕ, ਦਾਹ ਸੰਸਕਾਰ ਅਤੇ ਅੰਤਿਮ ਕਿਰਿਆ-ਕ੍ਰਮ ਵਿੱਤੀ ਸਹਾਇਤਾ ਸਕੀਮ ਤਹਿਤ ਲਾਭਪਾਤਰੀ ਅਤੇ ਪਰਿਵਾਰਿਕ ਮੈਂਬਰ ਦੀ ਮੌਤ ਤੇ 20,000/-ਰੁ:, ਮਾਨਸਿਕ ਰੋਗੀ ਅਤੇ ਅਪੰਗ ਬੱਚਿਆਂ ਦੀ ਸਾਂਭ ਸੰਭਾਲ ਵਿੱਤੀ ਸਹਾਇਤਾ ਸਕੀਮ ਤਹਿਤ 20,000/-ਰੁ: ਸਲਾਨਾ, ਐਲ।ਟੀ।ਸੀ। ਸਕੀਮ ਅਧੀਨ 10,000/-ਰੁ। ਦਾ ਯਾਤਰਾ ਭੱਤਾ, ਐਕਸਗ੍ਰੇਸ਼ੀਆ ਗ੍ਰਾਂਟ ਸਕੀਮ ਤਹਿਤ ਲਾਭਪਾਤਰੀ ਦੀ ਕੁਦਰਤੀ ਮੌਤ ਹੋਣ ਤੇ 2 ਲੱਖ ਰੁ, ਦੁਰਘਟਨਾ ਵਿੱਚ ਮੌਤ ਹੋਣ ਤੇ 4 ਲੱਖ ਰੁਪਏ ਅਤੇ ਪੂਰਨ ਅਪੰਗਤਾ (100%) ਹੋਣ ਤੇ ਐਕਸਗ੍ਰੇਸ਼ੀਆ ਸਕੀਮ ਅਧੀਨ 4 ਲੱਖ ਰੁਪਏ ਅਤੇ ਆਂਸ਼ਕ ਅਪੰਗਤਾ ਦੀ ਸੂਰਤ ਵਿੱਚ ਇੱਕ ਪ੍ਰਤੀਸ਼ਤ ਅਪੰਗਤਾ ਲਈ 4000/-ਰੁ: ਜੋ ਕਿ ਵੱਧ ਤੋਂ ਵੱਧ 4 ਲੱਖ ਰੁ: ਤੱਕ ਦੀ ਵਿੱਤੀ ਸਹਾਇਤਾ ਆਦਿ ਪ੍ਰਵਾਨਿਤ ਸਕੀਮਾਂ ਹਨ।" ਮਜ਼ਦੂਰ ਆਗੂ ਬਲਦੇਵ ਭਾਰਤੀ ਨੇ ਦੱਸਿਆ ਕਿ" ਇਹ ਭਲਾਈ ਸਕੀਮਾਂ ਸਬ ਡਵੀਜ਼ਨਲ ਕਮੇਟੀਆਂ ਵਲੋਂ ਸਬ ਡਵੀਜ਼ਨਲ ਮੈਜਿਸਟ੍ਰੇਟ ਦੀ ਪ੍ਰਧਾਨਗੀ ਵਿੱਚ ਪ੍ਰਵਾਨ ਕੀਤੀਆਂ ਜਾਂਦੀਆਂ ਹਨ। ਪਰ ਪਿਛਲੇ ਕਰੀਬ 4 ਸਾਲਾਂ ਤੋਂ ਇਨ੍ਹਾਂ ਕਮੇਟੀਆਂ ਵਲੋਂ ਪ੍ਰਵਾਨ ਕੀਤੀਆਂ ਭਲਾਈ ਸਕੀਮਾਂ ਲਈ ਕੋਈ ਵਿੱਤੀ ਸਹਾਇਤਾ ਲਾਭਪਾਤਰੀਆਂ ਨੂੰ ਪ੍ਰਦਾਨ ਨਹੀਂ ਕੀਤੀ ਜਾ ਰਹੀ।" ਉਨ੍ਹਾਂ ਪੁਰਜੋਰ ਮੰਗ ਕੀਤੀ ਕਿ" ਇਨ੍ਹਾਂ ਕਮੇਟੀਆਂ ਵਲੋਂ ਪ੍ਰਵਾਨ ਕੀਤੀਆਂ ਭਲਾਈ ਸਕੀਮਾਂ ਦੀ ਵਿੱਤੀ ਸਹਾਇਤਾ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਤੁਰੰਤ ਪਾਈ ਜਾਵੇ।"

# ਪਾਵਰਕੌਮ ਪੈਨਸ਼ਨਰਜ਼ ਐਸੋਸੀਏਸ਼ਨ ਨੇ ਮਜ਼ਦੂਰ ਦਿਵਸ ਪੂਰੇ ਇਨਕਲਾਬੀ ਜੋਸ਼ ਨਾਲ ਮਨਾਇਆ

**ਬਰਨਾਲਾ, (ਦਲਜੀਤ ਕੌਰ )-** ਪਾਵਰਕੌਮ ਪੈਨਸ਼ਨਰਜ਼ ਐਸੋਸੀਏਸ਼ਨ ਨੇ ਮਜ਼ਦੂਰ ਦਿਵਸ ਪੂਰੇ ਇਨਕਲਾਬੀ ਜੋਸ਼ ਨਾਲ ਧਨੌਲਾ ਰੋਡ ਮੁੱਖ ਦਫਤਰ ਵਿਖੇ ਮਨਾਇਆ। ਪੈਨਸ਼ਨਰਜ਼ ਐਸੋਸੀਏਸ਼ਨ ਦਾ ਝੰਡਾ ਲਹਿਰਾਉਣ ਦੀ ਰਸਮ ਸੂਬਾਈ ਆਗੂ ਸ਼ਿੰਦਰ ਧੌਲਾ ਨੇ ਨਿਭਾਈ। ਦੋ ਮਿੰਟ ਦਾ ਮੋਨ ਧਾਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਅਤੇ ਸ਼ਹੀਦਾਂ ਦੇ ਲੁੱਟ,ਜਬਰ ਅਤੇ ਦਾਬੇ ਤੋਂ ਰਹਿਤ ਅਧੂਰੇ ਕਾਰਜ ਨੂੰ ਜਾਰੀ ਰੱਖਣ ਦਾ ਅਹਿਦ ਕੀਤਾ। ਇਸ ਸਮੇਂ ਸ਼ਹਿਰੀ ਅਤੇ ਦਿਹਾਤੀ ਮੰਡਲ ਦੇ ਪੈਨਸ਼ਨਰਾਂ ਨੇ ਪੂਰੇ ਉਤਸ਼ਾਹ ਨਾਲ ਭਾਗ ਲਿਆ।






ਦਫਤਰ ਵਿਖੇ ਹੋਈ ਵਿਸ਼ਾਲ ਰੈਲੀ ਨੂੰ ਮਹਿੰਦਰ ਸਿੰਘ ਕਾਲਾ, ਗੁਰਚਰਨ ਸਿੰਘ, ਜਗਦੀਸ਼ ਸਿੰਘ, ਜੱਗਾ ਸਿੰਘ, ਰੂਪ ਚੰਦ, ਜੋਗਿੰਦਰ ਪਾਲ, ਰਜਿੰਦਰ ਸਿੰਘ, ਰਾਮ ਸਿੰਘ, ਨਰਾਇਣ ਦੱਤ ਆਦਿ ਆਗੂਆਂ ਨੇ ਮਈ ਦਿਵਸ ਦੀ ਇਤਿਹਾਸਕ ਮਹੱਤਤਾ ਤੋਂ ਜਾਣੂ ਕਰਵਾਇਆ ਗਿਆ। ਆਗੂਆਂ ਕਿਹਾ ਕਿ ਮਈ ਦਿਵਸ ਦੇ ਸ਼ਹੀਦਾਂ ਦੀ ਵਿਚਾਰਧਾਰਾ ਅੱਜ ਵੀ ਪ੍ਰੇਰਨਾਸ੍ਰੋਤ ਹੈ।

ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਸ਼ਿੰਗਾਰਾ ਸਿੰਘ, ਹਰਜੀਤ ਸਿੰਘ, ਸੁਖਚੈਨ ਸਿੰਘ, ਦਰਸ਼ਨ ਸਿੰਘ, ਗੁਰ-ਜੰਟ ਸਿੰਘ, ਜਗਰਾਜ ਸਿੰਘ,ਬਲਵੰਤ ਸਿੰਘ, ਮੋਹਣ ਸਿੰਘ, ਜਗਮੀਤ ਸਿੰਘ, ਬੂਟਾ ਸਿੰਘ, ਗਮਦੂਰ ਸਿੰਘ ਆਦਿ ਨੇ ਕਿਹਾ ਕਿ ਸਾਮਰਾਜੀ ਨੀਤੀਆਂ ਨੂੰ ਕੇਂਦਰੀ ਅਤੇ ਸੂਬਾਈ ਸਰਕਾਰਾਂ ਵੱਲੋਂ ਲੋਕ/ਮੁਲਾਜ਼ਮ ਵਿਰੋਧੀ ਨੀਤੀਆਂ ਨੂੰ ਨਵੀਂ ਆਰਥਿਕ ਤੇ ਸਨਅਤੀ ਨੀਤੀਆਂ ਨੂੰ ਤੇਜ਼ੀ ਨਾਲ ਲਾਗੂ ਕੀਤਾ ਜਾ ਰਿਹਾ ਹੈ। ਇਨ੍ਹਾਂ ਨੀਤੀਆਂ ਨਾਲ ਕਿਰਤੀਆਂ ਦੀ ਤਿੱਖੀ ਰੱਤ ਨਿਚੋੜੀ ਜਾ ਰਹੀ ਹੈ। ਮੁਲਾਜ਼ਮਾਂ/ਪੈਨਸ਼ਨਰਾਂ ਵੱਲੋਂ ਸਿਰੜੀ ਸੰਘਰਸ਼ ਦੀ ਬਦੌਲਤ ਹਾਸਲ ਕੀਤੀਆਂ ਸਹੂਲਤਾਂ ਨੂੰ ਵੀ ਖੋਹਿਆ ਜਾ ਰਿਹਾ ਹੈ। ਇਸ ਲਈ ਕਿਰਤੀ ਜਮਾਤ ਨੂੰ ਆਪਣੇ ਹਿੱਤਾਂ ਦੀ ਰਾਖੀ ਕਰਨ ਲਈ ਤਿੱਖੇ ਵਿਸ਼ਾਲ ਸੰਘਰਸ਼ਾਂ ਦੀ ਲੋੜ ਹੈ। ਵਿਸ਼ਾਲ ਰੈਲੀ ਕਰਨ ਉਪਰੰਤ 'ਮਈ ਦਿਵਸ ਦੇ ਸ਼ਹੀਦਾਂ ਨੂੰ-ਲਾਲ ਸਲਾਮ, ਮਈ ਦਿਵਸ ਦੇ ਸ਼ਹੀਦਾਂ ਦਾ ਪੈਗ਼ਾਮ-ਜਾਰੀ ਰੱਖਣਾ ਹੈ ਸੰਗਰਾਮ, ਇਨਕਲਾਬ-ਜਿੰਦਾਬਾਦ, ਸਾਮਰਾਜਵਾਦ -ਮੁਰਦਾਬਾਦ, ਮਈ ਦਿਵਸ ਦੇ ਸ਼ਹੀਦ-ਅਮਰ ਰਹਿਣ' ਆਦਿ ਅਕਾਸ਼ ਗੁੰਜਾਊ ਨਾਹਰੇ ਮਾਰਦਿਆਂ ਜੋਸ਼ੀਲਾ ਇਨਕਲਾਬੀ ਮਾਰਚ ਕੀਤਾ।






# ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸਸੀਬੀਸੀ ਇੰਪਲਾਈਜ ਵੈਲਫੇਅਰ ਫੈਡਰੇਸ਼ਨ ਦੇ ਵਫ਼ਦ ਨੇ ਭੱਖਦੀਆਂ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਦਿੱਤਾ ਮੰਗ ਪੱਤਰ

**ਫਗਵਾੜਾ 30 ਅਪ੍ਰੈਲ (ਬੀਕੇ ਰੱਤੂ)–** ਐਸਸੀ/ਬੀਸੀ ਮੁਲਾਜ਼ਮ ਵਰਗ ਅਤੇ ਸਮਾਜ ਦੀ ਆਵਾਜ਼ ਬੁਲੰਦ ਕਰਨ ਵਾਲੀ ਜੱਥੇਬੰਦੀ ਗਜ਼ਟਿਡ ਅਤੇ ਨਾਨ ਗਜ਼ਟਿਡ ਐਸ।ਸੀ/ਬੀ।ਸੀ ਇੰਪਲਾਈਜ਼ ਵੈੱਲਫ਼ੇਅਰ ਫ਼ੈਡਰੇਸ਼ਨ ਇਕਾਈ ਕਪੂਰਥਲਾ ਦੇ ਜ਼ਿਲ੍ਹਾ ਪ੍ਰਧਾਨ ਅਤੇ ਐਡੀਸ਼ਨਲ ਸਟੇਟ ਪ੍ਰਧਾਨ ਸ੍ਰੀ ਸਤਵੰਤ ਸਿੰਘ ਟੂਰਾ, ਸ੍ਰੀ ਮਨਜੀਤ ਗਾਟ ਜ਼ਿਲ੍ਹਾ ਖਜ਼ਾਨਚੀ, ਲਖਵੀਰ ਚੰਦ ਜ਼ਿਲ੍ਹਾ ਪ੍ਰੈਸ ਸਕੱਤਰ , ਬਲਵਿੰਦਰ ਨਿਧੜਕ ਬਲਾਕ ਪ੍ਰਧਾਨ ਫਗਵਾੜਾ, ਪੰਕਜ ਸਿੰਘ ਰਾਵਤ ਅਤੇ ਅਸ਼ੋਕ ਮੂਲਨਿਵਾਸੀ ਦੀ ਅਗਵਾਈ ਵਿੱਚ ਇੱਕ ਵਫ਼ਦ ਮੁਲਾਜ਼ਮ ਵਰਗ ਦੀਆਂ ਭਖਦੀਆਂ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਮਾਨ ਨੂੰ ਫਗਵਾੜਾ ਵਿਖੇ ਮਿਲਿਆ ਅਤੇ ਮੁਲਾਜ਼ਮ ਵਰਗ ਦੀਆਂ ਭਖਦੀਆਂ ਮੰਗਾਂ ਸਬੰਧੀ ਵਿਚਾਰ ਚਰਚਾ ਕੀਤੀ। ਮੁੱਖ ਮੰਗਾਂ ਜਿਨ੍ਹਾਂ ਨੂੰ ਫੈਡਰੇਸ਼ਨ ਵੱਲੋਂ ਬੜੇ ਹੀ ਜ਼ੋਰ ਅਤੇ ਤਰਕ ਨਾਲ ਮੁੱਖ ਮੰਤਰੀ ਪੰਜਾਬ ਅੱਗੇ ਪੇਸ਼ ਕੀਤਾ ਵਿੱਚ ਪ੍ਰਸੋਨਲ ਵਿਭਾਗ ਵੱਲੋਂ ਜਾਰੀ ਗੈਰ- ਸੰਵਿਧਾਨਕ ਤੇ ਦਲਿਤ ਮੁਲਾਜ਼ਮ ਮਾਰੂ 10 ਅਕਤੂਬਰ 2014 ਦੇ ਪੱਤਰ ਨੂੰ ਜਾਰੀ ਹੋਣ ਦੀ ਮਿਤੀ ਤੋਂ ਰੱਦ ਕਰਵਾਉਣ, 85ਵੀ ਸੰਵਿਧਾਨਕ ਸੋਧ ਪੂਰਨ ਤੌਰ ਤੇ ਬਹਾਲ ਕਰਵਾਉਣ, ਪੁਰਾਣੀ ਪੈਨਸ਼ਨ ਸਕੀਮ ਨੂੰ 1972 ਦੇ ਨਿਯਮਾਂ



ਅਧੀਨ ਲਾਗੂ ਕਰਵਾਉਣਾ, ਭਾਵੇਂ ਲੰਗੜਾ ਜਿਹਾ ਨੋਟੀਫ਼ਿਕੇਸ਼ਨ ਸਰਕਾਰ ਵੱਲੋਂ ਜਾਰੀ ਕੀਤਾ ਗਿਆ ਪਰ ਅਜੇ ਤੱਕ ਨਾ ਤਾਂ ਮੁਲਾਜ਼ਮਾਂ ਨੂੰ ਜੀ ਪੀ ਐਫ ਨੰਬਰ ਅਲਾਟ ਕਰਨੇ ਸ਼ੁਰੂ ਕੀਤੇ ਹਨ ਤੇ ਨਾ ਹੀ ਐਨ ਪੀ ਐਸ ਕਟੌਤੀ ਬੰਦ ਕਰਕੇ ਜੀ ਪੀ ਐਫ ਕੱਟਣਾ ਸ਼ੁਰੂ ਕੀਤਾ ਗਿਆ ਹੈ।

ਕੰਪਿਊਟਰ ਅਧਿਆਪਕਾਂ ਨੂੰ ਛੇਵੇਂ ਤਨਖਾਹ ਕਮਿਸ਼ਨ ਦੇ ਘੇਰੇ ਅਧੀਨ ਲਿਆ ਕੇ ਸਿੱਖਿਆ ਵਿਭਾਗ ਵਿੱਚ ਮਰਜ਼ ਕਰਨ, ਐਸ ਐਸ ਏ ਦਫ਼ਤਰੀ ਕਰਮਚਾਰੀਆਂ ਨੂੰ ਰੈਗੂਲਰ ਕਰਵਾਉਣਾ, ਸਿੱਖਿਆ ਐਕਟ 2018 ਅਧੀਨ ਸੈਂਟਰ ਹੈਡ ਟੀਚਰਾਂ ,ਬੀ ਪੀ ਈ ਓਜ, ਲੈਕਚਰਾਰਾਂ ਦੀਆਂ ਫ਼ਰੀਜ ਕੀਤੀਆਂ ਪੋਸਟਾਂ ਨੂੰ ਬੱਚਿਆਂ ਦੀ ਪੜ੍ਹਾਈ ਨੂੰ ਮੁੱਖ ਰੱਖਦਿਆਂ ਬਹਾਲ ਕਰਨ, 8736 ਕੱਚੇ ਅਧਿਆਪਕਾਂ ਨੂੰ ਰੈਗੂਲਰ ਹੋਣ ਦੇ ਆਰਡਰ ਜਾਰੀ ਕਰਵਾਉਣੇ , ਸਿੱਖਿਆ ਵਿਭਾਗ ਵਿੱਚ ਨਿਯੁਕਤੀ/ ਤਰੱਕੀ ਉਪਰੰਤ ਬਦਲੀ ਲਈ 2 ਸਾਲ ਦੀ ਸਟੇਅ ਦੀ ਸ਼ਰਤ ਨੂੰ ਖ਼ਤਮ ਕਰਵਾਉਣਾ,ਮਿਡ ਡੇ ਮੀਲ ਵਰਕਰਾਂ ਨੂੰ ਡੀਸੀ ਰੇਟ ਦੇ ਘੇਰੇ ਅਧੀਨ ਲਿਆਉਣਾ, ਪੇਂਡੂ ਏਰੀਆ ਭੱਤਾ ਅਤੇ ਜੁਲਾਈ 2021ਤੋਂ ਮੁਲਾਜ਼ਮਾਂ ਦੀ ਬੰਦ ਪਈ ਏ ਸੀ ਪੀ ਸਕੀਮ ਬਹਾਲ ਕਰਵਾਉਣਾ ਸ਼ਾਮਿਲ ਸਨ। ਮੁੱਖ ਮੰਤਰੀ ਸਾਹਿਬ ਨੇ ਬਹੁਤ ਹੀ ਧਿਆਨ ਨਾਲ ਸਾਰੀਆਂ ਮੰਗਾਂ ਨੂੰ ਸੁਣਿਆ ਅਤੇ ਕਿਹਾ ਕਿ ਸਰਕਾਰ ਨੂੰ ਕੁਝ ਸਮਾਂ ਦੇਣ ਦੀ ਗੱਲ ਕਹੀ । ਉਹਨਾਂ ਵਿਸ਼ਵਾਸ ਦਵਾਇਆ ਕਿ ਸਾਰੀਆਂ ਮੁਲਾਜ਼ਮ ਮੰਗਾਂ ਇਕ ਇਕ ਕਰ ਕੇ ਪੂਰੀਆਂ ਕੀਤੀਆਂ ਜਾਣਗੀਆਂ। ਜਾਣਕਾਰੀ ਦੇਣ ਸਮੇਂ ਗਿਆਨ ਚੰਦ ਵਾਹਦ, ਵਿਨੋਦ ਕੁਮਾਰ, ਰਜਿੰਦਰ ਕੁਮਾਰ ਬਘਾਣਾ, ਸਤਨਾਮ ਗਿੱਲ, ਅਮਰਿੰਦਰ ਸਿੰਘ, ਸੁਰਜੀਤ ਲਾਲ, ਰਾਮਪਾਲ, ਗੁਰਸੇਵਕ ਸਿੰਘ, ਪਰਵੀਨ ਭੁੱਟਾ, ਮੈਡਮ, ਗਿਆਨ ਸਿੰਘ, ਮਨਿੰਦਰ ਕੌਰ, ਅਨੁਪਮ ਕੰਵਲ, ਮੈਡਮ ਕੁਲਵਿੰਦਰ ਕੌਰ, ਕਮਲੇਸ਼ ਕੌਰ, ਜਸਵੀਰ ਕੁਮਾਰ, ਵਿਜੇ ਕੁਮਾਰ, ਕੁਲਦੀਪ ਰਾਮ ਹਾਜ਼ਰ ਸਨ।

# ਜੌਬ ਲੈਟਰ ਦੀ ਲੋੜ ਨਹੀਂ ਆ ਕੇ ਲੱਭ ਲਿਓ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨੈਸ਼ਨਲ ਪਾਰਟੀ ਨੇ ਆਉਣ ਵਾਲੀਆਂ ਚੋਣਾਂ ਦੇ ਮੱਦੇ ਨਜ਼ਰ ਆਪਣੀ ਸਕੀਮਾਂ ਦੀ ਪਿਟਾਰੀ ਖੋਲ੍ਹਣੀ ਸ਼ੁਰੂ ਕਰ ਦਿੱਤੀ ਹੈ। ਹੁਣ ਸਿਹਤ ਨੀਤੀ ਦਾ ਐਲਾਨ ਕੀਤਾ ਗਿਆ ਹੈ ਕਿ ਜੇਕਰ ਨੈਸ਼ਨਲ ਪਾਰਟੀ ਦੀ ਸਰਕਾਰ ਆਉਂਦੀ ਹੈ ਤਾਂ ਪੰਜ ਸਾਲ ਤੱਕ ਕੰਮ ਕਰਨ ਵਾਲੀਆਂ ਨਵੀਂਆਂ ਨਰਸਾਂ ਨੂੰ ਪ੍ਰਤੀ ਸਾਲ 4500 ਡਾਲਰ ਦਿੱਤੇ ਜਾਇਆ ਕਰਨਗੇ ਤਾਂ ਕਿ ਉਹ ਵਿਦਿਆਰਥੀ ਕਰਜ਼ਾ ਉਤਾਰ ਸਕਣ। ਸ਼ਰਤ ਇਹ ਰੱਖੀ ਜਾਵੇਗੀ ਉਨ੍ਹਾਂ ਨੂੰ ਪੰਜ ਸਾਲ ਤੱਕ ਕੰਮ ਕਰਨਾ ਪਿਆ ਕਰੇਗਾ।

ਐਨਾ ਹੀ ਬੱਸ ਨਹੀਂ ਵਿਦੇਸ਼ਾਂ ਤੋਂ ਨਰਸਾਂ ਦੇ ਲਈ ਇਥੇ ਮੌਕੇ ਲੱਭਣ ਦੇ ਲਈ ਜੌਬ ਸਰਚ ਵੀਜ਼ਾ ਵੀ ਮਿਲੇਗਾ। ਇਸਦੇ ਲਈ ਕੋਈ ਜੌਬ ਆਫਰ ਦੀ ਲੋੜ ਨਹੀਂ ਪਵੇਗੀ। ਜੇਕਰ ਨਵੀਂਆਂ ਨਰਸਾਂ ਪੰਜ ਸਾਲ ਤੱਕ ਕੰਮ ਕਰਦੀਆਂ ਹਨ ਤਾਂ ਉਨ੍ਹਾਂ ਨੂੰ 87 ਡਾਲਰ ਪ੍ਰਤੀ ਹਫਤਾ ਪੰਜ ਤੱਕ ਦਾ ਫਾਇਦਾ ਹੋਵੇਗਾ ਜੋ ਕਿ ਕੁੱਲ 22,500 ਡਾਲਰ ਬਣਦਾ ਹੈ। ਇਹ ਨੀਤੀ ਲਾਗੂ ਹੋਣ ਬਾਅਦ ਜਿਹੜੀਆਂ ਨਰਸਾਂ ਨੇ ਤਿੰਨ ਸਾਲ




ਪਹਿਲਾਂ ਵੀ ਕੰਮ ਸ਼ੁਰੂ ਕੀਤਾ ਹੋਵੇਗਾ ਜੇਕਰ ਉਹ 2 ਸਾਲ ਹੋਰ ਕੰਮ ਕਰਦੀਆਂ ਹਨ ਤਾਂ ਉਨ੍ਹਾਂ ਨੂੰ ਵੀ ਇਸ ਸਕੀਮ ਦਾ ਫਾਇਦਾ ਹੋਵੇਗਾ। ਵਿਦੇਸ਼ਾਂ ਤੋਂ ਆਉਣ ਵਾਲੀਆਂ 1000 ਨਰਸਾਂ ਨੂੰ 10,000 ਡਾਲਰ ਰੀਲੋਕੇਸ਼ਨ ਸੈਟਅੱਪ ਲਾਗਤ (ਸਥਾਨ ਤਬਦੀਲੀ) ਵਾਸਤੇ ਵੀ ਦਿੱਤੇ ਜਾਣਗੇ। ਨਿਊਜ਼ੀਲੈਂਡ ਦੇ ਵਿਚ ਲਗਪਗ 4000 ਹੋਰ ਨਰਸਾਂ ਦੀ ਲੋੜ ਹੈ।

ਕਿੱਥੇ ਉਡ ਗਈਆਂ ਨਰਸਾਂ: ਅੰਕੜੇ ਦਸਦੇ ਹਨ ਕਿ ਅਗਸਤ ਮਹੀਨੇ ਤੋਂ ਹੁਣ ਤੱਕ 4951 ਨਿਊਜ਼ੀਲੈਂਡ ਨਰਸਾਂ ਆਸਟਰੇਲੀਆ ਰਜਿਟਰਡ ਹੋ ਚੁੱਕੀਆਂ ਹਨ। ਆਸਟਰੇਲੀਆ ਕੰਮ ਕਰਨ ਵਾਸਤੇ ਕੀਵੀ ਨਰਸਾਂ ਨੂੰ 'ਆਸਟਰੇਲੀਅਨ ਹੈਲਥ ਪ੍ਰੈਕਟੀਸ਼ਨਰ ਰੈਗੂਲੇਸ਼ਨ ਏਜੰਸੀ' ਨਾਲ ਰਜਿਸਟਰ ਹੋਣਾ ਜਰੂਰੀ ਹੁੰਦਾ ਹੈ। ਮੈਲਬੌਰਨ ਵਿਖੇ ਨਰਸਾਂ 3500 ਡਾਲਰ ਤੋਂ 8000 ਡਾਲਰ ਤੱਕ ਪ੍ਰਤੀ ਹਫਤਾ ਕਮਾ ਰਹੀਆਂ ਹਨ। ਅਧਾਰ ਇਹ ਹੁੰਦਾ ਹੈ ਕਿ ਕਿੰਨਾ ਤਜ਼ਰਬਾ ਹੈ, ਮੁਹਾਰਿਤ ਕਿਸ ਵਿਚ ਹੈ ਅਤੇ ਕਿੰਨਾ ਲੰਬਾ ਸਮਾਂ ਨੌਕਰੀ ਕਰੋਗੇ। ਨਿਊਜ਼ੀਲੈਂਡ ਦੇ ਵਿਚ ਇਸ ਵੇਲੇ 65,000 ਦੇ ਕਰੀਬ ਨਰਸਾਂ ਕੰਮ ਕਰਦੀਆਂ ਹਨ।

# ਮੁੱਖ ਮੰਤਰੀ ਦੀ ਰਿਹਾਇਸ਼ ਅੱਗੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਲਗਾਏ ਧਰਨੇ 'ਚ ਸ਼ਮੂਲੀਅਤ ਕਰਨ ਦਾ ਐਲਾਨ

**ਸੰਗਰੂਰ, (ਦਲਜੀਤ ਕੌਰ)–** ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜੋਨਲ ਕਮੇਟੀ ਮੈਂਬਰ ਗੁਰਚਰਨ ਸਿੰਘ ਘਰਾਚੋਂ ਨੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਪਿੰਡ ਅਕਬਰਪੁਰ ਦੇ ਐਸੀ ਭਾਈਚਾਰੇ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਆਪਣੇ ਹਿੱਸੇ ਦੀ ਪੰਚਾਇਤੀ ਜ਼ਮੀਨ ਵਿੱਚ ਸਾਂਝੀ ਖੇਤੀ ਕੀਤੀ ਜਾ ਰਹੀ ਹੈ ਪ੍ਰੰਤੂ ਇਸ ਸਾਲ ਖਰਾਬ ਮੌਸਮ ਕਾਰਨ ਫਸਲਾਂ ਦੇ ਹੋਏ ਨੁਕਸਾਨ ਤੋਂ ਬਾਅਦ ਦਲਿਤ ਭਾਈਚਾਰਾ ਜ਼ਮੀਨ ਦਾ ਮਹਿੰਗਾ ਠੇਕਾ ਭਰਨ ਤੋਂ ਅਸਮਰੱਥ ਹੈ। ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ



ਪੰਚਾਇਤੀ ਜ਼ਮੀਨਾਂ ਦੇ ਰੇਟ ਵਿੱਚ ਵਾਧੇ ਦੀ ਸ਼ਰਤ ਕਾਰਨ ਐਸੀ ਭਾਈਚਾਰੇ ਦੇ ਲੋਕਾਂ ਵੱਲੋਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਘੱਟ ਰੇਟ ਤੇ ਜ਼ਮੀਨ ਲੈਣ ਲਈ ਸੰਘਰਸ਼ ਵਿੱਢਣ ਦਾ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪਿੰਡ ਵਿੱਚ ਅਮਰੀਕ ਸਿੰਘ ਅਕਬਰਪੁਰ ਅਤੇ ਲਾਲ ਸਿੰਘ ਦੀ ਅਗਵਾਈ ਵਿਚ ਵੱਡੀ ਗਿਣਤੀ ਭਾਈਚਾਰੇ ਵੱਲੋਂ ਪਿਛਲੇ ਦਿਨੀ ਤੀਜੇ ਹਿੱਸੇ ਦੀ ਪੰਚਾਇਤੀ ਜ਼ਮੀਨ ਦੀ ਬੋਲੀ ਘੱਟ ਰੇਟ ਦੀ ਮੰਗ ਨੂੰ ਲੈ ਕੇ ਰੱਦ ਕਰਵਾ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੰਚਾਇਤੀ ਜ਼ਮੀਨਾਂ ਦੇ ਰੇਟਾਂ ਵਿੱਚ ਕੀਤੇ ਜਾਣ ਵਾਲੇ ਖਿਲਾਫ, ਨਜੂਲ ਜਮੀਨਾਂ ਦੇ ਮਾਲਕੀ ਹੱਕ ਲੈਣ ਅਤੇ ਲੋੜਵੰਦ ਪਰਿਵਾਰਾਂ ਨੂੰ ਪੰਜ-ਪੰਜ ਮਰਲੇ ਪਲਾਟ ਦੇਣ ਸਮੇਤ ਹੋਰ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਪੰਜਾਬ ਦੀ ਸੰਗਰੂਰ ਕੋਠੀ ਅੱਗੇ ਲੱਗ ਰਹੇ ਧਰਨੇ ਵਿੱਚ ਪਿੰਡ ਵਿੱਚੋਂ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਗਿਆ। ਉਹਨਾਂ ਕਿਹਾ ਕਿ ਆਮ ਲੋਕਾਂ ਦੇ ਨਾਮ ਤੇ ਗਰੀਬਾਂ ਦੀਆਂ ਵੋਟਾਂ ਲੈ ਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਗਰੀਬ ਲੋਕਾਂ ਲਈ ਇਕ ਵੀ ਸ਼ਬਦ ਬੋਲਣ ਤੋਂ ਕਿਨਾਰਾ ਕਰ ਰਹੀ ਹੈ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਦਲਿਤ ਮਜ਼ਦੂਰਾਂ ਨਾਲ ਕੀਤੇ ਜਾ ਰਹੇ ਮਤਰੇਈ ਮਾਂ ਵਾਲੇ ਸਲੂਕ ਦੇ ਖਿਲਾਫ਼ ਪੰਜਾਬ ਭਰ ਵਿੱਚੋਂ ਦਲਿਤ ਭਾਈਚਾਰੇ ਦੇ ਲੋਕ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਮੁੱਖ ਮੰਤਰੀ ਦੀ ਕੋਠੀ ਅੱਗੇ ਰੋਸ ਪ੍ਰਦਰਸ਼ਨ ਕਰਨਗੇ ਉਨ੍ਹਾਂ ਇਹ ਵੀ ਕਿਹਾ ਕਿ ਪਿਛਲੇ ਸਮੇਂ ਦੌਰਾਨ ਮੁੱਖ ਮੰਤਰੀ ਨਾਲ ਆਗੂਆਂ ਦੀ ਹੋਈ ਮਟਿੰਗ ਵਿਚ ਉਹਨਾਂ ਦਲਿਤਾਂ ਨੂੰ ਘੱਟ ਰੇਟ ਤੇ ਪੱਕੇ ਤੌਰ ਤੇ ਜ਼ਮੀਨ ਦੇਣ ਦਾ ਵਾਅਦਾ ਕੀਤਾ ਸੀ ਪ੍ਰੰਤੂ ਹੁਣ ਮੁੱਖ ਮੰਤਰੀ ਆਪਣੇ ਕੀਤੇ ਵਾਅਦੇ ਤੋਂ ਮੁੱਕਰਦੇ ਨਜ਼ਰ ਆ ਰਹੇ ਹਨ ਅਤੇ ਦਲਿਤਾਂ ਵਲੋਂ ਲੰਮੇ ਸੰਘਰਸ਼ਾਂ ਤੋਂ ਬਾਅਦ ਪ੍ਰਾਪਤ ਕੀਤੀ ਜ਼ਮੀਨ ਨੂੰ ਖੋਹਣ ਦੀਆਂ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ ਜਿਸਨੂੰ ਹਰਗਿਜ਼ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਅੰਤ ਵਿੱਚ ਉਨ੍ਹਾਂ ਕਿਹਾ ਕਿ ਪਿੰਡ ਵਿੱਚ ਮੈਂਬਰਸ਼ਿਪ ਦਾ ਕਰਕੇ ਨਵੀਂ ਕਮੇਟੀ ਦੀ ਚੋਣ ਕੀਤੀ ਜਾਵੇਗੀ।

# ਭਗਵੰਤ ਮਾਨ ਸਰਕਾਰ ਦੀ ਵਾਅਦਾ ਖਿਲਾਫੀ ਵਿਰੁੱਧ ਪੰਜਾਬ-ਯੂਟੀ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਨੇ ਨਕੋਦਰ 'ਚ ਕੀਤਾ ਵਿਸ਼ਾਲ ਝੰਡਾ ਮਾਰਚ

**ਫਗਵਾੜਾ ਬੀਕੇ ਰੱਤੂ)–** ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਦੇ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਮਾਣ-ਭੱਤਾ ਵਰਕਰਾਂ ਦੀਆਂ ਮੰਗਾਂ ਨੂੰ ਮੁਕੰਮਲ ਤੌਰ 'ਤੇ ਅੱਖੋਂ ਪਰੋਖੇ ਕਰਨ ਖਿਲਾਫ ਪੰਜਾਬ-ਯੂ।ਟੀ। ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਵੱਲੋਂ ਹਲਕਾ ਨਕੋਦਰ ਦੇ ਵੱਖ ਵੱਖ ਪਿੰਡਾਂ ਅਤੇ ਕਸਬਿਆਂ ਅੰਦਰ ਝੰਡਾ ਮਾਰਚ ਕੀਤਾ ਗਿਆ, ਜੋ ਭਾਰੀ ਗਿਣਤੀ ਵਿੱਚ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਸੈਂਕੜੇ ਕਾਰਾਂ, ਕੈਂਟਰਾਂ ਅਤੇ ਮੋਟਰਸਾਈਕਲਾਂ ਦੇ ਕਾਫ਼ਲਿਆਂ ਸਮੇਤ ਪਿੰਡ ਨਕੋਦਰ, ਮਾਹੂੰਵਾਲ,ਬੀਰ ਪਿੰਡ, ਲਿੱਤਰਾਂ, ਸ਼ੰਕਰ, ਸ਼ਰੀਂਹ,ਭੰਡਾਲ ਹਿੰਮਤ, ਨੂਰਮਹਿਲ ਸ਼ਹਿਰ ਦੇ ਆਲੇ ਦੁਆਲੇ ਸਮੇਤ ਦਰਜਨਾਂ ਪਿੰਡਾਂ 'ਚੋਂ ਹੁੰਦਾ ਹੋਇਆ ਨੂਰਮਹਿਲ ਦੇ ਸਿਵਲ ਹਸਪਤਾਲ ਨੇੜੇ ਸਮਾਪਤ ਕੀਤਾ।



ਵੱਖ ਵੱਖ ਪਿੰਡਾਂ ਅਤੇ ਕਸਬਿਆਂ ਅੰਦਰ ਕੀਤੇ ਗਏ ਪੜਾਵਾਂ ਦਰਮਿਆਨ ਨਕੋਦਰ ਹਲਕੇ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਸਾਂਝੇ ਫਰੰਟ ਦੇ ਕਨਵੀਨਰਾਂ ਸਤੀਸ਼ ਰਾਣਾ, ਬਾਜ ਸਿੰਘ ਖਹਿਰਾ, ਗਗਨਦੀਪ ਬਠਿੰਡਾ, ਗੁਲਜ਼ਾਰ ਸਿੰਘ, ਕੁਲਵਰਨ ਸਿੰਘ, ਹਰਿੰਦਰ ਦੋਸਾਂਝ, ਜਸਵੀਰ ਤਲਵਾੜਾ, ਰਾਧੇ ਸ਼ਿਆਮ, ਗੁਰਮੇਲ ਸਿੰਘ ਮੈਲਡੇ, ਗੁਰਪ੍ਰੀਤ ਸਿੰਘ ਮਾੜੀਮੇਘਾ, ਧੰਨਵੰਤ ਸਿੰਘ ਭੱਠਲ, ਅਤੇ ਬੋਬਿੰਦਰ ਸਿੰਘ ਨੇ ਆਖਿਆ ਕਿ ਪੰਜਾਬ ਸਰਕਾਰ ਮਾਣ-ਭੱਤਾ ਵਰਕਰਾਂ ਉੱਤੇ ਘੱਟੋ-ਘੱਟ ਉਜਰਤਾਂ ਕਾਨੂੰਨ ਲਾਗੂ ਕਰਨ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ, ਛੇਵੇਂ ਤਨਖਾਹ ਕਮਿਸ਼ਨ ਤਹਿਤ ਪੈਨਸ਼ਨਰਾਂ ਉੱਤੇ 2159 ਦਾ ਗੁਣਾਂਕ ਨਾਲ ਲਾਗੂ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਪਰਖ ਕਾਲ ਸੰਬੰਧੀ 15-01-2015 ਦਾ ਨੋਟੀਫਿਕੇਸ਼ਨ ਰੱਦ ਕਰਨ, 17 ਜੁਲਾਈ 2020 ਤੋਂ ਬਾਅਦ ਭਰਤੀ ਮੁਲਾਜ਼ਮਾਂ 'ਤੇ ਪੰਜਾਬ ਦੇ ਸਕੇਲ ਲਾਗੂ ਕਰਨ, ਬੰਦ ਕੀਤੇ ਗਏ ਪੇਂਡੂ ਤੇ ਬਾਰਡਰ ਏਰੀਆ ਸਮੇਤ ਸਮੁੱਚੇ 37 ਕਿਸਮ ਦੇ ਭੱਤੇ 'ਤੇ ਏਸੀਪੀ ਆਦਿ ਬਹਾਲ ਕਰਨ ਅਤੇ ਰੋਕੇ ਗਏ ਮਹਿੰਗਾਈ ਭੱਤੇ ਦੀ ਕਿਸ਼ਤ ਜਾਰੀ ਕਰਨ ਤੋਂ ਜਿੱਥੇ ਇਨਕਾਰੀ ਹੈ ਉਥੇ ਹੀ ਮੁੱਖ ਮੰਤਰੀ ਪੰਜਾਬ ਵੱਲੋਂ ਸਾਂਝੇ ਫਰੰਟ ਨੂੰ ਦੋ ਵਾਰੀ ਮੀਟਿੰਗ ਦਾ ਸਮਾਂ ਦੇਣ ਦੇ ਬਾਵਜੂਦ ਵੀ ਮੀਟਿੰਗ ਨਹੀਂ ਕੀਤੀ ਗਈ। ਜਿਸ ਕਾਰਨ ਸਾਂਝੇ ਫਰੰਟ ਵੱਲੋਂ ਲੋਕ ਸਭਾ ਹਲਕਾ ਜਲੰਧਰ ਦੀ ਜ਼ਿਮਨੀ ਚੋਣ ਦੌਰਾਨ ਵੱਖ ਵੱਖ ਹਲਕਿਆਂ ਵਿਖੇ ਝੰਡਾ ਮਾਰਚ ਕਰਕੇ ਸਰਕਾਰ ਦੀ ਪੋਲ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਸੀ। ਜਿਸ ਅਨੁਸਾਰ ਅੱਜ ਨਕੋਦਰ ਹਲਕੇ ਵਿੱਚ ਕੀਤੇ ਗਏ ਦੂਜੇ ਝੰਡਾ ਮਾਰਚ ਨੂੰ ਪੰਜਾਬ ਦੇ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਆਮ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਗਿਆ ਹੈ। ਇਸ ਮੌਕੇ ਵੱਖ ਵੱਖ ਪੜਾਵਾਂ 'ਤੇ ਸੰਬੋਧਨ ਕਰਦਿਆਂ ਤੀਰਥ ਸਿੰਘ ਬਾਸੀ,ਐਨ ਡੀ ਤਿਵਾੜੀ, ਸੁਖਵਿੰਦਰ ਸਿੰਘ ਚਾਹਲ, ਸੁਰਿੰਦਰ ਪੁਆਰੀ, ਭਜਨ ਸਿੰਘ ਗਿੱਲ, ਵਰਿੰਦਰ ਸਿੰਘ ਵਿੱਕੀ, ਚਰਨਜੀਤ ਧਾਲੀਵਾਲ, ਦਰਸ਼ਨ ਸਿੰਘ, ਸੁਰਿੰਦਰ ਰਾਮ ਕੁੱਸਾ, ਹਰਜੰਟ ਸਿੰਘ, ਸੀਸਨ ਕੁਮਾਰ, ਨਵਪ੍ਰੀਤ ਸਿੰਘ ਬੱਲੀ, ਮਨਦੀਪ ਕੌਰ ਸੰਧੂ, ਗੁਰਿੰਦਰਜੀਤ ਸਿੰਘ, ਸਤਨਾਮ ਸਿੰਘ ਰੰਧਾਵਾ, ਤਰਸੇਮ ਮਾਧੋਪੁਰੀ, ਕੁਲਦੀਪ ਵਾਲੀਆ, ਕਮਲਜੀਤ ਸੰਗੋਵਾਲ, ਬੂਰੂ ਰਾਮ, ਸ਼ਿਵ ਕੁਮਾਰ ਤਿਵਾੜੀ, ਬਲਜੀਤ ਸਿੰਘ ਕੁਲਾਰ, ਕਰਨੈਲ ਫਿਲੌਰ, ਨਿਰਮੋਲਕ ਸਿੰਘ ਹੀਰਾ, ਮਨੋਹਰ ਲਾਲ ਬਰਨਾਲਾ, ਕਰਮਜੀਤ ਸ਼ਰਮਾ ਮੁਕਤਸਰ, ਨੋਪਾ ਰਾਮ ਫਾਜ਼ਿਲਕਾ ਆਦਿ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਅਜੇ ਤੱਕ ਨਾ ਤਾਂ ਕਿਸੇ ਵੀ ਕੱਚੇ ਮੁਲਾਜ਼ਮ ਨੂੰ ਪੱਕਾ ਕੀਤਾ ਗਿਆ ਹੈ ਅਤੇ ਨਾ ਹੀ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਗਈ ਹੈ, ਜਦਕਿ ਹਰ ਰੋਜ਼ ਇਹਨਾਂ ਫੈਸਲਿਆਂ ਦੀ ਇਸ਼ਤਿਹਾਰਬਾਜੀ 'ਤੇ ਕਰੋੜਾਂ ਰੁਪਏ ਖਰਚੇ ਜਾ ਰਹੇ ਹਨ। ਉਹਨਾ ਨੇ ਕਿਹਾ ਕਿ ਜਲ ਸਰੋਤ ਵਿਭਾਗ ਅੰਦਰ ਬੇਲਦਾਰਾਂ ਸਮੇਤ ਦਰਜਾ ਚਾਰ ਦੀਆਂ 10 ਹਜ਼ਾਰ ਤੋਂ ਵਧੇਰੇ ਪੋਸਟਾਂ ਖ਼ਤਮ ਕਰ ਦਿੱਤੀਆਂ ਗਈਆਂ ਹਨ। ਆਗੂਆਂ ਨੇ ਆਖਿਆ ਕਿ ਜੇਕਰ ਪੰਜਾਬ ਸਰਕਾਰ ਨੇ ਸਾਂਝੇ ਫਰੰਟ ਦੀਆਂ ਮੰਗਾਂ ਪ੍ਰਤੀ ਕੋਈ ਗੰਭੀਰਤਾ ਨਾ ਦਿਖਾਈ ਤਾਂ 07 ਮਈ ਨੂੰ ਜਲੰਧਰ ਸ਼ਹਿਰ ਵਿਖੇ ਤੀਸਰਾ ਵਿਸ਼ਾਲ ਝੰਡਾ ਮਾਰਚ ਕੀਤਾ ਜਾਵੇਗਾ।

ਇਸ ਮੌਕੇ ਇੰਦਰਜੀਤ ਵਿਰਦੀ, ਸੁਭਾਸ਼ ਮੱਟੂ, ਰਸ਼ਪਿੰਦਰ ਸੋਨੂ, ਅਮਰੀਕ ਸਿੰਘ, ਕਰਮ ਸਿੰਘ ਰੋਪੜ, ਜਤਿੰਦਰ ਕੁਮਾਰ, ਕੁਲਦੀਪ ਸਿੰਘ ਦੌੜਕਾ, ਜਸਪਾਲ ਸੰਧੂ, ਵਿੱਦਿਆ ਸਾਗਰ, ਕੁਲਦੀਪ ਸਿੰਘ ਬਾਹਮਣੀਆਂ, ਰਾਣੋ ਖੇੜੀ, ਗੁਰਪ੍ਰੀਤ ਕੌਰ, ਜਸਵਿੰਦਰ ਟਾਹਲੀ, ਆਦਿ ਵੀ ਹਾਜ਼ਰ ਸਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ 2023 6 ਮਈ ਤੋਂ 29 ਅਪ੍ਰੈਲ ਤੱਕ

## 20 ਟੀਮਾਂ ਲੈਣਗੀਆਂ ਹਿੱਸਾ, ਉਦਘਾਟਨੀ ਮੈਚ ਰਾਮਪੁਰ ਕਲੱਬ ਅਤੇ ਉਟਾਲਾ ਵਿਚਕਾਰ

**ਲੁਧਿਆਣਾ-** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਜਰਖੜ ਵਲੋਂ ਜਰਖੜ ਖੇਡਾਂ ਦੀ ਕੜੀ ਦਾ ਹਿੱਸਾ 13ਵਾਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ 6 ਮਈ ਤੋਂ ਜਰਖੜ ਖੇਡ ਸਟੇਡੀਅਮ ਵਿਖੇ ਸ਼ੁਰੂ ਹੋਕੇ 28 ਮਈ ਤੱਕ ਚੱਲੇਗਾ। ਟਰੱਸਟ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਬਲ ਵਿੱਚ ਇਸ ਵਾਰ 20 ਟੀਮਾਂ ਹਿੱਸਾ ਲੈਣਗੀਆਂ । ਜਿਸ ਵਿਚ 12 ਟੀਮਾਂ ਜੂਨੀਅਰ ਵਰਗ ਵਿਚ ਅਤੇ 8 ਟੀਮਾਂ ਸੀਨੀਅਰ ਵਰਗ ਵਿੱਚ ਖੇਡਣਗੀਆ। ਸੀਨੀਅਰ ਵਰਗ ਦੀ ਜੇਤੂ ਟੀਮ ਨੂੰ 10 ਏਵਨ ਸਾਈਕਲ ਅਤੇ ਉਪ ਜੇਤੂ ਟੀਮ ਨੂੰ 21 ਹਜਾਰ ਰੁਪਏ ਦੀ ਨਗਦ ਰਾਸ਼ੀ, ਜੂਨੀਅਰ ਵਰਗ ਦੀ ਜੇਤੂ ਟੀਮ ਨੂੰ 16 ਹਜ਼ਾਰ ਰੁਪਏ, ਉਪ ਜੇਤੂ ਟੀਮ ਨੂੰ 11 ਹਜ਼ਾਰ ਰੁਪਏ, ਸਰਵੋਤਮ ਖਿਡਾਰੀਆਂ ਨੂੰ ਸਾਈਕਲ ਦੇਕੇ ਸਨਮਾਨਿਆ ਜਾਵੇਗਾ।

ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਦੱਸਿਆ ਕਿ ਸੀਨੀਅਰ ਵਰਗ ਵਿੱਚ ਹਿੱਸਾ ਲੈਣ ਵਾਲੀਆਂ ਟੀਮਾਂ ਨੂੰ ਪੂਲ ਏ ਦੇ ਵਿੱਚ ਵਰਤਮਾਨ ਚੈਂਪੀਅਨ ਫਰੈਂਡਜ਼ ਕਲੱਬ ਰੂਮੀ, ਕਿਲ੍ਹਾ ਰਾਇਪੁਰ ਕਲੱਬ , ਗਿੱਲ ਕਲੱਬ ਘਵੱਦੀ ਅਤੇ ਡਾਕਟਰ ਕੁਲਦੀਪ ਕਲੱਬ ਮੋਗਾ ਨੂੰ, ਪੂਲ ਬੀ ਵਿਚ ਉਪ ਜੇਤੂ ਜਰਖੜ ਹਾਕੀ ਅਕੈਡਮੀ, ਹਾਕੀ ਸੈਂਟਰ ਰਾਮਪੁਰ , ਏਕ ਨੂਰ ਅਕੈਡਮੀ ਤੇਂਗ ਜਲੰਧਰ, ਯੰਗ ਕਲੱਬ ਉਟਾਲਾ ਸਮਰਾਲਾ ਨੂੰ ਰੱਖਿਆ ਗਿਆ ਹੈ।

ਸਬ ਜੂਨੀਅਰ ਵਰਗ ਵਿੱਚ ਪੂਲ ਏ ਵਿੱਚ ਜਰਖੜ ਹਾਕੀ ਅਕੈਡਮੀ ,ਪੀਪੀਐਸ ਨਾਭਾ, ਅਮਰਗੜ, ਪੂਲ ਬੀ ਵਿੱਚ ਐਚ ਟੀ ਸੈਂਟਰ ਰਾਮਪੁਰ ,ਏਕ ਨੂਰ ਅਕੈਡਮੀ ਤੇਂਗ, ਏ ਬੀ ਸੀ ਅਕੈਡਮੀ ਭਵਾਨੀਗੜ, ਪੂਲ ਸੀ ਵਿੱਚ ਰਾਊਂਡ ਗਲਾਸ ਨਨਕਾਣਾ ਸਾਹਿਬ ਹਾਕੀ ਸੈਂਟਰ ਰਾਮਪੁਰ ਛੰਨਾ, ਘਵੱਦੀ ਸਕੂਲ, ਖ਼ੂਹੀ ਸੈਂਟਰ ਨਾਭਾ ਪੂਲ ਡੀ ਵਿੱਚ ਗੁਰੂ ਤੇਗ ਬਹਾਦਰ ਅਕੈਡਮੀ ਚਚਰਾਰੀ, ਰਾਮਪੁਰ ਛੰਨਾਂ ,ਕਿਲ੍ਹਾ ਰਾਏਪੁਰ ਰੱਖਿਆ ਗਿਆ। ਇਸ ਫੈਸਟੀਵਲ ਦਾ ਉਦਘਾਟਨ ਹਲਕਾ ਵਿਧਾਇਕ ਜੀਵਨ ਸਿੰਘ




ਸੰਗੋਵਾਲ 6 ਮਈ ਨੂੰ ਕਰਨਗੇ। ਉਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਮੈਚ 6, 7 ਮਈ, ਫੇਰ 13, 14 ਅਤੇ 20, 21 ਮਈ ਨੂੰ ਲੀਗ ਦੌਰ ਦੇ ਮੈਚ ਹੋਣਗੇ । 25 ਅਤੇ 26 ਮਈ ਨੂੰ ਕੁਆਟਰ ਫਾਈਨਲ ਮੁਕਾਬਲੇ, 27 ਮਈ ਨੂੰ ਸੇਮੀਫ਼ਾਈਨਲ ਮੁਕਾਬਲੇ,28 ਮਈ ਨੂੰ ਦੋਹਾਂ ਵਰਗਾਂ ਦੇ ਫਾਈਨਲ ਹੋਣਗੇ। ਮੈਚਾਂ ਦਾ ਸਮਾਂ ਸ਼ਾਮ 5 ਤੋਂ ਰਾਤ 9 ਵਜੇ ਤੱਕ ਹੋਵੇਗਾ। 6 ਮਈ ਨੂੰ ਉਦਘਾਟਨੀ ਮੈਚ ਨੀਟਾ ਕਲੱਬ ਰਾਮਪੁਰ ਬਨਾਮ ਯੰਗ ਕਲੱਬ ਓਟਾਲਾ ਵਿਚਕਾਰ ਸ਼ਾਮ 6 ਵਜੇ, ਦੂਸਰਾ ਮੁਕਾਬਲਾ ਕਿਲ੍ਹਾ ਰਾਏਪੁਰ ਅਤੇ ਗਿੱਲ ਕਲੱਬ ਘਵੱਦੀ ਵਿਚਕਾਰ ਸ਼ਾਮ 7 ਵਜੇ ਹੋਵੇਗਾ।

ਮੈਚਾਂ ਦਾ ਵੇਰਵਾ-

**ਸੀਨੀਅਰ ਵਰਗ**

ਮਿਤੀ 6 ਮਈ- ਨੀਟਾ ਕਲੱਬ ਰਾਮਪੁਰ ਬਨਾਮ ਯੰਗ ਕਲੱਬ ਉਟਾਲਾ

ਸ਼ਾਮ 6 ਵਜੇ , ਕਿਲਾ ਰਾਏਪੁਰ ਬਨਾਮ ਗਿੱਲ ਕਲੱਬ ਘਵੱਦੀ 7 ਵਜੇ

7 ਮਈ- ਜਰਖੜ ਅਕੈਡਮੀ ਬਨਾਮ ਏਕ ਨੂਰ ਅਕੈਡਮੀ ਤੇਂਗ ਜਲੰਧਰ ਸ਼ਾਮ 6 ਵਜੇ, ਫਰੈਂਡਜ ਕਲੱਬ ਰੂਮੀ ਬਨਾਮ ਡਾਕਟਰ ਕੁਲਦੀਪ ਕਲੱਬ ਮੋਗਾ ਸ਼ਾਮ 7 ਵਜੇ।

13 ਮਈ ਜਰਖੜ ਅਕੈਡਮੀ ਬਨਾਮ ਏਕ ਨੂਰ ਅਕੈਡਮੀ,6 ਵਜੇ, ਗਿੱਲ ਕਲੱਬ ਘਵੱਦੀ ਬਨਾਮ ਫਰੈਡਜ਼ ਕਲੱਬ ਰੂਮੀ ਸ਼ਾਮ 7 ਵਜੇ।

14 ਮਈ ਯੰਗ ਕਲੱਬ ਉਟਾਲਾ ਬਨਾਮ ਏਕ ਨੂਰ ਅਕੈਡਮੀ ਸ਼ਾਮ 6 ਵਜੇ, ਕਿਲ੍ਹਾ ਰਾਇਪੁਰ ਬਨਾਮ ਡੀ ਪੀ ਸੀ ਮੋਗਾ। 20 ਮਈ ਗਿੱਲ ਕਲੱਬ ਘਵੱਦੀ ਬਨਾਮ ਮੋਗਾ 6ਵਜੇ ਸ਼ਾਮ, ਦੂਜਾ ਮੈਚ ਕਿਲ੍ਹਾ ਰਾਇਪੁਰ ਬਨਾਮ ਫਰੈਂਡਜ ਕਲੱਬ ਰੂਮੀ ਸ਼ਾਮ 7 ਵਜੇ।

21 ਮਈ ਜਰਖੜ ਅਕੈਡਮੀ ਬਨਾਮ ਯੰਗ ਕਲੱਬ ਉਟਾਲਾ 6 ਵਜੇ ਸ਼ਾਮ, ਨੀਟਾ ਕਲੱਬ ਰਾਮਪੁਰ ਬਨਾਮ ਏਕ ਨੂਰ ਅਕੈਡਮੀ ਟੇਂਗ ਸ਼ਾਮ 7 ਵਜੇ।

# ਮਹਿਲਾ ਕ੍ਰਿਕਟ ਖਿਡਾਰੀਆਂ ਦੇ ਕੇਂਦਰੀ ਕਰਾਰ ਦਾ ਐਲਾਨ

**ਨਵੀਂ ਦਿੱਲੀ-**ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ।ਸੀ।ਸੀ।ਆਈ।) ਨੇ 2022-23 ਸੀਜ਼ਨ ਲਈ ਸੀਨੀਅਰ ਮਹਿਲਾ ਟੀਮ ਦੇ ਸਾਲਾਨਾ ਖਿਡਾਰੀਆਂ ਦੇ ਕਰਾਰ ਦਾ ਐਲਾਨ ਕੀਤਾ, ਜਿਸ ਵਿੱਚ ਕਪਤਾਨ ਹਰਮਨਪ੍ਰੀਤ ਕੌਰ, ਉਪ ਕਪਤਾਨ ਸਮ੍ਰਿਤੀ ਮੰਧਾਨਾ ਅਤੇ ਆਲਰਾਊਂਡਰ ਦੀਪਤੀ ਸ਼ਰਮਾ ਸ਼ਾਮਲ ਹਨ। ਤੇਜ਼ ਗੇਂਦਬਾਜ਼ ਰੇਣੁਕਾ ਸਿੰਘ ਅਤੇ ਵਿਕਟ-ਕੀਪਰ ਬੱਲੇਬਾਜ਼ ਰਿਚਾ ਘੋਸ਼ ਜੇਮਿਮਾ ਰੌਡਰਿਗਜ਼, ਸ਼ੈਫਾਲੀ ਵਰਮਾ ਅਤੇ ਖੱਬੇ ਹੱਥ ਦੀ ਸਪਿਨਰ ਰਾਜੇਸ਼ਵਰੀ ਗਾਇਕਵਾੜ ਦੇ ਨਾਲ ਗ੍ਰੇਡ ਬੀ ਵਿੱਚ ਨਵੇਂ ਚਿਹਰੇ ਸ਼ਾਮਿਲ ਹੋਏ ਹਨ।

ਇਸ ਦੌਰਾਨ ਤੇਜ਼ ਗੇਂਦਬਾਜ਼ ਮੇਘਨਾ ਸਿੰਘ ਅਤੇ ਅੰਜਲੀ ਸਰਵਾਨੀ ਦੇ ਰੂਪ 'ਚ ਗ੍ਰੇਡ ਸੀ 'ਚ ਨਵੀਆਂ ਐਂਟਰੀਆਂ ਹਨ। ਹਰਫਨਮੌਲਾ ਪੂਜਾ ਵਸਤਰਕਾਰ, ਸਨੇਹ ਰਾਣਾ, ਹਰਲੀਨ ਦਿਓਲ, ਦੇਵਿਕਾ ਵੈਦਿਆ, ਵਿਕਟਕੀਪਰ ਬੱਲੇਬਾਜ਼ ਯਸਤਿਕਾ ਭਾਟੀਆ ਅਤੇ ਸਬਨੇਨੀ ਮੇਘਨਾ ਗ੍ਰੇਡ ਸੀ ਦੀਆਂ ਹੋਰ ਖਿਡਾਰਨਾਂ ਹਨ। ਦਿੱਗਜ ਕ੍ਰਿਕਟਰਾਂ ਮਿਤਾਲੀ ਰਾਜ ਅਤੇ ਝੂਲਨ ਗੋਸਵਾਮੀ ਦੇ ਸੰਨਿਆਸ ਤੋਂ ਬਾਅਦ ਉਨ੍ਹਾਂ ਨੂੰ ਕਰਾਰ ਸੂਚੀ ਵਿੱਚ ਜਗ੍ਹਾ ਨਹੀਂ ਮਿਲੀ ਹੈ। 17 ਮੈਂਬਰੀ ਇਕਰ-ਾਰਨਾਮੇ ਦੀ ਸੂਚੀ ਤੋਂ ਬਾਹਰ ਰਹਿਣ ਵਾਲੇ ਹੋਰ ਨਾਂ ਹਨ ਤੇਜ਼



ਗੇਂਦਬਾਜ਼ ਸ਼ਿਖਾ ਪਾਂਡੇ, ਲੈੱਗ ਸਪਿੰਨਰ ਪੂਨਮ ਯਾਦਵ, ਵਿਕਟ ਕੀਪਰ ਤਾਨੀਆ ਭਾਟੀਆ ਅਤੇ ਤੇਜ਼ ਗੇਂਦਬਾਜ਼ ਹਰਫਨਮੌਲਾ ਅਰੁੰਧਤੀ ਰੈਡੀ। ਬੀਸੀਸੀਆਈ ਨੇ ਬਿਆਨ ਵਿੱਚ ਖਿਡਾਰੀਆਂ ਦੇ ਗ੍ਰੇਡ ਦੀ ਰਾਸ਼ੀ ਨਹੀਂ ਦੱਸੀ ਹੈ। ਪਿਛਲੀ ਵਾਰ ਜਦੋਂ ਇਕਰਾਰਨਾਮਾ ਜਨਤਕ ਕੀਤਾ ਗਿਆ ਸੀ, ਗ੍ਰੇਡ ਏ ਦੇ ਖਿਡਾਰੀਆਂ ਨੂੰ 50 ਲੱਖ ਰੁਪਏ, ਗ੍ਰੇਡ ਬੀ ਨੂੰ 30 ਲੱਖ ਰੁਪਏ ਅਤੇ ਗ੍ਰੇਡ ਸੀ ਨੂੰ 10 ਲੱਖ ਰੁਪਏ ਮਿਲਣੇ ਸਨ। ਭਾਰਤੀ ਮਹਿਲਾ ਕ੍ਰਿਕਟ ਟੀਮ ਦਾ ਅਗਲਾ ਪ੍ਰੋਗਰਾਮ ਜੂਨ 'ਚ ਤਿੰਨ ਵਨਡੇ ਅਤੇ ਤਿੰਨ ਟੀ-20 ਮੈਚਾਂ ਲਈ ਬੰਗਲਾਦੇਸ਼ ਦਾ ਦੌਰਾ ਹੈ।

ਬੀਸੀਸੀਆਈ ਕੇਂਦਰੀ ਇਕਰਾਰਨਾਮੇ ਦੀ ਸੂਚੀ:ਗ੍ਰੇਡ ਏ: ਹਰਮਨਪ੍ਰੀਤ ਕੌਰ, ਸਮ੍ਰਿਤੀ ਮੰਧਾਨਾ ਅਤੇ ਦੀਪਤੀ ਸ਼ਰਮਾ।

ਗ੍ਰੇਡ ਬੀ: ਰੇਣੂਕਾ ਸਿੰਘ ਠਾਕੁਰ, ਰਿਚਾ ਘੋਸ਼, ਜੇਮਿਮਾ ਰੌਡਰਿਗਜ਼, ਸ਼ੈਫਾਲੀ ਵਰਮਾ ਅਤੇ ਰਾਜੇਸ਼ਵਰੀ ਗਾਇਕਵਾੜਗ੍ਰੇਡ ਸੀ: ਮੇਘਨਾ ਸਿੰਘ, ਅੰਜਲੀ ਸਰਾਵਣੀ, ਪੂਜਾ ਵਸਤਰਕਾਰ, ਸਨੇਹ ਰਾਣਾ, ਰਾਧਾ ਯਾਦਵ, ਹਰਲੀਨ ਦਿਓਲ, ਦੇਵਿਕਾ ਵੈਦਿਆ, ਯਸਤਿਕਾ ਅਤੇ ਸਬੀਨੇਨੀ ਮੇਘਨਾ।

NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020
HEALTH INSURANCE
RETIREMENT
LIFE INSURANCE
COLLEGE PLANNING
LONG TERM CARE INS
AUTO * HOME
FUNERAL EXPENSE
BUSINESS
Call: 707-228-2020,
Fax: 707-260-2813

Lic #0144676
www.nsbinsures.com
1519 Gary CT., Rohnert Park, CA 94928

RE/MAX® Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834


# ਯੂਜ਼ਰਸ ਦਾ ਡਾਟਾ ਚੋਰੀ ਕਰਨ ਵਾਲੇ ਮਾਲਵੇਅਰ ਨੂੰ ਗੂਗਲ ਨੇ ਕੀਤਾ ਬਲਾਕ

**ਸੈਨ ਫ੍ਰਾਂਸਿਸਕੋ–** ਯੂਜ਼ਰਸ ਨੂੰ ਸਾਈਬਰ ਅਟੈਕ ਤੋਂ ਬਚਾਉਣ ਦੀ ਕੋਸ਼ਿਸ਼ ਵਿੱਚ ਗੂਗਲ ਨੇ ਬਦਨਾਮ ਕ੍ਰਿਪਟਬੋਟ ਮਾਲਵੇਅਰ ਨੂੰ ਬਲੌਕ ਕਰ ਦਿੱਤਾ ਹੈ। ਜਿਸ ਬਾਰੇ ਕੰਪਨੀ ਦਾ ਦਾਅਵਾ ਹੈ ਕਿ ਉਸਨੇ ਪਿਛਲੇ ਇੱਕ ਸਾਲ ਵਿੱਚ ਸੈਂਕੜੇ ਹਜ਼ਾਰਾਂ ਕਰੋਮ ਬ੍ਰਾਊਜ਼ਰ ਯੂਜ਼ਰਸ ਦਾ ਡੇਟਾ ਚੋਰੀ ਕੀਤਾ ਹੈ। ਕੰਪਨੀ ਦੇ ਅਨੁਸਾਰ, ਕ੍ਰਿਪਟਬੋਟ ਇੱਕ ਪ੍ਰਕਾਰ ਦਾ ਮਾਲਵੇਅਰ ਹੈ ਜਿਸ ਨੂੰ ਅਕਸਰ ਇਨਫੋਸਟੀਲਰ ਕਿਹਾ ਜਾਂਦਾ ਹੈ ਕਿਉਂਕਿ ਇਸਨੂੰ ਪੀੜਤਾਂ ਦੇ ਕੰਪਿਊਟਰਾਂ ਤੋਂ ਸੰਵੇਦਨਸ਼ੀਲ ਜਾਣਕਾਰੀ ਦੀ ਪਛਾਣ ਕਰਨ ਅਤੇ ਚੋਰੀ ਕਰਨ ਲਈ ਡਿਜ਼ਾਇਨ ਕੀਤਾ ਗਿਆ ਹੈ ਜਿਵੇਂ ਪ੍ਰਮ-ਾਣੀਕਰਨ ਪ੍ਰਮਾਣ ਪੱਤਰ, ਸੋਸ਼ਲ ਮੀਡੀਆ ਅਕਾਊਟ ਲੌਗਇਨ, ਕ੍ਰਿਪਟੋਕਰੰਸੀ ਵਾਲਿਟ ਅਤੇ ਹੋਰ ਬਹੁਤ ਕੁਝ ਆਦਿ।




ਕ੍ਰਿਪਟੋ ਬੋਟ ਫਿਰ ਚੋਰੀ ਕੀਤੇ ਡੇਟਾ ਨੂੰ ਕਟਾਈ ਲਈ ਭੇਜਦਾ ਹੈ ਅਤੇ ਆਖਰਕਾਰ ਡੇਟਾ ਉਲੰਘਣਾ ਮੁਹਿੰਮਾਂ ਵਿੱਚ ਵਰਤਣ ਲਈ ਠੱਗਾਂ ਨੂੰ ਵੇਚਦਾ ਹੈ। ਇਸ ਤੋਂ ਇਲਾਵਾ, ਗੂਗਲ ਨੇ ਕਿਹਾ ਕਿ ਮਾਲਵੇਅਰ ਗੂਗਲ ਕਰੋਮ ਅਤੇ ਗੂਗਲ ਅਰਥ ਪ੍ਰੋ ਵਰਗੀਆਂ ਗਲਤ ਢੰਗ ਨਾਲ ਸੋਧੀਆਂ ਐਪਾਂ ਰਾਹੀਂ ਫੈਲਿਆ ਸੀ। ਮਾਲਵੇਅਰ ਨੇ ਪਿਛਲੇ ਸਾਲ ਲਗਭਗ 670,000 ਕੰਪਿਊਟਰਾਂ ਨੂੰ ਸੰਕਰਮਿਤ ਕੀਤਾ ਹੈ ਅਤੇ ਗੂਗਲ ਕਰੋਮ ਦੇ ਯੂਜ਼ਰਸ ਨੂੰ ਆਪਣਾ ਡੇਟਾ ਚੋਰੀ ਕਰਨ ਲਈ ਨਿਸ਼ਾਨਾ ਬਣਾਇਆ ਹੈ। ਆਪਣੇ ਬ੍ਰਾਊਜ਼ਰ ਸੌਫਟਵੇਅਰ ਅਤੇ ਮੈਪਿੰਗ ਸੌਫਟਵੇਅਰ ਦੀ ਨਕਲ ਕਰਨ ਵਾਲੇ ਹਾਲ ਹੀ ਦੇ ਕ੍ਰਿਪਟਬੋਟ ਸੰਸਕਰਣ ਦੇ ਜਵਾਬ ਵਿੱਚ ਗੂਗਲ ਨੇ ਮਾਲਵੇਅਰ ਦੇ ਪਾਕਿਸਤਾਨ-ਅਧਾਰਤ ਵਿਤਰਕਾਂ ਨੂੰ ਟ੍ਰੈਕ ਕੀਤਾ, ਮਾਲਵੇਅਰ ਦੀ ਪਛਾਣ ਕੀਤੀ ਅਤੇ ਕਾਰਵਾਈ ਕੀਤੀ।

ਕ੍ਰਿਪਟੋ ਬੋਟ ਦੇ ਕਈ ਵੱਡੇ ਵਿਤਰਕਾਂ ਦੇ ਖਿਲਾਫ ਕਾਨੂੰਨੀ ਸ਼ਿਕਾਇਤ ਦਰਜ ਕਰਨ ਤੋਂ ਬਾਅਦ ਤਕਨੀਕੀ ਦਿੱਗਜ ਨੇ ਬੁੱਧਵਾਰ ਨੂੰ ਪੁਸ਼ਟੀ ਕੀਤੀ ਕਿ ਉਸਨੇ ਇੱਕ ਅਸਥਾਈ ਅਦਾਲਤੀ ਆਦੇਸ਼ ਪ੍ਰਾਪਤ ਕੀਤਾ ਸੀ, ਜੋ ਡਿਵੈਲਪਰਸ ਦੀ ਇਨਫੋਸਟੀਲਰ ਮਾਲਵੇਅਰ ਫੈਲਾਉਣ ਦੀ ਸਮਰੱਥਾ ਨੂੰ ਸੀਮਿਤ ਕਰਦਾ ਹੈ। ਗੂਗਲ ਨੇ ਇੱਕ ਬਲਾਗਪੋਸਟ ਵਿੱਚ ਕਿਹਾ, "ਕ੍ਰਿਪਟੋਬੋਟ ਦੇ ਫੈਲਣ ਵਿੱਚ ਰੁਕਾਵਟ ਪਾਉਣ ਲਈ ਅਦਾਲਤ ਨੇ ਵਿਤਰਕਾਂ ਅਤੇ ਉਨ੍ਹਾਂ ਦੇ ਬੁਨਿਆਦੀ ਢਾਂਚੇ ਦੇ ਖਿਲਾਫ ਸਾਡੇ ਚੱਲ ਰਹੇ ਤਕਨੀਕੀ ਵਿਘਨ ਦੇ ਯਤਨਾਂ ਨੂੰ ਰੋਕਣ ਲਈ ਇੱਕ ਅਸਥਾਈ ਰੋਕ ਦੇ ਆਦੇਸ਼ ਨੂੰ ਮਨਜ਼ੂਰੀ ਦਿੱਤੀ ਹੈ।" ਅਮਰੀਕਾ ਵਿੱਚ ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਵਿੱਚ ਇੱਕ ਸੰਘੀ ਜੱਜ ਦੁਆਰਾ ਦਿੱਤੇ ਆਦੇਸ਼ ਨੇ ਗੂਗਲ ਨੂੰ ਕ੍ਰਿਪਟੋਬੋਟ ਮਾਲਵੇਅਰ ਦੀ ਵੰਡ ਨਾਲ ਜੁੜੇ ਮੌਜੂਦਾ ਅਤੇ ਭਵਿੱਖ ਦੇ ਡੋਮੇਨਾਂ ਨੂੰ ਹਟਾਉਣ ਦੀ ਇਜਾਜ਼ਤ ਦਿੱਤੀ ਹੈ।

# ਸਰਹੱਦ 'ਤੇ ਵੱਸਿਆ 'ਮਾਣਾ' ਬਣਿਆ 'ਦੇਸ਼ ਦਾ ਪਹਿਲਾ ਪਿੰਡ'

**ਦੇਹਰਾਦੂਨ–**ਭਾਰਤ-ਚੀਨ ਸਰਹੱਦ 'ਤੇ ਵੱਸਿਆ 'ਮਾਣਾ' ਦੇਸ਼ ਦਾ ਪਹਿਲਾ ਪਿੰਡ ਹੈ। ਬਾਰਡਰ ਰੋਡਜ਼ ਆਰਗੇਨਾਈਜ਼ੇਸ਼ਨ (ਬੀ ਆਰ ਓ) ਨੇ ਉਤਰਾਖੰਡ ਦੇ ਚਮੋਲੀ ਜ਼ਿਲ੍ਹੇ 'ਚ ਭਾਰਤ-ਚੀਨ ਸਰਹੱਦ 'ਤੇ ਵੱਸੇ ਸਰਹੱਦੀ ਪਿੰਡ ਮਾਣਾ ਦੇ ਪ੍ਰਵੇਸ਼ ਦੁਆਰ 'ਤੇ 'ਭਾਰਤ ਦਾ ਪਹਿਲਾ ਪਿੰਡ' ਹੋਣ ਦਾ ਸਾਈਨ ਬੋਰਡ ਲਗਾ ਦਿੱਤਾ ਹੈ। ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਇਸ ਦੀ ਤਸਵੀਰ ਸੋਸ਼ਲ ਮੀਡੀਆ 'ਤੇ ਸ਼ੇਅਰ ਕਰਦੇ ਹੋਏ ਲਿਖਿਆ, ਹੁਣ ਮਾਣਾ ਦੇਸ਼ ਦਾ ਆਖਰੀ ਨਹੀਂ ਸਗੋਂ ਪਹਿਲੇ ਪਿੰਡ ਵਜੋਂ ਜਾਣਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਅਕਤੂਬਰ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਰਹੱਦੀ ਪਿੰਡ ਮਾਣਾ ਨੂੰ ਦੇਸ਼ ਦਾ ਪਹਿਲਾ ਪਿੰਡ ਕਰਾਰ ਦਿੱਤਾ ਸੀ ਅਤੇ ਸਾਡੀ ਸਰਕਾਰ ਸਰਹੱਦੀ ਖੇਤਰਾਂ ਦੇ ਸਰਬਪੱਖੀ ਵਿਕਾਸ ਲਈ ਹਮੇਸ਼ਾ ਸਮਰਪਿਤ ਹੈ। ਮਾਣਾ ਪਿੰਡ ਬਦਰੀਨਾਥ ਦੇ ਨੇੜੇ ਸਥਿਤ ਹੈ ਅਤੇ ਬਦਰੀਨਾਥ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂ ਦਰਸ਼ਨਾਂ ਲਈ ਮਾਣਾ ਪਿੰਡ ਤੱਕ ਜਾਂਦੇ ਹਨ।




# ਸੁਪਰੀਮ ਕੋਰਟ ਨੇ ਨਫ਼ਰਤੀ ਭਾਸ਼ਣਾਂ ਖਿਲਾਫ ਸੂਬਿਆਂ ਨੂੰ ਕੇਸ ਦਰਜ ਕਰਨ ਨੂੰ ਕਿਹਾ

**ਨਵੀਂ ਦਿੱਲੀ–** ਨਫ਼ਰਤੀ ਭਾਸ਼ਣ ਦੇ ਮਾਮਲੇ 'ਚ ਸੁਪਰੀਮ ਕੋਰਟ ਦਾ ਸਖ਼ਤ ਆਦੇਸ਼ ਆਇਆ ਹੈ। ਸੁਪਰੀਮ ਕੋਰਟ ਨੇ ਆਪਣੇ 2022 ਦੇ ਇਕ ਆਦੇਸ਼ ਦਾ ਦਾਇਰਾ ਤਿੰਨ ਸੂਬਿਆਂ ਤੋਂ ਅੱਗੇ ਵਧਾਉਂਦੇ ਹੋਏ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਨਫ਼ਰਤ ਫੈਲਾਉਣ ਵਾਲੇ ਭਾਸ਼ਣ ਦੇਣ ਵਾਲਿਆਂ ਦੇ ਖਿਲਾਫ ਮਾਮਲਾ ਦਰਜ ਕਰਨ ਦੇ ਨਿਰਦੇਸ਼ ਦਿੱਤੇ, ਭਵੇਂ ਹੀ ਕੋਈ ਸ਼ਿਕਾਇਤ ਨਾ ਕੀਤੀ ਗਈ ਹੋਵੇ।



ਸਿਖਰਲੀ ਅਦਾਲਤ ਨੇ ਪਹਿਲਾਂ ਉੱਤਰ ਪ੍ਰਦੇਸ਼, ਦਿੱਲੀ ਅਤੇ ਉੱਤਰਾਖੰਡ ਨੂੰ ਨਫ਼ਰਤ ਭਰੇ ਭਾਸ਼ਣ ਦੇਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਸਨ। ਅਦਾਲਤ ਨੇ ਉਦੋਂ ਕਿਹਾ ਸੀ ਕਿ ਅਸੀਂ ਧਰਮ ਦੇ ਨਾਂ 'ਤੇ ਕਿੱਥੇ ਪਹੁੰਚ ਗਏ ਹਾਂ? ਬੈਂਚ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਜੱਜ ਗੈਰ-ਰਾਜਨੀਤਕ ਹੁੰਦੇ ਹਨ ਅਤੇ ਪਹਿਲੇ ਪੱਖ ਜਾਂ ਦੂਜੇ ਬਾਰੇ ਨਹੀਂ ਸੋਚਦੇ ਅਤੇ ਉਨ੍ਹਾਂ ਦੇ ਦਿਮਾਗ ਵਿੱਚ ਸਿਰਫ ਇੱਕ ਗੱਲ ਹੈ – ਭਾਰਤ ਦਾ ਸੰਵਿਧਾਨ। ਜਸਟਿਸ ਕੇਐੱਮ ਜੋਸਫ ਅਤੇ ਜਸਟਿਸ ਬੀ।ਵੀ। ਨਾਗਰਤਨਾ ਦੀ ਬੈਂਚ ਨੇ ਨਫ਼ਰਤ ਫੈਲਾਉਣ ਵਾਲੇ ਭਾਸ਼ਣਾਂ ਨੂੰ ਗੰਭੀਰ ਅਪਰਾਧ ਦੱਸਿਆ ਜੋ ਦੇਸ਼ ਦੇ ਧਾਰਮਿਕ ਤਾਣੇਬਾਣੇ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਬੈਂਚ ਨੇ ਕਿਹਾ ਕਿ ਉਸਦਾ 21 ਅਕਤੂਬਰ, 2022 ਦਾ ਆਦੇਸ਼ ਸਾਰੇ ਖੇਤਰਾਂ ਲਈ ਪ੍ਰਭਾਵੀ ਰਹੇਗਾ। ਉਸਨੇ ਚੇਤਾਵਨੀ ਦਿੱਤੀ ਕਿ ਕੇਸ ਦਰਜ ਕਰਨ ਵਿੱਚ ਕਿਸੇ ਵੀ ਤਰ੍ਹਾਂ ਦੀ ਦੇਰੀ ਅਦਾਲਤ ਦਾ ਅਪਮਾਨ ਮੰਨਿਆ ਜਾਵੇਗਾ।

# ਕੇਂਦਰੀ ਸੰਸਦ ਕੈਨਬਰਾ 'ਚ ਸੁਸ਼ੋਭਿਤ ਹੋਈ 'ਭਗਵਦ ਗੀਤਾ'

**ਕੈਨਬਰਾ–** ਸ਼੍ਰੀਮਦ ਭਗਵਦ ਗੀਤਾ ਹਿੰਦੂ ਧਰਮ ਦਾ ਮੁੱਖ ਗਰੰਥ ਹੈ। ਅੰਤਰਰਾਸ਼ਟਰੀ ਗੀਤਾ ਮਹਾਉਤਸਵ ਮੌਕੇ ਕੈਨਬਰਾ ਸਥਿਤ ਆਸਟ੍ਰੇਲੀਆ ਦੀ ਕੇਂਦਰੀ ਸੰਸਦ 'ਚ ਸ਼੍ਰੀਮਦ ਭਗਵਦ ਗੀਤਾ ਮਾਣ ਤੇ ਸਨਮਾਨ ਨਾਲ ਵਿਰਾਜਮਾਨ ਕੀਤੀ ਗਈ। ਵ੍ਰਿੰਦਾਵਨ ਰਮਨ ਰੇਤੀ ਤੋਂ ਅੰਤਰਰਾਸ਼ਟਰੀ ਗੀਤਾ ਮਹਾਉਤਸਵ ਦੇ ਸ਼ੁਭ ਆਰੰਭ ਮੌਕੇ ਵਿਸ਼ੇਸ਼ ਤੌਰ 'ਤੇ ਪਧਾਰੇ ਕਾਰਸ਼ਣੀ ਸਵਾਮੀ ਗੁਰੂਸ਼ਰਣਾਨੰਦ ਮਹਾਰਾਜ ਅਤੇ ਗੀਤਾ ਮਨੀਸ਼ੀ ਗਿਆਨਾਨੰਦ ਮਹਾਰਾਜ ਦੀ ਹਾਜ਼ਰੀ 'ਚ ਗ੍ਰਹਿ ਮੰਤਰੀ ਅਨਿਲ ਵਿਜ ਦੀ ਹਾਜ਼ਰੀ ਅਤੇ ਕੁਰੂਕਸ਼ੇਤਰ ਵਿਕਾਸ ਬੋਰਡ ਦੇ ਆਸ਼ੀਰਵਾਦ ਨਾਲ ਆਸਟ੍ਰੇਲੀਆ ਸਰਕਾਰ ਦੇ ਚੀਫ ਵ੍ਹਿਪ ਡੇਵਿਡ ਸਮਿਥ ਨੇ ਆਸਟ੍ਰੇਲੀਆ ਸੰਸਦ ਵਿੱਚ ਮੌਜੂਦ ਸੈਂਕੜੇ ਭਾਰਤੀਆਂ ਤੇ ਐੱਨਆਰਆਈਜ਼ ਵਿਚਾਲੇ ਸ਼੍ਰੀਮਦ ਭਗਵਦ ਗੀਤਾ ਨੂੰ ਵੱਡੇ ਭਾਵ ਅਤੇ ਸਨਮਾਨ ਨਾਲ ਸਵੀਕਾਰ ਕੀਤਾ। ਇਸ ਤੋਂ ਕੁਝ ਦਿਨ ਪਹਿਲਾਂ ਹੀ ਆਸਟ੍ਰੇਲੀਆ ਦੇ ਵਿਕਟੋਰੀਆ ਸੂਬੇ ਦੀ ਸੰਸਦ 'ਚ ਸ਼੍ਰੀਮਦ ਭਗਵਦ ਗੀਤਾ ਨੂੰ ਵਿਰਾਜਮਾਨ ਕੀਤਾ ਗਿਆ ਸੀ।




ਕਾਰਸ਼ਣੀ ਸਵਾਮੀ ਗੁਰੂਸ਼ਰਣਾਨੰਦ ਮਹਾਰਾਜ, ਗ੍ਰਹਿ ਮੰਤਰੀ ਅਨਿਲ ਵਿਜ ਅਤੇ ਕੁਰੂਕਸ਼ੇਤਰ ਵਿਕਾਸ ਬੋਰਡ ਦੇ ਆਨਰੇਰੀ ਸਕੱਤਰ ਮਦਨ ਮੋਹਨ ਛਾਬੜਾ ਨਾਲ ਮੰਚ 'ਤੇ ਬਿਰਾਜੇ ਆਸਟ੍ਰੇਲੀਆ 'ਚ ਭਾਰਤ ਦੇ ਰਾਜਦੂਤ ਮਨਪ੍ਰੀਤ ਵੋਹਰਾ ਆਦਿ ਪਤਵੰਤਿਆਂ ਦੀ ਮੌਜੂਦਗੀ 'ਚ ਗੀਤਾ ਮਨੀਸ਼ੀ ਸਵਾਮੀ ਗਿਆਨਾਨੰਦ ਮਹਾਰਾਜ ਨੇ ਆਸਟ੍ਰੇਲੀਆ ਸਰਕਾਰ ਦੇ ਚੀਫ ਵ੍ਹਿਪ ਡੇਵਿਡ ਸਮਿਥ ਨੂੰ ਜਦੋਂ ਸ਼੍ਰੀਮਦ ਭਗਵਦ ਗੀਤਾ ਭੇਟ ਕੀਤੀ ਤਾਂ ਹਾਲ ਦਾ ਵਾਤਾਵਰਣ ਤਾੜੀਆਂ ਨਾਲ ਪੂਰੀ ਤਰ੍ਹਾਂ ਗੀਤਾਮਈ ਹੋ ਗਿਆ। ਪ੍ਰੋਗਰਾਮ 'ਚ ਪਤਵੰਤਿਆਂ ਦੇ ਸੰਬੋਧਨ ਕਰਨ ਉਪਰੰਤ ਮਾਰੀਸ਼ਸ, ਇੰਗਲੈਂਡ, ਕੈਨੇਡਾ ਤੋਂ ਇਲਾਵਾ ਕੁਰੂਕਸ਼ੇਤਰ 'ਚ ਆਯੋਜਿਤ ਕੀਤੇ ਗਏ ਅੰਤਰਰਾਸ਼ਟਰੀ ਗੀਤਾ ਮਹਾਉਤਸਵ ਨੂੰ ਲੈ ਕੇ ਇਕ ਡਾਕੂਮੈਂਟਰੀ ਵੀ ਦਿਖਾਈ ਗਈ, ਜਿਸ ਤੋਂ ਬਾਅਦ ਰੇਡੀਓ ਕਾਨਫਰੰਸ ਰਾਹੀਂ ਮੁੱਖ ਮੰਤਰੀ ਮਨੋਹਰ ਲਾਲ ਦਾ ਸੰਬੋਧਨ ਵੀ ਸੁਣਿਆ ਗਿਆ। ਮਹਾਉਤਸਵ 'ਚ ਸ਼੍ਰੀਲੰਕਾ, ਭੂਟਾਨ, ਨੇਪਾਲ, ਮਿਆਂਮਾਰ, ਇੰਡੋਨੇਸ਼ੀਆ, ਮਲੇਸ਼ੀਆ, ਮਾਰੀਸ਼ਸ ਆਦਿ ਦੇਸ਼ਾਂ ਦੇ ਰਾਜਦੂਤ ਵੀ ਸ਼ਾਮਲ ਹੋਏ।

**ਆਸਟ੍ਰੇਲੀਆ 'ਚ ਗੀਤਾ ਮਹਾਉਤਸਵ ਨਾਲ ਖੁਸ਼ੀ ਦੀ ਲਹਿਰ : ਡੇਵਿਡ ਸਮਿਥ**

ਅੰਤਰਰਾਸ਼ਟਰੀ ਗੀਤਾ ਮਹਾਉਤਸਵ 'ਚ ਆਸਟ੍ਰੇਲੀਆ ਸਰਕਾਰ ਦੇ ਚੀਫ ਵ੍ਹਿਪ ਡੇਵਿਡ ਸਮਿਥ ਨੇ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੈ ਕਿ ਮਾਰੀਸ਼ਸ, ਇੰਗਲੈਂਡ ਤੇ ਕੈਨੇਡਾ ਤੋਂ ਬਾਅਦ ਆਸਟ੍ਰੇਲੀਆ ਚੌਥਾ ਦੇਸ਼ ਹੈ, ਜਿਸ ਨੂੰ ਅੰਤਰਰਾਸ਼ਟਰੀ ਗੀਤਾ ਮਹਾਉਤਸਵ ਆਪਣੇ ਦੇਸ਼ ਵਿੱਚ ਆਯੋਜਿਤ ਕਰਨ ਦਾ ਮੌਕਾ ਮਿਲਿਆ ਹੈ। ਅੱਜ ਸ਼੍ਰੀਮਦ ਭਗਵਦ ਗੀਤਾ ਦਾ ਆਸਟ੍ਰੇਲੀਆ ਦੀ ਸੰਸਦ 'ਚ ਵਿਰਾਜਮਾਨ ਹੋਣਾ ਇਤਿਹਾਸਕ ਹੈ।

# ਫਿਲਮਫੇਅਰ ਅਵਾਰਡਸ ਲਈ ਆਲੀਆ, ਭੂਮੀ, ਕਰੀਨਾ, ਤੱਬੂ ਤੇ ਜਾਹਨਵੀ ਦੇ ਨਾਮ ਸ਼ਾਮਲ

**ਮੁੰਬਈ–** ਫਿਲਮਫੇਅਰ ਅਵਾਰਡਸ 2023 ਦੀ ਨਾਮਜ਼ਦਗੀ ਸੂਚੀ ਦਾ ਹਾਲ ਹੀ ਵਿੱਚ ਐਲਾਨ ਕੀਤਾ ਗਿਆ ਹੈ। ਜਿਸ ਵਿੱਚ ਗੰਗੂਬਾਈ ਕਾਠੀਆਵਾੜੀ ਤੋਂ ਲੈ ਕੇ ਕਸ਼ਮੀਰ ਤੱਕ ਦੀਆਂ ਫਾਈਲਾਂ ਦੇ ਨਾਂਅ ਸ਼ਾਮਿਲ ਹਨ। ਤੁਹਾਨੂੰ ਦੱਸ ਦੇਈਏ ਕਿ ਕੁੱਲ ਮਿਲਾ ਕੇ 19 ਸ਼੍ਰੇਣੀਆਂ ਵਿੱਚ ਪੁਰਸਕਾਰ ਦਿੱਤੇ ਜਾਣਗੇ। ਜਿਸ ਵਿਚ ਆਲੀਆ ਭੱਟ ਤੋਂ ਇਲਾਵਾ ਭੂਮੀ ਪੇਡਨੇਕਰ, ਕਰੀਨਾ ਕਪੂਰ, ਤੱਬੂ ਅਤੇ ਜਾਹਨਵੀ ਕਪੂਰ ਦੇ ਨਾਂ ਵੀ ਸ਼ਾਮਲ ਹਨ। ਦੱਸਿਆ ਜਾ ਰਿਹਾ ਹੈ ਕਿ ਸਲਮਾਨ ਖਾਨ, ਆਯੁਸ਼ਮਾਨ ਖੁਰਾਨਾ ਅਤੇ ਮਨੀਸ਼ ਪਾਲ ਇਸ ਐਵਾਰਡ ਫੰਕਸ਼ਨ ਨੂੰ ਹੋਸਟ ਕਰਨ ਜਾ ਰਹੇ ਹਨ।











ਦਿ ਕਸ਼ਮੀਰ ਫਾਈਲਜ਼ ਦੇ ਨਿਰਦੇਸ਼ਕ ਵਿਵੇਕ ਅਗਨੀਹੋਤਰੀ ਵੀ ਇਸ ਦੌੜ ਵਿੱਚ ਸ਼ਾਮਿਲ ਹਨ। ਵਿਵੇਕ ਤੋਂ ਇਲਾਵਾ ਸੰਜੇ ਲੀਲਾ ਭੰਸਾਲੀ ਅਤੇ ਅਯਾਨ ਮੁਖਰਜੀ ਵਰਗੇ ਦਿੱਗਜ ਕਲਾਕਾਰਾਂ ਦੇ ਨਾਂਅ ਵੀ ਸਰਵੋਤਮ ਨਿਰਦੇਸ਼ਕ ਦੀ ਸੂਚੀ ਵਿਚ ਸ਼ਾਮਿਲ ਹਨ। ਇਸ ਤੋਂ ਇਲਾਵਾ ਭੂਲ ਭੁਲਈਆ 2, ਬ੍ਰਹਮਾਸਤਰ ਪਾਰਟ ਵਨ: ਸ਼ਿਵਾ ਅਤੇ ਵਧਾਈ ਹੋ ਵਰਗੀਆਂ ਫਿਲਮਾਂ ਦੇ ਨਾਂਅ ਇਸ ਸਾਲ ਦੀਆਂ ਸਭ ਤੋਂ ਵੱਧ ਨਾਮਜ਼ਦ ਫਿਲਮਾਂ ਵਿੱਚ ਸ਼ਾਮਲ ਹਨ।

ਬੈਸਟ ਐਕਟਰ ਦੀ ਗੱਲ ਕਰੀਏ ਤਾਂ ਇਸ ਲਿਸਟ ਵਿਚ ਅਜੇ ਦੇਵਗਨ, ਕਾਰਤਿਕ ਆਰੀਅਨ, ਅਮਿਤਾਭ ਬੱਚਨ ਅਤੇ ਰਾਜਕੁਮਾਰ ਰਾਓ ਵਰਗੇ ਸਿਤਾਰਿਆਂ ਦੇ ਨਾਂ ਨਾਮਜ਼ਦ ਕੀਤੇ ਗਏ ਹਨ।

ਇਸ ਦੇ ਨਾਲ ਹੀ ਇਸ ਵਾਰ ਫਿਲਮ ਫੇਅਰ ਦੇ ਮੰਚ 'ਤੇ ਵੀ ਕਈ ਧਮਾਕੇਦਾਰ ਪਰਫਾਰਮੈਂਸ ਦੇਖਣ ਨੂੰ ਮਿਲਣਗੇ। ਜਿਸ ਵਿੱਚ ਜਾਹਨਵੀ ਕਪੂਰ, ਟਾਈਗਰ ਸ਼ਰਾਫ, ਗੋਵਿੰਦਾ ਅਤੇ ਵਿੱਕੀ ਕੌਸ਼ਲ ਵਰਗੇ ਸਿਤਾਰੇ ਆਪਣੇ ਡਾਂਸ ਨਾਲ ਲੋਕਾਂ ਦਾ ਮਨੋਰੰਜਨ ਕਰਨਗੇ। ਇਨ੍ਹਾਂ ਸਿਤਾਰਿਆਂ ਦੇ ਪ੍ਰਸ਼ੰਸਕ ਅਤੇ ਪ੍ਰਸ਼ੰਸਕ ਵੀ ਇਸ ਐਵਾਰਡ ਦੇ ਆਨ ਏਅਰ ਹੋਣ ਦਾ ਇੰਤਜ਼ਾਰ ਕਰ ਰਹੇ ਹਨ।

# ਸੈਲ ਫ਼ੋਨ 'ਚ ਟਾਇਲਟ ਸੀਟਾਂ ਨਾਲੋਂ 10 ਗੁਣਾ ਜ਼ਿਆਦਾ ਹੁੰਦੇ ਨੇ ਬੈਕਟੀਰੀਆ-ਵਿਗਿਆਨੀ

**ਨਿਊਯਾਰਕ–** ਬਹੁਤੇ ਲੋਕ ਆਪਣੇ ਸਵੇਰ ਦੇ ਸਫ਼ਰ ਤੋਂ ਲੈ ਕੇ ਰਾਤ ਦੇ ਖਾਣੇ ਦੀ ਮੇਜ਼ ਤੋਂ ਡਾਕਟਰ ਦੇ ਦਫ਼ਤਰ ਤੱਕ, ਹਰ ਥਾਂ ਆਪਣੇ ਸੈੱਲ ਫ਼ੋਨ ਦੀ ਵਰਤੋਂ ਕਰਨ ਬਾਰੇ ਸੋਚਦੇ ਨਹੀਂ ਹਨ। ਪਰ ਖੋਜ ਦਰਸਾਉਂਦੀ ਹੈ ਕਿ ਸੈਲ ਫ਼ੋਨ ਜ਼ਿਆਦਾਤਰ ਲੋਕਾਂ ਦੀ ਸੋਚ ਨਾਲੋਂ ਕਿਤੇ ਜ਼ਿਆਦਾ ਗੰਦੇ ਹੁੰਦੇ ਹਨ, ਅਤੇ ਜਿੰਨੇ ਜ਼ਿਆਦਾ ਕੀਟਾਣੂ ਇਕੱਠੇ ਕਰਦੇ ਹਨ, ਓਨੇ ਜ਼ਿਆਦਾ ਕੀਟਾਣੂ ਤੁਸੀਂ ਛੂੰਹਦੇ ਹੋ। ਅਸਲ ਵਿੱਚ, ਜਦੋਂ ਤੁਹਾਡੇ ਫੋਨ ਵਿੱਚ ਗੰਦਗੀ ਪਾਉਣ ਦੀ ਗੱਲ ਆਉਂਦੀ ਹੈ ਤਾਂ ਤੁਹਾਡਾ ਆਪਣਾ ਹੱਥ ਸਭ ਤੋਂ ਵੱਡਾ ਦੋਸ਼ੀ ਹੈ। ਡੇਲੋਇਟ ਦੁਆਰਾ ਕੀਤੇ ਗਏ ਇੱਕ ਸਰਵੇਖਣ ਦੇ ਅਨੁਸਾਰ, ਅਮਰੀਕਨ ਪ੍ਰਤੀ ਦਿਨ ਲਗਭਗ 47 ਵਾਰ ਆਪਣੇ ਫੋਨ ਦੀ ਜਾਂਚ ਕਰਦੇ ਹਨ, ਜੋ ਤੁਹਾਡੀਆਂ ਉਂਗਲਾਂ ਤੋਂ ਤੁਹਾਡੇ ਫੋਨ ਤੱਕ ਜਾਣ ਲਈ ਸੂਖਮ ਜੀਵਾਂ ਲਈ ਬਹੁਤ ਸਾਰੇ ਮੌਕੇ ਪ੍ਰਦਾਨ ਕਰਦਾ ਹੈ। ਕਿਉਂਕਿ ਲੋਕ ਹਮੇਸ਼ਾ ਆਪਣੇ ਸੈੱਲ ਫ਼ੋਨ ਆਪਣੇ ਕੋਲ ਰੱਖਦੇ ਹਨ ਭਾਵੇਂ ਉਹ ਅਜਿਹੇ ਹਾਲਾਤਾਂ ਵਿੱਚ ਵੀ ਜਿੱਥੇ ਉਹ ਆਮ ਤੌਰ 'ਤੇ ਕੁਝ ਵੀ ਕਰਨ ਤੋਂ ਪਹਿਲਾਂ ਆਪਣੇ ਹੱਥ ਧੋ ਲੈਂਦੇ ਹਨ, ਸੈਲ ਫ਼ੋਨ ਬਹੁਤ ਜ਼ਿਆਦਾ ਨੁਕਸਾਨਦੇਹ ਹੁੰਦੇ ਹਨ," ਆਈ ਐਚ ਪੀ ਐਲ ਮੈਂਬਰ ਐਮਿਲੀ ਮਾਰਟਿਨ, ਯੂ-ਐਮ ਦੇ ਸਕੂਲ ਆਫ਼ ਪਬਲਿਕ ਹੈਲਥ ਵਿੱਚ ਮਹਾਂਮਾਰੀ ਵਿਗਿਆਨ ਦੀ ਸਹਾਇਕ ਪ੍ਰੋਫੈਸਰ ਕਹਿੰਦੀ ਹੈ। ਖੋਜ ਇਸ ਗੱਲ 'ਤੇ ਵੱਖੋ-ਵੱਖ ਰਹੀ ਹੈ ਕਿ ਔਸਤ ਸੈਲ ਫ਼ੋਨ 'ਤੇ ਕਿੰਨੇ ਕੀਟਾਣੂ ਘੁੰਮ ਰਹੇ ਹਨ, ਪਰ ਹਾਲ ਹੀ ਦੇ ਇੱਕ ਅਧਿਐਨ ਵਿੱਚ ਹਾਈ ਸਕੂਲ ਦੇ ਵਿਦਿਆਰਥੀਆਂ ਦੇ ਫ਼ੋਨਾਂ 'ਤੇ 17,000 ਤੋਂ ਵੱਧ ਬੈਕਟੀਰੀਆ ਦੇ ਜੀਨ ਦੀਆਂ ਕਾਪੀਆਂ ਪਾਈਆਂ ਗਈਆਂ ਹਨ। ਅਰੀਜ਼ੋਨਾ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਪਾਇਆ ਹੈ ਕਿ ਸੈਲ ਫ਼ੋਨ ਜ਼ਿਆਦਾਤਰ ਟਾਇਲਟ ਸੀਟਾਂ ਨਾਲੋਂ 10 ਗੁਣਾ ਜ਼ਿਆਦਾ ਬੈਕਟੀਰੀਆ ਰੱਖਦੇ ਹਨ। ਪਰ ਕੁਝ ਬੈਕਟੀਰੀਆ ਦੀ ਚਿੰਤਾ ਕਰਨੀ ਚਾਹੀਦੀ ਹੈ। ਨਿਊਯਾਰਕ-ਪ੍ਰੇਸਬੀਟੇਰੀਅਨ ਅਤੇ ਕੋਲੰਬੀਆ ਯੂਨੀਵਰਸਿਟੀ ਮੈਡੀਕਲ ਸੈਂਟਰ ਦੇ ਕਲੀਨਿਕਲ ਮਾਈਕਰੋਬਾਇਓਲੋਜੀ ਦੇ ਨਿਰਦੇਸ਼ਕ ਸੂਜ਼ਨ ਵਿਟੀਅਰ ਨੇ ਕਿਹਾ, "ਅਸੀਂ ਇੱਕ ਨਿਰਜੀਵ ਵਾਤਾਵਰਣ ਵਿੱਚੋਂ ਨਹੀਂ ਲੰਘ ਰਹੇ ਹਾਂ, ਇਸ ਲਈ ਜੇਕਰ ਤੁਸੀਂ ਕਿਸੇ ਸਤਹ ਨੂੰ ਛੂੰਹਦੇ ਹੋ ਤਾਂ ਉਸ ਉੱਤੇ ਕੁਝ ਹੋ ਸਕਦਾ ਹੈ।

# ਅਧਿਆਪਕ ਤਨਦੇਹੀ ਨਾਲ ਕੰਮ ਕਰਨ ਅਧਿਆਪਕਾਂ ਨੂੰ ਦਫ਼ਤਰੀ ਕੰਮਾਂ ਲਈ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਨਹੀਂ ਪੇਸ਼ ਆਉਣ ਦਿੱਤੀ ਜਾਵੇਗੀ: ਕਮਲਦੀਪ ਕੌਰ

## ਮੀਟਿੰਗ ਬੁਲਾਉਣ ਦਾ ਮੁੱਖ ਮਕਸਦ ਪਿਛਲੇ ਸੈਸ਼ਨ ਦੌਰਾਨ ਰਹਿ ਗਈਆਂ ਕਮੀਆਂ ਨੂੰ ਦੂਰ ਕਰਨਾ: ਡੀਜੀ ਸਿੰਘ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)** ਅਧਿਆਪਕ ਪੂਰੀ ਤਨਦੇਹੀ ਨਾਲ ਆਪਣਾ ਕੰਮ ਕਰਨ ਉਨ੍ਹਾਂ ਨੂੰ ਦਫ਼ਤਰੀ ਕੰਮਾਂ ਲਈ ਕਿਸੇ ਵੀ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਦਫ਼ਤਰੀ ਕੰਮਾਂ ਲਈ ਅਧਿਆਪਕਾਂ ਨੂੰ ਦਫ਼ਤਰ ਆਉਣ ਦੀ ਜ਼ਰੂਰਤ ਨਹੀਂ ਪਾਵੇਗੀ ਸਗੋਂ ਦਫ਼ਤਰੀ ਸਟਾਫ਼ ਸਕੂਲ ਸਕੂਲ ਵਿਜਟ ਕਰਕੇ ਅਧਿਆਪਕਾਂ ਨੂੰ ਪੇਸ਼ ਆ ਰਹੀਆਂ ਮੁਸਕਲਾਂ ਨੂੰ ਦੂਰ ਕਰੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਕੱਮ ਜ਼ਿਲ੍ਹਾ ਦਾਖ਼ਲਾ ਕਮੇਟੀ ਦੀ ਚੇਅਰਪਰਸਨ ਸ੍ਰੀਮਤੀ ਕਮਲਦੀਪ ਕੌਰ ਨੇ ਬੀਪੀਈਓ ਦਫ਼ਤਰ ਨਰੋਟ ਜੈਮਲ ਸਿੰਘ ਵਿਖੇ ਬੀਪੀਈਓ ਸ੍ਰੀ ਪੰਕਜ ਅਰੋੜਾ ਦੀ ਅਗਵਾਈ ਹੇਠ ਦਾਖ਼ਲਾ ਮੁਹਿੰਮ ਅਤੇ ਨਵੇਂ ਸੈਸ਼ਨ ਦੀ ਤਿਆਰੀ ਲਈ ਰੱਖੀ ਗਈ ਮੀਟਿੰਗ ਦੌਰਾਨ ਕੀਤਾ। ਇਸ ਮੌਕੇ ਉਨ੍ਹਾਂ ਨਾਲ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਵੀ ਵਿਸ਼ੇਸ਼ ਤੌਰ ਤੇ ਮੌਜੂਦ ਸਨ। ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਦੀਪ ਕੌਰ ਨੇ ਇਸ ਮੌਕੇ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦਫ਼ਤਰੀ ਸਟਾਫ਼ ਅਧਿਆਪਕਾਂ ਦੀ ਸਹਾਇਤਾ ਲਈ ਹੈ ਅਤੇ ਅਧਿਆਪਕਾਂ ਨੂੰ ਸਕੂਲਾਂ ਵਿੱਚ ਦਰਪੇਸ਼ ਆਉਂਦੀਆਂ ਮੁਸ਼ਕਿਲਾਂ ਲਈ ਦਫ਼ਤਰ ਆਉਣ ਦੀ ਜ਼ਰੂਰਤ ਨਹੀਂ ਪਾਵੇਗੀ ਦਫ਼ਤਰੀ ਸਟਾਫ਼ ਆਪ ਹੀ ਉਨ੍ਹਾਂ ਤੱਕ ਪਹੁੰਚ ਕਰੇਗਾ। ਉਨ੍ਹਾਂ ਅਧਿਆਪਕਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਅਧਿਆਪਕ ਸਮਾਜ ਦਾ ਨਿਰਮਾਤਾ ਹੈ ਅਤੇ ਜਿਸ ਵਿਸ਼ਵਾਸ ਨਾਲ ਵਿਭਾਗ ਨੇ ਸਾਨੂੰ ਭਰਤੀ ਕੀਤਾ ਹੈ ਅਤੇ ਜਿਸ ਵਿਸ਼ਵਾਸ ਨਾਲ ਮਾਪੇ ਸਾਡੇ ਕੋਲ ਆਪਣੇ ਬੱਚੇ ਭੇਜ ਰਹੇ ਹਨ ਉਸ ਵਿਸ਼ਵਾਸ ਨੂੰ ਕਾਇਮ ਰੱਖਣਾ ਸਾਡਾ ਨੈਤਿਕ ਫਰਜ਼ ਹੈ। ਉਨ੍ਹਾਂ ਕਿਹਾ ਕਿ ਮਾਣਯੋਗ ਸਿੱਖਿਆ ਮੰਤਰੀ ਸਰਦਾਰ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਦਾਖ਼ਲਾ ਮੁਹਿੰਮ ਪੂਰੇ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀ ਹੈ ਅਤੇ ਅਧਿਆਪਕ ਅਤੇ ਅਧਿਕਾਰੀ ਅਜੇ ਵੀ ਪੂਰੀ ਮਿਹਨਤ ਨਾਲ ਨਵੇਂ ਬੱਚੇ ਦਾਖਲ ਕਰ ਰਹੇ ਹਨ ਅਧਿਆਪਕਾਂ ਦੀ ਮਿਹਨਤ ਦਾ ਹੀ ਨਤੀਜਾ ਹੈ ਕਿ ਸੈਸ਼ਨ 2023-24 ਵਿੱਚ ਪਿਛਲੇ ਸੈਸ਼ਨ 2022-23 ਨਾਲੋਂ 1636 ਬੱਚੇ ਜ਼ਿਆਦਾ ਦਾਖ਼ਲ ਹੋਏ ਹਨ। ਉਨ੍ਹਾਂ ਦੱਸਿਆ ਕਿ ਸੈਸ਼ਨ 2022-23 ਵਿੱਚ ਜਿਲ੍ਹੇ ਦੇ ਸਰਕਾਰੀ ਸਕੂਲਾਂ ਵਿੱਚ 22676 ਬੱਚੇ ਦਾਖ਼ਲ ਸਨ ਜਦਕਿ ਸੈਸ਼ਨ 2023-24 ਵਿੱਚ 24312 ਬੱਚੇ ਦਾਖ਼ਲ ਹੋ ਚੁੱਕੇ ਹਨ। ਜਿਸ ਨਾਲ ਪਿਛਲੇ ਸੈਸ਼ਨ ਨਾਲੋਂ 7.21% ਵਾਧਾ



ਦਰਜ ਕੀਤਾ ਗਿਆ ਹੈ।

### ਪਿਛਲੇ ਸੈਸ਼ਨ ਦੌਰਾਨ ਰਹਿ ਗਈਆਂ ਕਮੀਆਂ ਨੂੰ ਦੂਰ ਕਰਨਾ ਡੀ ਜੀ ਸਿੰਘ

ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀ ਜੀ ਸਿੰਘ ਨੇ ਦੱਸਿਆ ਕਿ ਇਸ ਮੀਟਿੰਗ ਬਲਾਉਣ ਦਾ ਮੁੱਖ ਮਕਸਦ ਦਾਖ਼ਲਾ ਮੁਹਿੰਮ ਦਾ ਰਿਵਿਊ ਕਰਨਾ ਅਤੇ ਪਿਛਲੇ ਸੈਸ਼ਨ ਦੌਰਾਨ ਰਹਿ ਗਈਆਂ ਕਮੀਆਂ ਨੂੰ ਦੂਰ ਕਰਨਾ ਹੈ। ਉਨ੍ਹਾਂ ਅਧਿਆਪਕਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਉਹ ਸਕੂਲ ਨੂੰ ਪ੍ਰਾਪਤ ਹੋਣ ਵਾਲੀਆਂ ਗ੍ਰਾਂਟਾਂ ਨੂੰ ਵਿਭਾਗੀ ਨਿਯਮਾਂ ਅਨੁਸਾਰ ਸਕੂਲ ਅਤੇ ਬੱਚਿਆਂ ਦੀ ਬਿਹਤਰੀ ਲਈ ਖ਼ਰਚ ਕਰਨ। ਗ੍ਰਾਂਟਾਂ ਨੂੰ ਖ਼ਰਚਣ ਸਮੇਂ ਸਮਾਨ ਦੀ ਗੁਣਵੱਤਾ ਨਾਲ ਕਿਸੇ ਕਿਸਮ ਦਾ ਕੋਈ ਸਮਝੌਤਾ ਨਾ ਕੀਤਾ ਜਾਵੇ। ਮਿੱਡ ਡੇ ਮੀਲ ਮੀਨੂੰ ਅਨੁਸਾਰ ਅਤੇ ਗੁਣਵੱਤਾ ਭਰਪੂਰ ਬਣਾਇਆ ਜਾਵੇ ਅਤੇ ਸਕੂਲ ਦੀ ਸਾਫ਼ ਸਫ਼ਾਈ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ।

### ਦਾਖ਼ਲਾ ਮੁਹਿੰਮ ਪੂਰੇ ਜ਼ੋਰਾਂ ਨਾਲ

ਬੀ ਪੀ ਈ ਓ ਸ੍ਰੀ ਪੰਕਜ ਅਰੋੜਾ ਨੇ ਦੱਸਿਆ ਕਿ ਇਸ ਸਾਲ ਲਈ ਬਲਾਕ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਦਾਖ਼ਲਾ ਮੁਹਿੰਮ ਪੂਰੇ ਜ਼ੋਰਾਂ ਨਾਲ ਚੱਲ ਰਹੀ ਹੈ, ਜਿਸ ਵਿੱਚ ਸਿੱਖਿਆ ਅਧਿਕਾਰੀ, ਅਧਿਆਪਕ ਅਤੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਰਾਹੀਂ ਘਰ ਘਰ ਤੱਕ ਪਹੁੰਚ ਬਣਾ ਕੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਸਰਕਾਰੀ ਸਕੂਲਾਂ ਵਿੱਚ ਲਿਆਂਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਉੱਚ ਯੋਗਤਾ ਵਾਲੇ ਅਧਿਆਪਕ ਅਤੇ ਉੱਤਮ ਦਰਜੇ ਦਾ ਬੁਨਿਆਦੀ ਢਾਂਚਾ ਹੈ ਜਿੱਥੋਂ ਵਿਦਿਆਰਥੀ ਸਮੇਂ ਦੇ ਹਾਣ ਦੀ ਸਿੱਖਿਆ ਗ੍ਰਹਿਣ ਕਰ ਸਕਦੇ ਹਨ। ਉਨ੍ਹਾਂ ਨੇ ਕਿਹਾ ਕਿ ਲੋਕਾਂ ਨੂੰ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ ਮਿਲਦੀਆਂ ਸਹੂਲਤਾਂ ਦੀ ਜਾਣਕਾਰੀ ਇਸ ਮੁਹਿੰਮ ਦੌਰਾਨ ਦਿੱਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰੀ ਸਕੂਲਾਂ ਪ੍ਰਤੀ ਲੋਕਾਂ ਦਾ ਨਜ਼ਰੀਆ ਬਦਲਿਆ ਹੈ ਅਤੇ ਹੁਣ ਲੋਕ ਆਪਣੇ ਬੱਚਿਆਂ ਨੂੰ ਮੁੜ ਸਰਕਾਰੀ ਸਕੂਲਾਂ ਵਿਚ ਦਾਖ਼ਲ ਕਰਵਾਉਣ ਵਿਚ ਰੂਚੀ ਲੈ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਵਿਦਿਆਰਥੀਆਂ ਦੇ ਦਾਖਲੇ ਲਈ ਨੇੜੇ ਦੇ ਸਕੂਲ ਦੇ ਨਾਲ-ਨਾਲ ਹੁਣ ਆਨਲਾਈਨ ਪੋਰਟਲ ਤੇ ਵੀ ਰਜਿਸਟਰ ਕਰਵਾਇਆ ਜਾ ਸਕਦਾ ਹੈ।

### ਰਜਿਸਟਰ ਸਜਾਵਟ ਮੁਕਾਬਲਿਆਂ ਦੇ ਜੇਤੂ ਨੂੰ ਵੰਡੇ ਪ੍ਰਸ਼ੰਸਾ ਪੱਤਰ

ਮੀਟਿੰਗਾਂ ਦੌਰਾਨ ਪਿਛਲੇ ਦਿਨੀਂ ਬਲਾਕ ਪੱਧਰੀ ਰਜਿਸਟਰ ਸਜਾਵਟ ਮੁਕਾਬਲਿਆਂ ਦੇ ਵਿਜੇਤਾ ਸਕੂਲਾਂ ਦੇ ਮੁਖੀਆਂ ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਅੱਗੇ ਤੋਂ ਹੋਰ ਵਧੀਆ ਕੰਮ ਕਰਨ ਲਈ ਪ੍ਰੇਰਿਤ ਕੀਤਾ। ਰਜਿਸਟਰ ਸਜਾਵਟ ਮੁਕਾਬਲਿਆਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਮਦਾਰਪੁਰ, ਸਰਕਾਰੀ ਪ੍ਰਾਇਮਰੀ ਸਕੂਲ ਅਲੀ ਖਾਂ, ਸਰਕਾਰੀ ਪ੍ਰਾਇਮਰੀ ਸਕੂਲ ਸਰਫਚੱਕ, ਸਰਕਾਰੀ ਪ੍ਰਾਇਮਰੀ ਸਕੂਲ ਮੱਲਪੁਰ, ਸਰਕਾਰੀ ਪ੍ਰਾਇਮਰੀ ਸਕੂਲ ਤਾਹਰਪੁਰ, ਸਰਕਾਰੀ ਪ੍ਰਾਇਮਰੀ ਸਕੂਲ ਤਾਰਾਗੜ੍ਹ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਮੰਗਿਆਲ ਨੇ ਪ੍ਰਸ਼ੰਸਾ ਪੱਤਰ ਪ੍ਰਾਪਤ ਕੀਤੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਕੋਆਰਡੀਨੇਟਰ ਵਨੀਤ ਮਹਾਜਨ, ਸਮਾਰਟ ਸਕੂਲ ਕੋਆਰਡੀਨੇਟਰ ਸੰਜੀਵ ਮਨੀ, ਬਲਕਾਰ ਅੱਤਰੀ, ਬੀਐਮਟੀ ਬਿਸੰਭਰ ਦਾਸ, ਕਲਰਕ ਨਰੇਸ਼ ਕੁਮਾਰ ਸਮੇਤ ਸਮੂਹ ਸਕੂਲ ਮੁਖੀ ਅਤੇ ਦਫ਼ਤਰੀ ਸਟਾਫ਼ ਹਾਜ਼ਰ ਸੀ।

# ਅਸ਼ਵਨੀ ਸ਼ਰਮਾ ਨੇ ਲੁਧਿਆਣਾ ਗੈਸ ਹਾਦਸੇ ਵਿੱਚ ਜਾਨਾਂ ਗੁਆਉਣ ਵਾਲੇ ਅਤੇ ਜ਼ਖਮੀਆਂ ਪ੍ਰਤੀ ਕੀਤਾ ਹਮਦਰਦੀ ਦਾ ਪ੍ਰਗਟਾਵਾ

**ਚੰਡੀਗੜ੍ਹ-** ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਅਤੇ ਪਠਾਨਕੋਟ ਤੋਂ ਵਿਧਾਇਕ ਅਸ਼ਵਨੀ ਸ਼ਰਮਾ ਨੇ ਅੱਜ ਲੁਧਿਆਣਾ ਵਿੱਚ ਗੈਸ ਹਾਦਸੇ ਵਿੱਚ ਮਾਰੇ ਗਏ ਲੋਕਾਂ ਪ੍ਰਤੀ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਘਟਨਾ ਬਹੁਤ ਹੀ ਦੁਖਦਾਈ ਹੈ। ਸ਼ਰਮਾ ਨੇ ਕਿਹਾ ਕਿ ਜੋ ਲੋਕ ਇਸ ਹਾਦਸੇ ਦਾ ਸ਼ਿਕਾਰ ਹੋਏ ਹਨ, ਉਨ੍ਹਾਂ ਦੇ ਪਰਿਵਾਰਾਂ ਨਾਲ ਭਾਰਤੀ ਜਨਤਾ ਪਾਰਟੀ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੀ ਹੈ। ਉਨ੍ਹਾਂ ਕਿਹਾ ਕਿ ਪ੍ਰਮਾਤਮਾ ਸਾਰਿਆਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।



ਅਸ਼ਵਨੀ ਸ਼ਰਮਾ ਨੇ ਹਾਦਸੇ ਵਿੱਚ ਜ਼ਖਮੀ ਹੋਏ ਲੋਕਾਂ ਦੇ ਜਲਦੀ ਠੀਕ ਹੋਣ ਦੀ ਪ੍ਰਮਾਤਮਾ ਅੱਗੇ ਅਰਦਾਸ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਘਟਨਾ ਦੀ ਜਲਦੀ ਤੋਂ ਜਲਦੀ ਜਾਂਚ ਕਰਕੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕਰੇ। ਇਸ ਹਾਦਸੇ ਵਿੱਚ ਜਾਨਾਂ ਗਵਾਉਣ ਵਾਲੇ ਲੋਕਾਂ ਨੂੰ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੀ ਮੁਆਵਜ਼ਾ ਰਾਸ਼ੀ ਇੱਕ ਕੋਝਾ ਮਜ਼ਾਕ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਮਰਨ ਵਾਲੇ ਲੋਕਾਂ ਨੂੰ 50 ਲੱਖ ਰੁਪਏ ਅਤੇ ਗੰਭੀਰ ਜ਼ਖਮੀਆਂ ਨੂੰ 25 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਜਲਦੀ ਤੋਂ ਜਲਦੀ ਜਾਰੀ ਕਰੇ।

# 'ਚੇਅਰਮੈਨ ਕਮੀਸ਼ਨ ਨੇ ਸੁਣੀਆਂ ਸਫਾਈ ਕਰਮਚਾਰੀਆਂ ਦੀਆਂ ਸਮੱਸਿਆਵਾਂ'

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)-** ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿੱਚ ਨੈਸ਼ਨਲ ਕਮੀਸ਼ਨ ਫਾਰ ਸਫਾਈ ਕਰਮਚਾਰੀ ਐਮ ਵੈਂਕੇਟੇਸ਼ਨ ਵੱਲੋਂ ਜਿਲ੍ਹਾ ਪਠਾਨਕੋਟ ਦੇ ਸਫਾਈ ਕਰਮਚਾਰੀਆਂ ਅਤੇ ਬਾਕੀ ਯੂਨੀਅਨ ਮੈਂਬਰਾਂ ਦੇ ਨਾਲ ਇਕ ਵਿਸ਼ੇਸ਼ ਮੀਟਿੰਗ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਕੀਤੀ ਗਈ। ਇਸ ਮੌਕੇ ਤੇ ਡਿਪਟੀ ਕਮਿਸ਼ਨਰ ਸ। ਹਰੀਬਰ ਸਿੰਘ, ਮੇਜਰ ਡਾਕਟਰ ਸੁਮਿਤ ਮੁਧ ਚੀਫ ਮਿਨਿਸਟਰ ਫੀਲਡ ਅਫਸਰ ਅਤੇ ਸਹਾਇਕ ਕਮਿਸ਼ਨ ਜਨਰਲ, ਸ੍ਰੀ ਕਾਲਾ ਰਾਮ ਕਾਂਸਲ ਐਸ।ਡੀ।ਐਮ ਪਠਾਨਕੋਟ ਅਤੇ ਹੋਰ ਅਧਿਕਾਰੀ ਤੇ ਯੂਨੀਅਨ ਮੈਂਬਰ ਵੀ ਹਾਜ਼ਰ ਸਨ। ਨੈਸ਼ਨਲ ਕਮੀਸ਼ਨ ਫਾਰ ਸਫਾਈ ਕਰਮਚਾਰੀ ਐਮ ਵੈਂਕੇਟੇਸ਼ਨ ਸਫਾਈ ਕਰਮਚਾਰੀ ਅਧਿਕਾਰੀਆਂ ਪਠਾਨਕੋਟ ਨਗਰ ਨਿਗਮ ਨੂੰ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਸਫਾਈ ਕਰਮਚਾਰੀਆਂ ਨੂੰ ਸਰਕਾਰ ਵੱਲੋਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ, ਜਿਵੇਂ ਵਰਦੀ, ਮਾਸਿਕ ਭੱਤੇ, ਸਿਹਤ ਸਹੂਲਤਾਂ ਆਪਣੇ ਕੰਮਾਂ ਲਈ ਹੋਰ ਉਪ-



ਕਰਨ ਉਪਲੱਬਧ ਕਰਵਾਏ ਜਾਣ, ਜੇਕਰ ਐਸ. ਆਈ. ਕਾਰਡ ਦੀ ਕਰਮਚਾਰੀਆਂ ਨੂੰ ਜੇਕਰ ਇਨ੍ਹਾਂ ਚੀਜਾਂ ਦਾ ਲਾਭ ਨਹੀਂ ਮਿਲ ਰਿਹਾ ਹੈ ਤਾਂ ਉਹ ਸਰਕਾਰ ਦੀ ਵੈਬਸ-ਾਈਟ ਤੇ ਸ਼ਿਕਾਇਤ ਦਰਜ ਕਰ ਸਕਦੇ ਹਨ।

ਦੂਜੇ ਪਾਸੇ ਪਠਾਨਕੋਟ ਦੇ ਡਿਪਟੀ ਕਮਿਸ਼ਨਰ ਹਰਬੀਰ ਸਿੰਘ ਨੇ ਮੀਟਿੰਗ ਵਿੱਚ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸਫਾਈ ਕਰਮ-ਚਾਰੀਆਂ ਦੇ ਲਈ ਜਿਲ੍ਹੇ ਵਿੱਚ ਕੈਂਪ ਵੀ ਲਗਾਏ ਜਾਣਗੇ। ਮੈਂ ਜਿਨ੍ਹਾਂ ਲੋਕਾਂ ਦੇ ਏ-ਸ਼ਿਆਈ ਕਾਰਨ ਹੀ ਬਣੇ ਹੋਏ ਹਨ ਉਹ ਇਨ੍ਹਾਂ ਕੈਂਪਾਂ ਵਿੱਚ ਮਨਾਏ ਜਾਣਗੇ। ਇਸ ਮੌਕੇ ਤੇ ਡਿਪਟੀ ਕਮਿਸ਼ਨਰ ਸ। ਹਰਬੀਰ ਸਿੰਘ ਨੂੰ ਯਾਦਗਾਰੀ ਚਿੰਨ੍ਹ ਅਤੇ ਦੌਸ਼ਾਲੇ ਭੇਂਟ ਕਰਕੇ ਸਨਮਾਨਿਤ ਕੀਤਾ।

# ਜ਼ਿਲ੍ਹੇ ਵਿੱਚ 42 ਹਜ਼ਾਰ ਤੋਂ ਵਧੇਰੇ ਸਰਟੀਫ਼ਿਕੇਟ ਮੋਬਾਇਲ ਫ਼ੋਨਾਂ ਜ਼ਰੀਏ ਐਸ ਐਮ ਐਸ ਲਿੰਕ ਰਾਹੀਂ ਭੇਜੇ ਗਏ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਸਰਕਾਰੀ ਸੇਵਾਵਾਂ ਨਾਲ ਸਬੰਧਤ ਸਰਟੀਫ਼ਿਕੇਟ ਹੁਣ ਫ਼ਿਜ਼ੀਕਲੀ (ਨਿੱਜੀ ਤੌਰ 'ਤੇ) ਸੇਵਾ ਕੇਂਦਰਾਂ 'ਚ ਆ ਕੇ ਪ੍ਰਾਪਤ ਕਰਨ ਦੀ ਥਾਂ ਉਨ੍ਹਾਂ ਦੇ ਮੋਬਾਇਲਾਂ ਰਾਹੀ ਐਸ ਐਮ ਐਸ ਲਿੰਕ ਰਾਹੀਂ ਭੇਜਣੇ ਸ਼ੁਰੂ ਕੀਤੇ ਗਏ ਹਨ, ਜਿਸ ਨਾਲ ਬਿਨੇਕਾਰਾਂ ਦੇ ਸਮੇਂ ਦੀ ਵੀ ਬੱਚਤ ਹੋਵੇਗੀ।

ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ, ਨਵਜੋਤ ਪਾਲ ਸਿੰਘ ਰੰਧਾਵਾ ਨੇ ਦੱਸਿਆ ਕਿ ਪਹਿਲੇ ਪੜਾਅ 'ਚ 16 ਤਰ੍ਹਾਂ ਦੇ ਸਰਟੀਫਿਕੇਟ ਭੇਜੇ ਜਾ ਰਹੇ ਹਨ, ਜਿਨ੍ਹਾਂ ਵਿੱਚ ਜਨਮ ਸਰਟੀਫ਼ਿਕੇਟ, ਮੌਤ ਸਰਟੀਫ਼ਿਕੇਟ, ਦਿਹਾਤੀ ਖੇਤਰ ਸਰਟੀਫ਼ਿਕੇਟ, ਆਮਦਨ ਸਰਟੀਫ਼ਿਕੇਟ, ਵਿਆਹ ਸਰਟੀਫ਼ਿਕੇਟ, ਆਮਦਨ ਅਤੇ ਸੰਪਤੀ ਸਰਟੀਫ਼ਿਕੇਟ, ਰਿਹਾਇਸ਼ ਸਰਟੀਫ਼ਿਕੇਟ, ਐਸ।ਸੀ।/ ਬੀ।ਸੀ।/ ਓ।ਬੀ।ਸੀ।/ ਜਨਰਲ ਸਰਟੀਫ਼ਿਕੇਟ, ਬੁਢਾਪਾ ਪੈਨਸ਼ਨ, ਦਿਵਿਆਂਗ ਪੈਨਸ਼ਨ, ਵਿਧਵਾ/ਬੇਸਹਾਰਾ ਮਹਿਲਾ ਪੈਨਸ਼ਨ, ਆਸ਼ਰਿਤ ਬੱਚਿਆਂ ਲਈ ਪੈਨਸ਼ਨ ਅਤੇ ਸੀਨੀਅਰ ਸਿਟੀਜ਼ਨ ਆਈ।ਡੀ। ਕਾਰਡ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿੱਚ ਅਜਿਹੇ 42191 ਸਰਟੀਫ਼ਿਕੇਟ ਮੋਬਾਇਲ ਫ਼ੋਨਾਂ ਜ਼ਰੀਏ ਐਸ ਐਮ ਐਸ ਲਿੰਕ ਰਾਹੀਂ ਭੇਜੇ ਗਏ ਹਨ, ਜਿਨ੍ਹਾਂ ਦਾ ਬਿਨੇਕਾਰ ਆਪਣੀ ਸਹੂਲਤ ਲਈ ਪ੍ਰਿੰਟ ਵੀ ਕਢਵਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਜੇਕਰ ਕਿਸੇ ਬਿਨੇਕਾਰ ਨੂੰ ਸਰਟੀਫ਼ਿਕੇਟ ਦੀ ਕਾਪੀ ਲੋੜੀਂਦੀ ਹੋਵੇ ਤਾਂ ਉਹ ਆਪਣੇ ਫ਼ੋਨ 'ਤੇ ਪ੍ਰਾਪਤ ਹੋਇਆ ਐਸ ਐਮ ਐਸ ਦਿਖਾ ਕੇ ਨੇੜਲੇ ਸੇਵਾ ਕੇਂਦਰ ਤੋਂ ਉਸ ਦੀ ਕਾਪੀ ਵੀ ਕਢਵਾ ਸਕਦਾ ਹੈ, ਜਿਸ ਦੀ ਕੋਈ ਫ਼ੀਸ ਨਹੀਂ ਲਈ ਜਾਵੇਗੀ।



ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ ਦੇ ਪ੍ਰਸ਼ਾਸਕੀ ਸੁਧਾਰ ਅਤੇ ਜਨ ਸ਼ਿਕਾਇਤ ਨਿਵਾਰਨ ਦੀ ਪਹਿਲਕਦਮੀ ਸਦਕਾ ਹੁਣ ਨਾਗਰਿਕਾਂ ਨੂੰ ਸਰਟੀਫ਼ਿਕੇਟਾਂ ਦੀਆਂ ਹਾਰਡ (ਪ੍ਰਿੰਟ) ਕਾਪੀਆਂ ਲੈਣ ਲਈ ਕਿਸੇ ਦਫ਼ਤਰ/ਸੇਵਾ ਕੇਂਦਰ ਵਿਖੇ ਜਾਣ ਦੀ ਲੋੜ ਨਹੀਂ ਪਵੇਗੀ। ਉਕਤ 16 ਸੇਵਾਵਾਂ ਨਾਲ ਸਬੰਧਤ ਕਿਸੇ ਵੀ ਸੇਵਾ ਲਈ ਅਪਲਾਈ ਕਰਨ ਵਾਲੇ ਨਾਗਰਿਕ ਦੇ ਮੋਬਾਈਲ ਫੋਨ ਉਤੇ ਐਸ।ਐਮ।ਐਸ। ਰਾਹੀਂ ਲਿੰਕ ਭੇਜਿਆ ਜਾਂਦਾ ਹੈ, ਜਿਸ ਉਤੇ ਕਲਿੱਕ ਕਰਕੇ ਸਰਟੀਫਿਕੇਟ ਡਾਊਨਲੋਡ ਕੀਤਾ ਜਾ ਸਕਦਾ ਹੈ।

ਇਸ ਸਰਟੀਫਿਕੇਟ ਨੂੰ ਸਾਰੇ ਦਫ਼ਤਰਾਂ ਵਿੱਚ ਸਵੀਕਾਰ ਕੀਤਾ ਜਾਵੇਗਾ ਅਤੇ ਇਨ੍ਹਾਂ ਸਰਟੀਫ਼ਿਕੇਟਾਂ ਦੀ ਪ੍ਰਮਾਣਿਕਤਾ ਨੂੰ ਈ-ਸੇਵਾ ਪੋਰਟਲ 'ਤੇ ਆਨਲਾਈਨ ਵੀ ਚੈਕ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਈ-ਸੇਵਾ ਪੋਰਟਲ ਉਤੇ 430 ਤੋਂ ਵੱਧ ਸੇਵਾਵਾਂ ਉਪਲਬਧ ਹਨ, ਜਿਨ੍ਹਾਂ ਵਿੱਚ 320 ਸੇਵਾਵਾਂ ਵਿੱਚ ਆਨਲਾਈਨ ਬਿਨੇ ਕਰਨ ਦੀ ਸੁਵਿਧਾ ਹੈ ਜਦਕਿ 105 ਸੇਵਾਵਾਂ ਵਾਸਤੇ ਆਫ਼ਲਾਈਨ (ਨਿੱਜੀ ਤੌਰ 'ਤੇ ਸੇਵਾ ਕੇਂਦਰ 'ਚ ਜਾ ਕੇ) ਬਿਨੇ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਹੁਣ ਕਿਸੇ ਵੀ ਸਰਟੀਫ਼ਿਕੇਟ ਜਾਂ ਸੇਵਾ ਲਈ ਬਿਨੇ ਕਰਨ 'ਤੇ ਬਿਨੇਕਾਰ ਨੂੰ ਇਧਰ-ਉਧਰ ਸਰਕਾਰੀ ਦਫ਼ਤਰਾਂ 'ਚ ਜਾਣ ਦੀ ਲੋੜ ਨਹੀਂ ਪੈਂਦੀ ਬਲਕਿ ਸਾਰਾ ਕੰਮ ਆਨਲਾਈਨ ਹੀ ਹੁੰਦਾ ਹੈ।

# ਗਿਆਸਪੁਰਾ ਗੈਸ ਲੀਕ ਮਾਮਲੇ ਦੀ ਮੈਜਿਸਟਰੇਟੀ ਜਾਂਚ ਦੇ ਹੁਕਮ

## ਹੁਣ ਤੱਕ 11 ਲੋਕਾਂ ਦੀ ਮੌਤ, 12 ਹਸਪਤਾਲ ਦਾਖਲ, ਕੇਂਦਰ ਤੇ ਸੂਬਾ ਸਰਕਾਰ ਵੱਲੋਂ ਮ੍ਰਿਤਕ ਪਰਿਵਾਰਾਂ ਨੂੰ 2 ਲੱਖ ਤੇ ਜ਼ੇਰੇ ਇਲਾਜ ਨੂੰ 50 ਹਜ਼ਾਰ ਦੇਣ ਦਾ ਐਲਾਨ

**ਜਲੰਧਰ ਤੋਂ ਜੇ ਸਿੰਘ 'ਭੜਿਆਰ'**

ਲੁਧਿਆਣਾ ਦੇ ਗਿਆਸਪੁਰਾ ਇਲਾਕੇ 'ਚ ਐਤਵਾਰ ਸਵੇਰੇ ਜ਼ਹਿਰੀਲੀ ਗੈਸ ਚੜ੍ਹਨ ਨਾਲ ਦੋ ਬੱਚਿਆਂ ਸਣੇ 11 ਲੋਕਾਂ ਦੀ ਮੌਤ ਹੋ ਗਈ ਤੇ 12 ਨੂੰ ਬੇਹੋਸ਼ੀ ਦੀ ਹਾਲਤ 'ਚ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ। ਮ੍ਰਿਤਕਾਂ 'ਚ 5 ਔਰਤਾਂ ਅਤੇ 4 ਪੁਰਸ਼ਾਂ ਸਮੇਤ 2 ਬੱਚੇ ਸ਼ਾਮਲ ਹਨ। ਬੱਚਿਆਂ ਦੀ ਉਮਰ 10 ਅਤੇ 13 ਸਾਲ ਹੈ। ਗੈਸ ਦਾ ਅਸਰ ਇੰਨਾ ਜ਼ਬਰਦਸਤ ਸੀ ਕਿ ਇਲਾਕੇ ਦੇ ਲੋਕ ਛੇ ਘੰਟੇ ਤੱਕ ਦਹਿਸ਼ਤ ਵਿੱਚ ਰਹੇ। ਗਿਆਸਪੁਰਾ ਦੀ ਇੱਕ ਫੈਕਟਰੀ ਵਿੱਚ ਕੰਮ ਕਰਨ ਵਾਲਾ ਮਜ਼ਦੂਰ ਸਭ ਤੋਂ ਪਹਿਲਾਂ ਮੌਕੇ 'ਤੇ ਪਹੁੰਚਿਆ। ਉਸ ਨੇ ਦੱਸਿਆ ਕਿ ਉਹ ਐਂਬੂਲੈਂਸ ਦਾ ਇੰਤਜ਼ਾਰ ਕਰਨ ਦੀ ਬਜਾਏ ਪੀੜਤਾਂ ਨੂੰ ਆਟੋ ਰਿਕਸ਼ਾ ਵਿੱਚ ਹਸਪਤਾਲ ਲੈ ਕੇ ਗਿਆ। ਸੂਚਨਾ ਮਿਲਣ ਮਗਰੋਂ ਪੁਲਸ ਅਤੇ ਪ੍ਰਸ਼ਾਸਨ ਦੀਆਂ ਟੀਮਾਂ ਮੌਕੇ 'ਤੇ ਪਹੁੰਚ ਗਈਆਂ ਹਨ ਅਤੇ ਇਲਾਕੇ ਨੂੰ ਸੀਲ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਵੀ ਮੌਕੇ 'ਤੇ ਪਹੁੰਚ ਗਈਆਂ ਸਨ। ਫਾਇਰ ਬ੍ਰਿਗੇਡ ਵਿਭਾਗ ਦੀ ਮਦਦ ਨਾਲ ਜ਼ਖ਼ਮੀਆਂ ਨੂੰ ਐਂਬੂਲੈਂਸ ਜ਼ਰੀਏ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ।

ਸਿਹਤ ਮੰਤਰੀ ਡਾ ਬਲਬੀਰ ਸਿੰਘ ਨੇ ਕਿਹਾ ਹੈ ਕਿ ਮੈਨੂੰ ਡਾਕਟਰ ਹੋਣ ਦੇ ਨਾਤੇ ਬਹੁਤ ਹੈਰਾਨੀ ਹੋ ਰਹੀ ਹੈ ਕਿ ਇੰਨੀਆਂ ਮੌਤਾਂ ਅਚਾਨਕ ਕਿਵੇਂ ਹੋਈਆਂ ਹਨ। ਜਾਂਚ ਕੀਤੀ ਜਾ ਰਹੀ ਹੈ ਕਿ ਕਿਹੜੀ ਗੈਸ ਨਾਲ ਇਹ ਘਟਨਾ ਵਾਪਰੀ ਹੈ। ਇੰਝ ਜਾਪ ਰਿਹਾ ਹੈ ਕਿ ਇਹ ਬਹੁਤ ਖ਼ਤਰਨਾਕ ਗੈਸ ਹੈ, ਜਿਸ ਅਚਾਨਕ ਇੰਨੀਆਂ ਮੌਤਾਂ ਹੋ ਗਈਆਂ। ਉਨ੍ਹਾਂ ਕਿਹਾ ਕਿ ਬਚਾਅ ਅਮਲਾ ਮੌਕੇ 'ਤੇ ਪਹੁੰਚਿਆ ਹੈ ਅਤੇ ਪੰਜਾਬ ਸਰਕਾਰ ਵਲੋਂ ਮਦਦ ਕਾਰਜ ਕੀਤੇ ਜਾ ਰਹੇ ਹਨ। ਸਿਹਤ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਦੋ ਲੱਖ ਰੁਪਏ ਅਤੇ ਜ਼ੇਰੇ ਇਲਾਜ ਲੋਕਾਂ ਨੂੰ 50 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਸਾਰੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।



**ਡੀ ਜੀਪੀ ਸ਼ੁਕਲਾ ਨੇ ਸਥਿਤੀ ਦਾ ਲਿਆ ਜਾਇਜ਼ਾ**

ਲੁਧਿਆਣਾ 'ਚ ਗਿਆਸਪੁਰਾ ਗੈਸ ਲੀਕ ਘਟਨਾ ਦਾ ਨੋਟਿਸ ਲੈਂਦਿਆਂ ਵਿਸ਼ੇਸ਼ ਡਾਇਰੈਕਟਰ ਜਨਰਲ ਆਫ ਪੁਲਸ (ਡੀ ਜੀ ਪੀ) ਕਾਨੂੰਨ ਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਪੂਰੀ ਸਥਿਤੀ ਦਾ ਜਾਇਜ਼ਾ ਲੈਣ ਲਈ ਇਲਾਕੇ ਦਾ ਦੌਰਾ ਕੀਤਾ। ਵਿਸ਼ੇਸ਼ ਡੀ। ਜੀ। ਪੀ। ਅਰਪਿਤ ਸ਼ੁਕਲਾ, ਜਿਨ੍ਹਾਂ ਨਾਲ ਡਿਪਟੀ ਕਮਿਸ਼ਨਰ (ਡੀ ਸੀ) ਲੁਧਿਆਣਾ ਸੁਰਭੀ ਮਲਿਕ, ਪੁਲਸ ਕਮਿਸ਼ਨਰ (ਸੀ ਪੀ) ਲੁਧਿਆਣਾ ਮਨਦੀਪ ਸਿੰਘ ਸਿੱਧੂ ਅਤੇ ਨਗਰ ਨਿਗਮ ਕਮਿਸ਼ਨਰ ਸ਼ੀਨਾ ਅਗਰਵਾਲ ਵੀ ਮੌਜੂਦ ਸਨ, ਨੇ ਪੁਲਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਸ ਘਟਨਾ ਨੂੰ ਦਿਲ ਦਹਿਲਾ ਦੇਣ ਵਾਲੀ ਅਤੇ ਮੰਦਭਾਗੀ ਦੱਸਦਿਆਂ ਉਨ੍ਹਾਂ ਦੱਸਿਆ ਕਿ ਅਣਪਛਾਤੇ ਵਿਅਕਤੀਆਂ ਖਿਲਾਫ਼ ਐਫ ਆਈ ਆਰ ਦਰਜ ਕਰ ਲਈ ਗਈ ਹੈ ਅਤੇ ਦੋਸ਼ੀ ਦੀ ਭਾਲ ਲਈ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਪੁਲਸ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇ ਅਤੇ ਸ਼ਹਿਰ 'ਚ ਅਮਨ-ਕਾਨੂੰਨ ਦੀ ਵਿਵਸਥਾ ਨੂੰ ਹਰ ਕੀਮਤ 'ਤੇ ਬਰਕਰਾਰ ਰੱਖਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਇਸ ਘਟਨਾ ਦੀ ਜਾਂਚ ਲਈ ਮੈਜਿਸਟਰੇਟੀ ਜਾਂਚ ਦੇ ਹੁਕਮ ਵੀ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ ਪੀ ਸੀ ਬੀ) ਦੇ ਮੁੱਖ ਇੰਜੀਨੀਅਰ ਵੱਲੋਂ ਪਹਿਲਾਂ ਹੀ ਮੌਕੇ ਤੋਂ ਨਮੂਨੇ ਲੈ ਲਏ ਗਏ ਹਨ। ਉਨ੍ਹਾਂ ਕਿਹਾ ਕਿ ਐਨ ਡੀ ਆਰ ਐਫ ਦੀ ਟੀਮ ਨੂੰ ਬੁਲਾਇਆ ਗਿਆ ਹੈ ਅਤੇ ਨਿਯਮਿਤ ਅੰਤਰਾਲਾਂ 'ਤੇ ਗੈਸ ਦੇ ਪੱਧਰਾਂ ਦੀ ਜਾਂਚ ਕੀਤੀ ਜਾ ਰਹੀ ਹੈ। ਦੱਸਣਯੋਗ ਹੈ ਕਿ ਇਸ ਸਬੰਧੀ ਥਾਣਾ ਸਾਹਨੇਵਾਲ ਵਿਖੇ ਭਾਰਤੀ ਦੰਡਾਵਲੀ (ਆਈ ਪੀ ਸੀ) ਦੀ ਧਾਰਾ 304 ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।

**ਮਾਮਲੇ ਦੀ ਜਾਂਚ ਲਈ ਪੀਪੀਸੀਬੀ ਦੀਆਂ ਟੀਮਾਂ ਤਾਇਨਾਤ**

ਲੁਧਿਆਣਾ ਦੇ ਗਿਆਸਪੁਰਾ ਇਲਾਕੇ ਵਿੱਚ ਗੈਸ ਲੀਕ ਮਾਮਲੇ ਦੀ ਜਾਂਚ ਲਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀਆਂ 10 ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਇਸ ਦੇ ਨਾਲ ਹੀ ਪੁਲਿਸ ਵੱਲੋਂ ਵੱਖਰੀ ਪੰਜ ਮੈਂਬਰੀ ਐਸਆਈਟੀ ਦਾ ਗਠਨ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰ ਸੁਰਭੀ ਮਲਿਕ ਨੇ ਕਿਹਾ ਕਿ ਮਾਮਲੇ ਦੀ ਤਹਿ ਤੱਕ ਜਾਂਚ ਕਰਵਾਈ ਜਾਵੇਗੀ। ਇਸ ਤਹਿਤ ਪੀਪੀਸੀਬੀ ਦੀਆਂ 10 ਟੀਮਾਂ ਜਾਂਚ ਲਈ ਤਾਇਨਾਤ ਕੀਤੀਆਂ ਗਈਆਂ ਹਨ, ਜੋ ਇੱਥੇ ਸੈਂਪਲ ਲੈਣਗੀਆਂ ਅਤੇ ਉਸ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਹਾਦਸੇ ਵਾਲੀ ਥਾਂ ਦਾ ਘੇਰਾ 250 ਮੀਟਰ ਤੋਂ ਘਟਾ ਕੇ 50 ਮੀਟਰ ਕਰ ਦਿੱਤਾ ਗਿਆ ਹੈ।



ਪੁਲਿਸ ਕਮਿਸ਼ਨਰ ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਪੁਲਿਸ ਵੱਲੋਂ ਵੱਖਰੀ 5 ਮੈਂਬਰੀ ਐਸਆਈਟੀ ਬਣਾਈ ਗਈ ਹੈ, ਜਿਸ ਵਿੱਚ ਸੀਨੀਅਰ ਅਧਿਕਾਰੀ ਸ਼ਾਮਲ ਹੋਣਗੇ। ਉਮੀਦ ਹੈ ਕਿ ਇਸ ਦਾ ਸਿੱਟਾ ਜਲਦੀ ਹੀ ਸਾਹਮਣੇ ਆ ਜਾਵੇਗਾ। ਪੁਲਿਸ ਨੇ ਕਿਹਾ ਕਿ ਉਹ ਨਹੀਂ ਚਾਹੁੰਦੇ ਕਿ ਭਵਿੱਖ ਵਿੱਚ ਕਿਸੇ ਕਿਸਮ ਦਾ ਨੁਕਸਾਨ ਹੋਵੇ, ਇਸ ਲਈ ਲਾਪਰਵਾਹੀ ਨਹੀਂ ਕੀਤੀ ਜਾਵੇਗੀ।ਉਨ੍ਹਾਂ ਨੇ ਕਿਹਾ ਕਿ ਇਹ ਬਹੁਤ ਗੰਭੀਰ ਮਾਮਲਾ ਹੈ, ਜਿਸਦੀ ਬਾਰੀਕੀ ਨਾਲ ਜਾਂਚ ਕੀਤੀ ਜਾਵੇਗੀ।

**ਗੈਸ ਲੀਕ ਦੀ ਘਟਨਾ ਬੇਹੱਦ ਦੁੱਖਦਾਇਕ-ਭਗਵੰਤ ਮਾਨ**

ਇਸ ਹਾਦਸੇ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਕਰਦਿਆਂ ਲਿਖਿਆ ਕਿ ਲੁਧਿਆਣਾ ਦੇ ਗਿਆਸਪੁਰ ਇਲਾਕੇ ਵਿਚ ਗੈਸ ਲੀਕ ਦੀ ਘਟਨਾ ਬਹੁੱਦ ਦੁੱਖਦਾਇਕ ਹੈ। ਮਾਨ ਨੇ ਦੱਸਿਆ ਕਿ ਪੁਲਸ ਪ੍ਰਸ਼ਾਸਨ ਅਤੇ ਐੱਨ ਡੀ ਆਰ ਐੱਫ਼ ਦੀਆਂ ਟੀਮਾਂ ਮੌਕੇ 'ਤੇ ਮੌਜੂਦ ਹਨ ਅਤੇ ਉਨ੍ਹਾਂ ਵੱਲੋਂ ਹਰ ਸੰਭਵ ਮਦਦ ਪਹੁੰਚਾਈ ਜਾ ਰਹੀ ਹੈ।

**ਮੋਦੀ ਨੇ ਮ੍ਰਿਤਕਾਂ ਦੇ ਵਾਰਸਾਂ ਲਈ ਕੀਤਾ ਮੁਆਵਜ਼ੇ ਦਾ ਐਲਾਨ**

ਇਸ ਦੁਖ਼ਦ ਘਟਨਾ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਹਰੇਕ ਮ੍ਰਿਤਕ ਦੇ ਵਾਰਸਾਂ ਨੂੰ ਪ੍ਰਧਾਨ ਮੰਤਰੀ ਰਾਸ਼ਟਰੀ ਰਾਹਤ ਫੰਡ ਜ਼ਰੀਏ 2 ਲੱਖ ਰੁਪਏ ਦੀ ਐਕਸ-ਗ੍ਰੇਸ਼ੀਆ ਗ੍ਰਾਂਟ ਦੇਣ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਹਰੇਕ ਜ਼ਖ਼ਮੀ ਵਿਅਕਤੀ ਨੂੰ 50,000 ਰੁਪਏ ਦਿੱਤੇ ਜਾਣਗੇ। ਇਹ ਜਾਣਕਾਰੀ ਪ੍ਰਧਾਨ ਮੰਤਰੀ ਦਫ਼ਤਰ ਵਲੋਂ ਟਵੀਟ ਕਰ ਕੇ ਦਿੱਤੀ ਗਈ।

**ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਪ੍ਰਗਟਾਇਆ ਦੁੱਖ**

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਟਵੀਟ ਕਰਦਿਆਂ ਲਿਖਿਆ ਕਿ ਲੁਧਿਆਣਾ ਵਿਖੇ ਵਾਪਰੇ ਹਾਦਸੇ 'ਚ ਬੱਚਿਆਂ ਅਤੇ ਔਰਤਾਂ ਸਮੇਤ ਕਈ ਲੋਕਾਂ ਦੀ ਮੌਤ ਹੋ ਜਾਣ ਦੀ ਖ਼ਬਰ ਸੁਣ ਕੇ ਮੈਨੂੰ ਬਹੁਤ ਦੁੱਖ ਹੋਇਆ ਹੈ। ਮੈਂ ਸਾਰੇ ਦੁਖ਼ੀ ਪਰਿਵਾਰਾਂ ਪ੍ਰਤੀ ਆਪਣੀ ਡੂੰਘੀ ਸੰਵੇਦਨਾ ਪ੍ਰਗਟ ਕਰਦੀ ਹਾਂ ਅਤੇ ਸਾਰੇ ਪ੍ਰਭਾਵਿਤ ਲੋਕਾਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕਰਦੀ ਹਾਂ।

**ਗੈਸ ਲੀਕ ਦੀ ਘਟਨਾ ਬੇਹੱਦ ਦੁਖਦ-ਅਮਿਤ ਸ਼ਾਹ**

ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਟਵੀਟ ਕਰਦਿਆਂ ਕਿਹਾ ਕਿ ਪੰਜਾਬ ਦੇ ਲੁਧਿਆਣਾ 'ਚ ਗੈਸ ਲੀਕ ਦੀ ਘਟਨਾ ਦੁਖਦ ਹੈ। ਐਨਡੀਆਰਐਫ ਦੀ ਟੀਮ ਮੌਕੇ 'ਤੇ ਰਾਹਤ ਅਤੇ ਬਚਾਅ ਕੰਮ 'ਚ ਜੁੱਟੀ ਹੋਈ ਹੈ। ਇਸ ਹਾਦਸੇ 'ਚ ਜਾਨ ਗੁਆਉਣ ਵਾਲੇ ਲੋਕਾਂ ਦੇ ਪਰਿਵਾਰਾਂ ਪ੍ਰਤੀ ਡੂੰਘੀ ਹਮਦਰਦੀ ਜ਼ਾਹਰ ਕਰਦਾ ਹਾਂ। ਪਰਮਾਤਮਾ ਉਨ੍ਹਾਂ ਨੂੰ ਇਹ ਦੁੱਖ ਸਹਿਣ ਦੀ ਸ਼ਕਤੀ ਦੇਵੇ। ਜ਼ਖ਼ਮੀਆਂ ਦੇ ਛੇਤੀ ਸਿਹਤਮੰਦ ਹੋਣ ਦੀ ਕਾਮਨਾ ਕਰਦਾ ਹਾਂ।

**ਅਜਿਹੀਆਂ ਫੈਕਟਰੀਆਂ 'ਤੇ ਬੁਲਡੋਜ਼ਰ ਚਲਾ ਦੇਣੇ ਚਾਹੀਦਾ-ਬਿੱਟੂ**

ਗਿਆਸਪੁਰਾ ਗੈਸ ਲੀਕ ਮਾਮਲੇ 'ਤੇ ਰਵਨੀਤ ਬਿੱਟੂ ਨੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਇਕੋ ਪਰਿਵਾਰ ਦੇ 5 ਮੈਂਬਰਾਂ ਸਮੇਤ ਹੋਰ 11 ਹੋਈਆਂ ਮੌਤਾਂ ਬਾਰੇ ਸੁਣ ਕੇ ਬਹੁਤ ਦੁੱਖ ਹੋਇਆ। ਉਨ੍ਹਾਂ ਦੋਸ਼ ਲਾਉਂਦਿਆਂ ਕਿਹਾ ਕਿ ਇਹ ਹਾਦਸਾ ਨਹੀਂ, ਸਗੋਂ ਕਤਲ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਫੈਕਟਰੀਆਂ 'ਤੇ ਬੁਲਡੋਜ਼ਰ ਚਲਾ ਦੇਣੇ ਚਾਹੀਦੇ ਹਨ ਕਿਉਂਕਿ ਇਨ੍ਹਾਂ ਕਰਕੇ ਇੰਨੀਆਂ ਜਾਨਾਂ ਚਲੇ ਗਈਆਂ।

ਸੀਵਰੇਜ ਬੋਰਡ ਜਾਂ ਪ੍ਰਦੂਸ਼ਣ ਬੋਰਡ 'ਤੇ ਵੀ ਜਿੰਨੀ ਕਾਰਵਾਈ ਹੋਵੇ, ਥੋੜ੍ਹੀ ਹੈ। ਇਹ ਬੋਰਡ ਵੀ ਇਨ੍ਹਾਂ ਹੋਈਆਂ ਮੌਤਾਂ ਦੇ ਜ਼ਿੰਮੇਵਾਰ ਹਨ।

## ਚਸ਼ਮਦੀਦਾਂ ਨੇ ਬਿਆਨ ਕੀਤਾ ਦਿਲ ਦਹਿਲਾ ਦੇਣ ਵਾਲਾ ਮੰਜ਼ਰ

ਗਿਆਸਪੁਰਾ ਇਲਾਕੇ ਦੀ ਸੂਆ ਰੋਡ 'ਤੇ ਹੋਏ ਹਾਦਸੇ ਦੇ 2 ਚਸ਼ਮਦੀਦ ਸਾਹਮਣੇ ਆਏ ਹਨ, ਜਿਨ੍ਹਾਂ ਨੇ ਦਿਲ ਦਹਿਲਾ ਦੇਣ ਵਾਲਾ ਮੰਜਰ ਆਪਣੀ ਜ਼ੁਬਾਨ ਨਾਲ ਬਿਆਨ ਕੀਤਾ। ਚਸ਼ਮ-ਦੀਦ ਸ਼ਿਵਮ ਅਤੇ ਅਰਵਿੰਦ ਨੇ ਦੱਸਿਆ ਕਿ ਉਹ ਐਤਵਾਰ ਦੀ ਸਵੇਰ ਘਟਨਾ ਸਥਾਨ ਦੀ ਗੋਇਲ ਕਰਿਆਨਾ ਸਟੋਰ ਤੋਂ ਕੁੱਝ ਹੀ ਦੂਰੀ 'ਤੇ ਸਨ। ਜਦ ਉਨ੍ਹਾਂ ਨੇ ਦੇਖਿਆ ਕਿ ਸਟੋਰ ਦੇ ਬਾਹਰ ਕੁੱਝ ਲੋਕ ਡਿੱਗੇ ਪਏ ਹਨ ਅਤੇ ਤੜਫਦੇ ਹੋਏ ਮਦਦ ਦੀ ਮੰਗ ਕਰ ਰਹੇ ਹਨ। ਜਦ ਉਨ੍ਹਾਂ ਨੂੰ ਬਚਾਉਣ ਲਈ ਕੁੱਝ ਕੋਲ ਪੁੱਜੇ ਤਾਂ ਉਨ੍ਹਾਂ ਨੂੰ ਵੀ ਸਾਹ ਲੈਣ 'ਚ ਤਕਲੀਫ਼ ਹੋਣ ਲੱਗੀ। ਇਕਦਮ ਨਾਲ ਉਨ੍ਹਾਂ ਦੀਆਂ ਅੱਖਾਂ ਅੱਗੇ ਹਨ੍ਹੇਰਾ ਛਾਉਣ ਲੱਗਾ ਅਤੇ ਦਿਮਾਗ ਸੁੰਨ ਜਿਹਾ ਹੋ ਗਿਆ। ਉਨ੍ਹਾਂ ਨੇ ਕਿਸੇ ਤਰ੍ਹਾਂ ਜੇਬ 'ਚੋਂ ਰੁਮਾਲ ਕੱਢਿਆ ਫਿਰ ਨੱਕ ਅਤੇ ਮੂੰਹ 'ਤੇ ਰੁਮਾਲ ਬੰਨ੍ਹ ਲਿਆ। ਇਸ ਤੋਂ ਬਾਅਦ ਉਹ ਖ਼ੁਦ ਹੀ ਪਿੱਛੇ ਹਟ ਕੇ ਦੂਰ ਚਲੇ ਗਏ। ਤਦ ਜਾ ਕੇ ਉਨ੍ਹਾਂ ਨੂੰ ਕੁੱਝ ਠੀਕ ਮਹਿਸੂਸ ਹੋਇਆ ਪਰ ਉਨ੍ਹਾਂ ਦੇ ਦੇਖਦੇ ਹੀ ਦੇਖਦੇ ਕਰਿਆਨਾ ਸਟੋਰ ਦੇ ਬਾਹਰ ਤੇ ਨੇੜੇ 11 ਲੋਕ ਤੜਫ-ਤੜਫ ਕੇ ਮਰ ਗਏ। ਉਹ ਉਨ੍ਹਾਂ ਨੂੰ ਬਚਾ ਨਹੀਂ ਸਕੇ।




ਉਨ੍ਹਾਂ ਦਾ ਕਹਿਣਾ ਸੀ ਕਿ ਜੇਕਰ ਉਹ ਕਿਸੇ ਤਰ੍ਹਾਂ ਦੀ ਹਿੰਮਤ ਕਰ ਕੇ ਚਲੇ ਵੀ ਜਾਂਦੇ ਤਾਂ ਉਹ ਵੀ ਬਾਕੀ ਲੋਕਾਂ ਦੀ ਤਰ੍ਹਾਂ ਅੱਜ ਮਰੇ ਪਏ ਹੁੰਦੇ। ਅਰਵਿੰਦ ਦਾ ਕਹਿਣਾ ਹੈ ਕਿ ਜਿੱਥੇ ਘਟਨਾ ਹੋਈ, ਉੱਥੋਂ ਉਸ ਦਾ ਘਰ ਸਿਰਫ 150 ਮੀਟਰ ਦੂਰ ਹੈ। ਉਹ ਸਵੇਰੇ ਕ੍ਰਿਕਟ ਖੇਡਣ ਲਈ ਜਾ ਰਿਹਾ ਸੀ। ਜਦ ਇਹ ਹਾਦਸਾ ਹੋਇਆ। ਪਹਿਲਾਂ ਉਸ ਨੇ ਸੋਚਿਆ ਕਿ ਕੋਈ ਐਕਸੀਡੈਂਟ ਹੋਇਆ ਹੈ ਪਰ ਜਦ ਮੈਨੂ ਵੀ ਗੈਸ ਚੜ੍ਹਨੀ ਸ਼ੁਰੂ ਹੋਈ ਤਾਂ ਤੁਰੰਤ ਮੌਕੇ ਤੋਂ ਦੂਰ ਚਲਾ ਗਿਆ ਪਰ ਲੋਕ ਮਦਦ ਦੇ ਲਈ ਰੌਲਾ ਪਾ ਰਹੇ ਸਨ। ਇਸ ਤੋਂ ਬਾਅਦ ਉਸ ਨੇ ਆਪਣੀ ਗਲੀ 'ਚ ਜਾ ਕੇ ਲੋਕਾਂ ਨੂੰ ਘਟਨਾ ਬਾਰੇ ਦੱਸਿਆ ਸੀ। ਫਿਰ ਉਨ੍ਹਾਂ ਨੇ ਪੁਲਸ ਨੂੰ ਕਾਲ ਕਰ ਕੇ ਸੂਚਨਾ ਦਿੱਤੀ। ਕੁੱਝ ਮਿੰਟ ਬਾਅਦ ਹੀ ਪੁਲਸ ਮੌਕੇ 'ਤੇ ਪੁੱਜੀ ਪਰ ਜਦ ਪੁਲਸ ਵਾਲੇ ਘਟਨਾ ਸਥਾਨ 'ਤੇ ਪੁੱਜੇ ਤਾਂ ਉਨ੍ਹਾਂ ਨੂੰ ਵੀ ਚੱਕਰ ਆਉਣ ਲੱਗ ਗਏ। ਇਸ ਲਈ ਉਨ੍ਹਾਂ ਨੂੰ ਵੀ ਦੂਰ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਐਂਬੂਲੈਂਸ ਬੁਲਾ ਕੇ ਸੜਕ 'ਤੇ ਪਏ ਲੋਕਾਂ ਨੂੰ ਹਟਾਉਣ ਦਾ ਕੰਮ ਸ਼ੁਰੂ ਕੀਤਾ ਗਿਆ। ਉੱਥੇ ਸ਼ਿਵਮ ਦਾ ਕਹਿਣਾ ਹੈ ਕਿ ਉਸ ਦਾ ਘਰ ਲਗਭਗ 300 ਮੀਟਰ ਦੂਰ ਹੈ। ਐਤਵਾਰ ਸਵੇਰੇ ਹੀ ਹਵਾ 'ਚ ਤੇਜ਼ ਬਦਬੂ ਆ ਰਹੀ ਸੀ। ਅਕਸਰ ਇੰਡਸਟਰੀ ਵਾਲੇ ਸੀਵਰੇਜ 'ਚ ਤੇਜ਼ਾਬੀ ਪਾਣੀ ਪਾਉਂਦੇ ਰਹਿੰਦੇ ਹਨ, ਇਸ ਲਈ ਸ਼ੁਰੂ ਵਿਚ ਤਾਂ ਉਸ ਨੂੰ ਲੱਗਾ ਕਿ ਸ਼ਾਇਦ ਇਹ ਬਦਬੂ ਉਸੇ ਤੋਂ ਆ ਰਹੀ ਹੈ ਪਰ ਜਦ ਉਹ ਨੇੜੇ ਗਿਆ ਤਾਂ ਉਸ ਨੂੰ ਵੀ ਬੇਹੋਸ਼ੀ ਆਉਣ ਲੱਗੀ। ਇਸ ਤੋਂ ਪਹਿਲਾਂ ਕੋਈ ਵੀ ਹਾਦਸਾ ਉਸ ਦੇ ਨਾਲ ਹੁੰਦਾ, ਉਹ ਵੀ ਭੱਜ ਕੇ ਦੂਰ ਚਲਾ ਗਿਆ।

# ਸਿਹਤ ਵਿਭਾਗ 'ਚ ਕੰਮ ਕਰਦੇ ਕੱਚੇ ਮਲਟੀਪਰਪਜ਼ ਕਾਮੇ ਪੱਕੇ ਕੀਤੇ ਜਾਣ - ਪ੍ਰਧਾਨ ਸਰਬਜੀਤ ਨਵਾਂਸ਼ਹਿਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸਿਹਤ ਵਿਭਾਗ 'ਚ ਠੇਕਾ ਅਧਾਰਤ ਕੰਮ ਕਰ ਰਹੇ ਮਲਟੀਪਰਪਜ ਹੈਲਥ ਵਰਕਰਜ 2211 ਹੈਡ ਵਲੋਂ ਆਪ ਨੂੰ ਰੈਗੂਲਰ ਕੀਤੇ ਜਾਣ ਦੀ ਮੰਗ ਸੰਬੰਧੀ ਜਲੰਧਰ ਵਿਚ ਰੋਸ ਧਰਨਾ ਦਿੱਤਾ।

ਇਸ ਮੌਕੇ ਤੇ ਮਲਟੀਪਰਪਜ ਹੈਲਥ ਵਰਕਰਜ ਦੀ ਪ੍ਰਧਾਨ ਸਰਬਜੀਤ ਕੌਰ ਨਵਾਂਸ਼ਹਿਰ ਨੇ ਕਿਹਾ ਕਿ ਸਰਕਾਰ ਸਾਨੂੰ ਪਿੱਛਲੇ 14-15 ਸਾਲਾਂ ਤੋਂ ਠੇਕਾ ਪ੍ਰਣਾਲੀ ਤੇ ਰੱਖ ਕੇ ਸਿਹਤ ਵਿਭਾਗ ਦਾ ਕੰਮ ਲੈ ਰਹੀ ਹੈ, ਤੇ ਹੁਣ ਸਰਕਾਰ ਵਲੋਂ 2211 ਫੀਮੇਲ ਵਰਕਰਾਂ ਨੂੰ ਤੁਰੰਤ ਰੈਗੂਲਰ ਕਰਨ ਦਾ ਫਰਜ ਬਣਦਾ ਹੈ। ਕਿਉਂਕਿ ਸਰਕਾਰ ਨੇ ਵੋਟਾਂ ਤੋਂ ਪਹਿਲਾਂ ਸਾਨੂੰ ਰੈਗੂਲਰ ਕਰਨ ਦਾ ਵਾਅਦਾ ਕੀਤਾ ਸੀ, ਕਿ ਕੱਚੇ ਕਾਮਿਆਂ ਨੂੰ ਰੈਗੂਲਰ ਕੀਤਾ ਜਾਵੇਗਾ। ਉਹਨਾਂ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਅਗਰ ਸਾਡੀ ਮੰਗ ਨਾਂ ਮੰਨੀ ਗਈ ਤਾਂ ਅਸੀਂ ਵੱਡੇ ਪੱਧਰ ਤੇ ਸੰਘਰਸ਼ ਕਰਨ ਲਈ ਮਜਬੂਰ ਹੋਵਾਂਗੇ। ਇਸ ਮੌਕੇ ਤੇ ਮਲਟੀਪਰਪਜ ਹੈਲਥ ਇੰ-ਪਲਾਈਜ਼ ਯੂਨੀਅਨ ਪੰਜਾਬ ਦੇ ਪ੍ਰਧਾਨ ਕੁਲਵੀਰ ਸਿੰਘ ਮੋਗਾ ਨੇ ਕਿਹਾ ਕਿ ਜਲੰਧਰ ਸੰਘਰਸ਼ ਦੇ ਧਰਨੇ ਤੋਂ ਬਾਅਦ ਦਿੱਤੀ ਮੀਟਿੰਗ 'ਚ ਜੇਕਰ 2211 ਹੈਲਥ ਵਰਕਰਜ ਨੂ ਰੈਗੂਲਰ ਕਰਨ ਦਾ ਨੋਟੀਫਿਕੇਸ਼ਨ ਜਾਰੀ ਨਾ ਕੀਤਾ ਗਿਆ ਤਾਂ ਜਲੰਧਰ ਦੀ ਜਿਮਨੀ ਚੋਣ ਵਿੱਚ ਹੀ ਅਸੀਂ ਸੰਘਰਸ਼ ਨੂੰ ਹੋਰ ਪ੍ਰਚੰਡ ਕਰ ਦਿੱਤਾ ਜਾਵੇਗਾ। ਇਸ ਮੌਕੇ ਤੇ ਮਲਟੀਪਰਪਜ ਹੈਲਥ ਵਰਕਰਜ ਯੂਨੀਅਨ ਦੇ ਪ੍ਰਧਾਨ ਸਰਬਜੀਤ ਕੌਰ ਨਵਾਂਸ਼ਹਿਰ, ਗੁਰਦੀਪ ਕੌਰ, ਕ੍ਰਿਸ਼ਨਾ, ਸੁਮਨ ਸ਼ਰਮਾ, ਊਸ਼ਾ ਰਾਣੀ, ਅਨੀਤਾ, ਰਣਜੀਤ ਕੌਰ, ਸੀਮਾ ਰਾਣੀ, ਜਗਜੀਤ ਕੌਰ, ਮਨਦੀਪ ਕੌਰ, ਤੀਰਥ ਕੌਰ, ਨਵਦੀਪ ਕੌਰ, ਪਵਨਦੀਪ ਕੌਰ, ਕਸ਼ਮੀਰ ਕੌਰ, ਕਮਲੇਸ਼ ਕੌਰ, ਸੁਖਦੇਵ ਕੌਰ, ਆਸ਼ਾ ਰਾਣੀ, ਸ਼ਮਿੰਦਰ ਕੌਰ, ਜਸਵਿੰਦਰ ਕੌਰ ਆਦਿ ਹਾਜਰ ਸਨ।



# ਵਿਨੇਸ਼ ਫੋਗਾਟ ਨੇ ਖੇਡ ਮੰਤਰੀ ਅਨੁਰਾਗ ਠਾਕੁਰ 'ਤੇ ਲਾਇਆ ਦੋਸ਼, ਕਿਹਾ- ਕਮੇਟੀ ਬਣਾ ਕੇ ਮਾਮਲੇ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ

**ਨਵੀਂ ਦਿੱਲੀ-** ਭਾਰਤ ਦੇ ਕਈ ਮਸ਼ਹੂਰ ਤੇ ਚੋਟੀ ਦੇ ਪਹਿਲਵਾਨ ਪਿਛਲੇ ਮਹੀਨੇ ਦੀ 23 ਤਰੀਕ ਤੋਂ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਖਿਲਾਫ ਖਿਡਾਰੀਆਂ ਦਾ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ 'ਚ ਕਾਰਵਾਈ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੇ ਹਨ।

ਰੈਸਲਿੰਗ ਫੈਡਰੇਸ਼ਨ ਆਫ ਇੰਡੀਆ ਦੇ ਮੁਖੀ ਅਤੇ ਭਾਜਪਾ ਦੇ ਸੰਸਦ ਮੈਂਬਰ ਬ੍ਰਿਜ ਭੂਸ਼ਣ ਸ਼ਰਨ ਸਿੰਘ ਖਿਲਾਫ ਜੰਤਰ-ਮੰਤਰ 'ਤੇ ਪ੍ਰਦਰਸ਼ਨ ਕਰ ਰਹੀ ਭਾਰਤ ਦੀ ਚੋਟੀ ਦੀ ਪਹਿਲਵਾਨ ਵਿਨੇਸ਼ ਫੋਗਾਟ ਨੇ ਕਿਹਾ ਹੈ ਕਿ ਅਜਿਹੇ ਤਾਕਤਵਰ ਵਿਅਕਤੀ ਖਿਲਾਫ ਖੜ੍ਹਨਾ ਮੁਸ਼ਕਲ ਹੈ, ਜਿਹੜਾ ਲੰਬੇ ਸਮੇਂ ਤਕ ਆਪਣੀ ਸ਼ਕਤੀ ਤੇ ਅਹੁਦੇ ਦੀ ਦੁਰਵਰਤੋਂ ਕਰਦਾ ਰਿਹਾ। ਉਨ੍ਹਾਂ ਖੁਲਾਸਾ ਕੀਤਾ ਕਿ ਪਹਿਲੀ ਵਾਰ ਜੰਤਰ-ਮੰਤਰ ਵਿਖੇ ਧਰਨਾ ਸ਼ੁਰੂ ਕਰਨ ਤੋਂ ਪਹਿਲਾਂ ਭਲਵਾਨਾਂ ਨੇ ਇਕ ਅਧਿਕਾਰੀ ਨਾਲ ਮੁਲਾਕਾਤ ਕੀਤੀ ਸੀ ਪਰ ਕੋਈ ਕਾਰਵਾਈ ਨਹੀਂ ਹੋਈ। ਰੈਸਲਿੰਗ ਫੈਡਰੇਸ਼ਨ ਆਫ ਇੰਡੀਆ ਮੁਖੀ 'ਤੇ ਲੱਗੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਖਿਲਾਫ ਪਹਿਲਵਾਨ ਪ੍ਰਦਰਸ਼ਨ ਕਰ ਰਹੇ ਹਨ ਤੇ ਉਨ੍ਹਾਂ ਦੀ ਗ੍ਰਿਫਤਾਰੀ ਦੀ ਮੰਗ ਕਰ ਰਹੇ ਹਨ।

**ਮਹਿਲਾ ਐਥਲੀਟਾਂ ਦਾ ਜਿਨਸੀ ਸ਼ੋਸ਼ਣ ਹੁੰਦਾ ਹੈ : ਵਿਨੇਸ਼ ਫੋਗਾਟ**

ਵਿਨੇਸ਼ ਨੇ ਕਿਹਾ, 'ਜੰਤਰ-ਮੰਤਰ 'ਤੇ ਧਰਨੇ ਤੋਂ ਤਿੰਨ-ਚਾਰ ਮਹੀਨੇ ਪਹਿਲਾਂ ਅਸੀਂ ਇਕ ਅਧਿਕਾਰੀ ਨੂੰ ਮਿਲੇ ਸੀ, ਅਸੀਂ ਉਨ੍ਹਾਂ ਨੂੰ ਸਭ ਕੁਝ ਦੱਸਿਆ ਸੀ ਕਿ ਕਿਸ ਤਰ੍ਹਾਂ ਮਹਿਲਾ ਐਥਲੀਟਾਂ ਦਾ ਜਿਨਸੀ ਸ਼ੋਸ਼ਣ ਤੇ ਮਾਨਸਿਕ ਤੌਰ 'ਤੇ ਤਸ਼ੱਦਦ ਕੀਤਾ ਜਾਂਦਾ ਹੈ, ਜਦੋਂ ਕੋਈ ਕਾਰਵਾਈ ਨਹੀਂ ਕੀਤੀ ਗਈ ਤਾਂ ਅਸੀਂ ਧਰਨੇ 'ਤੇ ਬੈਠ ਗਏ।'





ਵਿਨੇਸ਼ ਫੋਗਾਟ ਨੇ ਕੇਂਦਰੀ ਖੇਡ ਮੰਤਰੀ ਅਨੁਰਾਗ ਠਾਕੁਰ 'ਤੇ ਵੀ ਕੋਈ ਕਾਰਵਾਈ ਨਾ ਕਰਨ ਤੇ ਕਮੇਟੀ ਬਣਾ ਕੇ ਮਾਮਲੇ ਨੂੰ ਦਬਾਉਣ ਨੂੰ ਲੈ ਕੇ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ, 'ਅਸੀਂ ਕੇਂਦਰੀ ਖੇਡ ਮੰਤਰੀ (ਅਨੁਰਾਗ ਠਾਕੁਰ) ਨਾਲ ਗੱਲ ਕਰਨ ਤੋਂ ਬਾਅਦ ਆਪਣਾ ਵਿਰੋਧ ਖਤਮ ਕਰ ਦਿੱਤਾ ਤੇ ਸਾਰੇ ਐਥਲੀਟਾਂ ਨੇ ਉਨ੍ਹਾਂ ਨੂੰ ਜਿਨਸੀ ਸ਼ੋਸ਼ਣ ਬਾਰੇ ਦੱਸਿਆ ਸੀ। ਕਮੇਟੀ ਬਣਾ ਕੇ ਉਨ੍ਹਾਂ ਨੇ ਉੱਥੇ ਹੀ ਮਾਮਲੇ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ, ਉਸ ਸਮੇਂ ਕੋਈ ਕਾਰਵਾਈ ਨਹੀਂ ਹੋਈ।

**ਕਪਿਲ ਸਿੱਬਲ ਨੇ ਮਾਮਲੇ ਦੀ ਜਾਂਚ 'ਤੇ ਚੁੱਕੇ ਸਵਾਲ**

ਰਾਜ ਸਭਾ ਮੈਂਬਰ ਕਪਿਲ ਸਿੱਬਲ ਨੇ ਐਤਵਾਰ ਨੂੰ ਕਿਹਾ ਕਿ ਜਿਨਸੀ ਸ਼ੋਸ਼ਣ ਦੇ ਦੋਸ਼ਾਂ 'ਚ ਕੁਸ਼ਤੀ ਮਹਾਸੰਘ ਦੇ ਮੁਖੀ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਹੜਤਾਲ 'ਤੇ ਬੈਠੇ ਪਹਿਲਵਾਨਾਂ ਨੂੰ ਗੰਭੀਰ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੀਨੀਅਰ ਵਕੀਲ ਸਿੱਬਲ ਸੁਪਰੀਮ ਕੋਰਟ ਵਿੱਚ ਪਹਿਲਵਾਨਾਂ ਦੀ ਨੁਮਾਇੰਦਗੀ ਕਰ ਰਹੇ ਹਨ। ਇੱਕ ਟਵੀਟ ਵਿੱਚ, ਉਸਨੇ ਕਿਹਾ, "ਪ੍ਰਦਰਸ਼ਨ ਕਰ ਰਹੇ ਪਹਿਲਵਾਨਾਂ ਦੀ ਦੁਰਦਸ਼ਾ: ਇੱਕ ਨਾਬਾਲਗ, 6 ਹੋਰ ਪੀੜਤ, ਇੱਕ ਨਿਡਰ ਦੋਸ਼ੀ, ਇੱਕ ਚੁੱਪ ਪੀਐਮਓ, ਕੋਈ ਗ੍ਰਿਫਤਾਰੀ ਨਹੀਂ। ਇੱਕ ਲਚਕਦਾਰ ਜਾਂਚ?"

**ਬ੍ਰਿਜਭੂਸ਼ਣ ਖ਼ਿਲਾਫ਼ ਦੋ ਮਾਮਲੇ ਦਰਜ**

ਦਿੱਲੀ ਪੁਲਿਸ ਨੇ ਸ਼ੁੱਕਰਵਾਰ ਨੂੰ ਰੈਸਲਿੰਗ ਫੈਡਰੇਸ਼ਨ ਆਫ ਇੰਡੀਆ (ਡਬਲਯੂਐਫਆਈ) ਦੇ ਮੁਖੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਵਿਰੁੱਧ ਸੱਤ ਮਹਿਲਾ ਪਹਿਲਵਾਨਾਂ ਦੁਆਰਾ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੰਸਦ ਮੈਂਬਰ ਵਿਰੁੱਧ ਲਗਾਏ ਗਏ ਜਿਨਸੀ ਸ਼ੋਸ਼ਣ ਦੇ ਦੋਸ਼ਾਂ 'ਤੇ ਦੋ ਐਫਆਈਆਰ ਦਰਜ ਕੀਤੀਆਂ ਹਨ। ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਵੱਲੋਂ ਦਿੱਲੀ ਪੁਲਿਸ ਦੀ ਨੁਮਾਇੰਦਗੀ ਕਰਨ ਤੋਂ ਕੁਝ ਘੰਟਿਆਂ ਬਾਅਦ ਐਫਆਈਆਰ ਦਰਜ ਕੀਤੀ ਗਈ ਸੀ।

ਉਨ੍ਹਾਂ ਨੇ ਚੀਫ਼ ਜਸਟਿਸ ਡੀਵਾਈ ਚੰਦਰਚੂੜ ਅਤੇ ਜਸਟਿਸ ਪੀਐਸ ਨਰਸਿਮਹਾ ਦੀ ਬੈਂਚ ਨੂੰ ਦੱਸਿਆ ਕਿ ਸ਼ੁੱਕਰਵਾਰ ਨੂੰ ਕੇਸ ਦਰਜ ਕੀਤਾ ਜਾਵੇਗਾ। ਦੋ ਮਾਮਲਿਆਂ ਵਿੱਚ ਐਫਆਈਆਰ ਦਰਜ ਕੀਤੀ ਗਈ ਹੈ, ਜਿਸ ਵਿੱਚ ਪਹਿਲੀ ਐਫਆਈਆਰ ਇੱਕ ਨਾਬਾਲਗ ਪਹਿਲਵਾਨ ਦੇ ਦੋਸ਼ਾਂ ਨਾਲ ਸਬੰਧਤ ਅਤੇ ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ (ਪੋਕਸੋ) ਐਕਟ ਦੇ ਤਹਿਤ ਦਰਜ ਕੀਤੀ ਗਈ ਸੀ, ਜਦੋਂ ਕਿ ਦੂਜੀ ਔਰਤਾਂ ਦੀ ਨਿਮਰਤਾ ਨੂੰ ਭੜਕਾਉਣ ਨਾਲ ਸਬੰਧਤ ਹੈ।

**ਬ੍ਰਿਜਭੂਸ਼ਣ ਸ਼ਰਨ ਨੇ ਪਹਿਲਵਾਨਾਂ ਦੀ ਕਾਰਗੁਜ਼ਾਰੀ ਨੂੰ ਦੱਸਿਆ ਫ਼ਰਜ਼ੀ**

ਪਹਿਲਵਾਨਾਂ ਦਾ ਵਿਰੋਧ ਡਬਲਯੂਐਫਆਈ ਦੇ ਮੁਖੀ ਬ੍ਰਿਜਭੂਸ਼ਣ ਸ਼ਰਨ ਸਿੰਘ ਨੇ ਆਪਣੇ ਖਿਲਾਫ ਐਫਆਈਆਰ ਦਰਜ ਕਰਨ ਤੋਂ ਬਾਅਦ ਅੱਜ ਪ੍ਰੈਸ ਕਾਨਫਰੰਸ ਕੀਤੀ। ਬ੍ਰਿਜ ਭੂਸ਼ਣ ਨੇ ਕਿਹਾ ਕਿ ਪਹਿਲਵਾਨਾਂ ਦਾ ਇਹ ਰੋਸ ਪ੍ਰਦਰਸ਼ਨ ਫਰਜ਼ੀ ਹੈ ਅਤੇ ਜਲਦੀ ਹੀ ਇਸ ਦੀ ਸੱਚਾਈ ਸਭ ਦੇ ਸਾਹਮਣੇ ਆ ਜਾਵੇਗੀ। ਇਸ ਦੇ ਨਾਲ ਹੀ ਉਸ ਨੇ ਆਪਣੇ 'ਤੇ ਲੱਗੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਨੂੰ ਸਾਜ਼ਿਸ਼ ਦਾ ਹਿੱਸਾ ਦੱਸਿਆ। ਪਹਿਲਵਾਨਾਂ ਦੇ ਦੋਸ਼ਾਂ ਨੂੰ ਝੂਠਾ ਦੱਸਦੇ ਹੋਏ ਬ੍ਰਿਜ ਭੂਸ਼ਣ ਸ਼ਰਨ ਨੇ ਕਿਹਾ ਕਿ ਮੈਂ ਬੇਕਸੂਰ ਹਾਂ ਅਤੇ ਜਾਂਚ ਦਾ ਸਾਹਮਣਾ ਕਰਨ ਲਈ ਤਿਆਰ ਹਾਂ। ਉਨ੍ਹਾਂ ਕਿਹਾ ਕਿ ਮੈਨੂੰ ਨਿਆਂਪਾਲਿਕਾ 'ਤੇ ਪੂਰਾ ਭਰੋਸਾ ਹੈ ਅਤੇ ਮੈਂ ਸੁਪਰੀਮ ਕੋਰਟ ਦੇ ਹੁਕਮਾਂ ਦਾ ਸਨਮਾਨ ਕਰਦਾ ਹਾਂ।

# ਜੰਤਰ ਮੰਤਰ 'ਤੇ ਪ੍ਰਦਰਸ਼ਨ ਕਰ ਰਹੀਆਂ ਲੜਕੀਆਂ ਦੇ ਹੱਕ 'ਚ ਪੁੱਜੇ ਹਰਪੁਰਾ ਨੇ ਬ੍ਰਿਜ ਭੂਸ਼ਣ ਨੂੰ ਉਨ੍ਹਾਂ ਦੇ ਅਹੁਦੇ ਤੋਂ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਆਲ ਇੰਡੀਆ ਜਾਟ ਮਹਾਸਭਾ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਅਤੇ ਪੰਜਾਬ ਪ੍ਰਧਾਨ ਹਰਪਾਲ ਸਿੰਘ ਨੇ ਅੱਜ ਭਾਰਤੀ ਕੁਸ਼ਤੀ ਸੰਘ ਦੇ ਪ੍ਰਧਾਨ ਅਤੇ ਭਾਜਪਾ ਦੇ ਸੰਸਦ ਮੈਂਬਰ ਬ੍ਰਿਜ ਭੂਸ਼ਣ ਸਿੰਘ 'ਤੇ ਜਿਨਸੀ ਸ਼ੋਸ਼ਣ ਦੇ ਦੋਸ਼ ਲਾਉਣ ਲਈ ਉਸ ਦੀ ਗ੍ਰਿਫਤਾਰੀ ਦੀ ਮੰਗ ਲਈ ਦਿੱਲੀ ਦੇ ਜੰਤਰ-ਮੰਤਰ 'ਤੇ ਬੈਠੇ ਅੰਤਰਰਾਸ਼ਟਰੀ ਪਹਿਲਵਾਨਾਂ ਦੇ ਸਮਰਥਨ 'ਚ ਵੱਡੀ ਗਿਣਤੀ 'ਚ ਪੁੱਜੇ। ਹਰਪੁਰਾ ਦੀ ਅਗਵਾਈ ਹੇਠ ਪੰਜਾਬ ਭਰ ਤੋਂ ਅਹੁਦੇਦਾਰ ਜੰਤਰ ਮੰਤਰ ਪੁੱਜੇ। ਇਸ ਦੌਰਾਨ ਭਾਰਤੀ ਕਿਸਾਨ ਯੂਨੀਅਨ ਦੇ ਬੁਲਾਰੇ ਅਤੇ ਆਲ ਇੰਡੀਆ ਜਾਟ ਮਹਾਸਭਾ ਦੇ ਮੀਤ ਪ੍ਰਧਾਨ ਰਾਕੇਸ਼ ਟਿਕੈਤ ਵੀ ਉਥੇ ਪਹੁੰਚ ਗਏ ਅਤੇ ਪਹਿਲਵਾਨ ਲੜਕੀਆਂ ਦਾ ਸਮਰਥਨ ਕੀਤਾ ਅਤੇ ਕੇਂਦਰ ਦੀ ਭਾਜਪਾ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਪਹਿਲਵਾਨ ਲੜਕੀਆਂ ਨੂੰ ਇਨਸਾਫ ਦਿਵਾਉਣ ਲਈ ਬ੍ਰਿਜ ਭੂਸ਼ਣ ਸਿੰਘ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ। ਅਤੇ ਉਸ ਨੂੰ ਰੈਸਲਿੰਗ ਫੈਡਰੇਸ਼ਨ ਆਫ ਇੰਡੀਆ ਦੇ ਪ੍ਰਧਾਨ ਦੇ ਅਹੁਦੇ ਤੋਂ ਹਟਾਇਆ ਜਾਵੇ ਨਹੀਂ ਤਾਂ ਵੱਡਾ ਸੰਘਰਸ਼ ਵਿੱਢਿਆ ਜਾਵੇਗਾ।

ਇਸ ਦੌਰਾਨ ਆਲ ਇੰਡੀਆ ਜਾਟ ਮਹਾਸਭਾ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਅਤੇ ਪੰਜਾਬ ਪ੍ਰਧਾਨ ਹਰਪਾਲ ਸਿੰਘ ਹਰਪੁਰਾ ਨੇ ਕਿਹਾ ਕਿ ਅੱਜ ਸਰਕਾਰ ਚਲਾ ਰਹੀ ਭਾਜਪਾ





ਆਪਣੇ ਸੰਸਦ ਮੈਂਬਰ ਬ੍ਰਿਜ ਭੂਸ਼ਣ ਸਿੰਘ ਨੂੰ ਬਚਾਉਣ ਲਈ ਹਰ ਸੰਭਵ ਯਤਨ ਕਰਕੇ ਪਹਿ-ਲਵਾਨ ਲੜਕੀਆਂ ਸਮੇਤ ਸਮੁੱਚੀ ਮਾਂ ਸ਼ਕਤੀ ਦਾ ਅਪਮਾਨ ਕਰ ਰਹੀ ਹੈ। ਕੁਸ਼ਤੀ ਸੰਘ ਤੋਂ ਜਿਸ ਤਰ੍ਹਾਂ ਅੱਜ ਅੰਤਰਰਾਸ਼ਟਰੀ ਪਹਿਲਵਾਨ ਲੜਕੀਆਂ ਨੂੰ ਇਨਸਾਫ਼ ਲਈ ਸੜਕਾਂ 'ਤੇ ਬੈਠਣਾ ਪਿਆ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਭਾਜਪਾ ਸਰਕਾਰ ਲਗਾਤਾਰ ਬ੍ਰਿਜ ਭੂਸ਼ਣ ਸਿੰਘ 'ਤੇ ਕੇਸ ਦਰਜ ਕਰਨ ਦੀ ਇਜਾਜ਼ਤ ਵੀ ਨਹੀਂ ਦੇ ਰਹੀ ਸੀ, ਆਖਿਰ ਦੇਸ਼ ਦੀ ਸੁਪਰੀਮ ਕੋਰਟ ਦੀਆਂ ਹਦਾਇਤਾਂ 'ਤੇ ਪੁਲਿਸ ਨੇ ਬ੍ਰਿਜ ਭੂਸ਼ਣ ਵਿਰੁੱਧ ਦੋ ਐਫ ਆਈ ਆਰ ਦਰਜ ਕੀਤੀਆਂ ਗਈਆਂ ਸਨ। ਜਿਸ ਵਿਚ ਇਕ ਪਾਕਸੋਨ ਐਕਟ ਅਧੀਨ ਹੈ, ਜੋ ਕਿ ਗੈਰ-ਜ਼ਮਾਨਤੀ ਐਕਟ ਹੈ ਪਰ ਫਿਰ ਵੀ ਬ੍ਰਿਜ ਭੂਸ਼ਣ ਸਿੰਘ ਨੂੰ ਗ੍ਰਿ-ਫਤਾਰ ਨਹੀਂ ਕੀਤਾ ਜਾ ਰਿਹਾ।

ਜਿਸ ਤੋਂ ਸਾਫ਼ ਹੈ ਕਿ ਇਸ ਪਿੱਛੇ ਭਾਜਪਾ ਸਰਕਾਰ ਦਾ ਸਿੱਧਾ ਦਖ਼ਲ ਹੈ। ਉਨ੍ਹਾਂ ਕਿਹਾ ਕਿ ਇਸ ਭਾਜਪਾ ਸਰਕਾਰ ਦੇ ਸਮੇਂ ਵਿੱਚ ਸਮੁੱਚੀ ਮਾਂ ਸ਼ਕਤੀ ਨੂੰ ਸੜਕਾਂ ’ਤੇ ਆਉਣਾ ਚਾਹੀਦਾ ਹੈ। ਕਿਉਂਕਿ ਜਦੋਂ ਇਹ ਸਰਕਾਰ ਦੇਸ਼ ਲਈ ਸੋਨ ਤਮਗਾ ਜਿੱਤਣ ਵਾਲੀਆਂ ਲੜਕੀਆਂ ਨੂੰ ਇਨਸਾਫ਼ ਨਹੀਂ ਦੇ ਰਹੀ ਤਾਂ ਦੂਜੀਆਂ ਲੜਕੀਆਂ ਲਈ ਇਨਸਾਫ਼ ਦੀ ਆਸ ਕਿਵੇਂ ਰੱਖੀ ਜਾ ਸਕਦੀ ਹੈ।

ਉਨ੍ਹਾਂ ਕਿਹਾ ਕਿ ਪਹਿਲਵਾਨ ਲੜਕੀਆਂ ਦੀ ਮੰਗ ਅਨੁਸਾਰ ਜਦੋਂ ਤੱਕ ਬ੍ਰਿਜ ਭੂਸ਼ਨ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਭਾਰਤੀ ਕੁਸ਼ਤੀ ਸੰਘ ਦੇ ਅਹੁਦੇ ਤੋਂ ਹਟਾਇਆ ਨਹੀਂ ਜਾਂਦਾ ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ ਅਤੇ ਪਹਿਲਵਾਨ ਲੜਕੀਆਂ ਦੀ ਹਰ ਤਰ੍ਹਾਂ ਨਾਲ ਮਦਦ ਕੀਤੀ ਜਾਵੇਗੀ।

# ਦਫ਼ਤਰੀ ਸਮੇਂ ’ਚ ਤਬਦੀਲੀ ਦਾ ਪਹਿਲਾ ਦਿਨ

## ਡੀ ਸੀ, ਐਸ ਐਸ ਪੀ, ਏ ਡੀ ਸੀ (ਜਨਰਲ) ਤੇ ਪੇਂਡੂ ਵਿਕਾਸ ਨੇ ਸਮੇਂ ਸਿਰ ਦਫ਼ਤਰ ਪੁੱਜ ਕੇ ਬਾਕੀਆਂ ਲਈ ਕੀਤੀ ਮਿਸਾਲ ਕਾਇਮ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸੂਬੇ ਦੇ ਸਰਕਾਰੀ ਦਫ਼ਤਰਾਂ ਦਾ ਕੰਮ-ਕਾਜ਼ੀ ਸਮਾਂ ਸਵੇਰੇ 7:30 ਵਜੇ ਤੋਂ ਦੁਪਹਿਰ 2:00 ਵਜੇ ਤੱਕ ਕਰਨ ਦੇ ਆਦੇਸ਼ਾਂ ਦੀ ਪਾਲਣਾ ’ਚ ਅੱਜ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ, ਐਸ ਐਸ ਪੀ



ਭਾਗੀਰਥ ਸਿੰਘ ਮੀਣਾ, ਏ ਡੀ ਸੀ (ਜ) ਰਾਜੀਵ ਵਰਮਾ ਅਤੇ ਏ ਡੀ ਸੀ (ਪੇਂਡੂ ਵਿਕਾਸ) ਦਵਿੰਦਰ ਕੁਮਾਰ ਸ਼ਰਮਾ ਨੇ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ, ਨਵਾਂਸ਼ਹਿਰ ਵਿਖੇ ਸਥਿਤ ਆਪਣੇ ਦਫ਼ਤਰਾਂ ’ਚ ਦਫ਼ਤਰੀ ਸਮੇਂ ਤੋਂ ਪਹਿਲਾਂ ਪੁੱਜ ਕੇ ਬਾਕੀਆਂ ਲਈ ਮਿਸਾਲ ਕਾਇਮ ਕੀਤੀ।

ਡਿਪਟੀ ਕਮਿਸ਼ਨਰ ਨੇ ਇਸ ਮੌਕੇ ਆਖਿਆ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿੱਚ ਅੱਜ 90 ਫ਼ੀਸਦੀ ਤੋਂ ਵਧੇਰੇ ਸਟਾਫ਼ ਸਮੇਂ ਸਿਰ ਹਾਜ਼ਰ ਪਾਇਆ ਗਿਆ ਜਦਕਿ ਬਾਕੀਆਂ ਦੀ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਪਾਸੋਂ ਚੈਕਿੰਗ ਕਰਵਾਈ ਗਈ। ਇਸ ਚੈਕਿੰਗ ਦੌਰਾਨ 23 ਕਰਮਚਾਰੀ ਮਿੱਥੇ ਸਮੇਂ ਤੋਂ ਲੇਟ ਪਾਏ ਗਏ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕਰਮਚਾਰੀਆਂ ’ਚ ਦਫ਼ਤਰ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਦੇ ਪੰਜ ਕਰਮਚਾਰੀ, ਦਫ਼ਤਰ ਪੀ ਐਲ ਆਰ ਐਸ ਸੁਸਾਇਟੀ ਦਾ ਇੱਕ ਕਰਮਚਾਰੀ, ਦਫ਼ਤਰ ਫ਼ੂਡ ਸਪਲਾਈ ਦੇ 12 ਕਰਮਚਾਰੀ, ਚੋਣ ਤਹਿਸੀਲਦਾਰ ਦਫ਼ਤਰ ਦੇ ਦੋ ਕਰਮਚਾਰੀ, ਰੋਜ਼ਗਾਰ ਦਫ਼ਤਰ ਦੇ ਦੋ ਕਰਮਚਾਰੀ ਅਤੇ ਸਕਿੱਲ ਡਿਵੈਲਪਮੈਂਟ ਦਫ਼ਤਰ ਦਾ ਇੱਕ ਕਰਮਚਾਰੀ ਸ਼ਾਮਿਲ ਹੈ।

ਵਧੀਕ ਡਿਪਟੀ ਕਮਿਸ਼ਨਰ (ਜ) ਨੇ ਦੱਸਿਆ ਕਿ ਉਨ੍ਹਾਂ ਵੱਲੋਂ ਆਪਣੀ ਚੈਕਿੰਗ ਰਿਪੋਰਟ ਡਿਪਟੀ ਕਮਿਸ਼ਨਰ ਨੂੰ ਪੇਸ਼ ਕਰ ਦਿੱਤੀ ਗਈ ਹੈ, ਜਿਸ ਉਪਰੰਤ ਇਨ੍ਹਾਂ ਕਰਮਚਾਰੀਆਂ ਦੀ ਜੁਆਬ ਤਲਬੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਜੁਆਬ ਤਲਬੀ ਤਹਿਤ ਪ੍ਰਾਪਤ ਹੋਣ ਵਾਲੇ ਜੁਆਬ ਤੋਂ ਬਾਅਦ ਅਗਲੇਰੀ ਕਾਰਵਾਈ ਅਮਲ ’ਚ ਲਿਆਂਦੀ ਜਾਵੇਗੀ।

ਡਿਪਟੀ ਕਮਿਸ਼ਨਰ ਰੰਧਾਵਾ ਨੇ ਜ਼ਿਲ੍ਹੇ ਦੇ ਸਮੂਹ ਸਰਕਾਰੀ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਪੰਜਾਬ ਸਰਕਾਰ ਵੱਲੋਂ ਤੈਅ ਕੀਤੇ ਨਵੇਂ ਦਫ਼ਤਰੀ ਸਮੇਂ ਦੀ ਸਖਤੀ ਨਾਲ ਪਾਲਣਾ ਕਰਨ ਦੀ ਹਦਾਇਤ ਕਰਦਿਆਂ ਕਿਹਾ ਕਿ ਸਮੇਂ ਸਿਰ ਦਫ਼ਤਰ ਆਉਣ ਦੀ ਚੈਕਿੰਗ ਅੱਜ ਪਹਿਲੇ ਦਿਨ ਹੀ ਨਹੀਂ ਸਗੋਂ ਅਗਲੇ ਦਿਨਾਂ ’ਚ ਵੀ ਚਲਦੀ ਰਹੇਗੀ। ਉਨ੍ਹਾਂ ਕਿਹਾ ਕਿ ਸਰਕਾਰ ਦਾ ਇਹ ਫ਼ੈਸਲਾ ਆਮ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਪੇਸ਼ ਨਾ ਆਉਣ ਦੇਣ ਨੂੰ ਮੁੱਖ ਰੱਖ ਕੇ ਲਿਆਗਿਆ ਹੈ, ਇਸ ਲਈ ਸਾਡਾ ਸਾਂਝੇ ਤੌਰ ’ਤੇ ਫ਼ਰਜ਼ ਬਣਦਾ ਹੈ ਕਿ ਅਸੀਂ ਲੋਕਾਂ ਪ੍ਰਤੀ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਈਏ।

ਐਸ ਐਸ ਪੀ ਭਾਗੀਰਥ ਸਿੰਘ ਮੀਣਾ ਜੋ ਕਿ ਦਫ਼ਤਰੀ ਸਮੇਂ ਤੋਂ ਪਹਿਲਾਂ ਹੀ ਦਫ਼ਤਰ ਪੁੱਜ ਗਏ ਸਨ, ਨੇ ਕਿਹਾ ਕਿ ਪੰਜਾਬ ਸਰਕਾਰ ਦੇ ਨਵੇਂ ਹੁਕਮਾਂ ਮੁਤਾਬਕ ਜੀ ਓ ਰੈਂਕ ਦੇ ਸਾਰੇ ਅਫ਼ਸਰ ਅਤੇ ਜ਼ਿਲ੍ਹਾ ਪੁਲਿਸ ਦਫ਼ਤਰ ਵਿਖੇ ਤਾਇਨਾਤ ਸਮੂਹ ਕਰਮਚਾਰੀ ਸਮੇਂ ਸਿਰ ਪੁੱਜ ਗਏ ਸਨ। ਉਨ੍ਹਾਂ ਕਿਹਾ ਕਿ ਕਾਨੂੰਨ ਤੇ ਵਿਵਸਥਾ ਦੀ ਕਾਇਮੀ ਦੇ ਮੱਦੇਨਜ਼ਰ ਪੁਲਿਸ ਦੀ ਡਿਊਟੀ ਹਮੇਸ਼ਾਂ 24 ਘੰਟੇ 7 ਦਿਨ ਚਲਦੀ ਰਹਿੰਦੀ ਹੈ ਅਤੇ ਹੁਣ ਵੀ ਸਰਕਾਰ ਦੇ ਇਨ੍ਹਾਂ ਹੁਕਮਾਂ ਮੁਤਾਬਕ ਦਫ਼ਤਰੀ ਸਮੇਂ ਨੂੰ ਪਾਬੰਦ ਬਣਾਇਆ ਗਿਆ ਹੈ।

# ਸੂਬੇ ਦੇ ਲੋਕਾਂ ਤੱਕ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਉਣਾ ਪੰਜਾਬ ਸਰਕਾਰ ਦਾ ਮੁੱਖ ਉਦੇਸ਼: ਬ੍ਰਹਮ ਸ਼ੰਕਰ ਜਿੰਪਾ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਕੇ ਕਿਹਾ ਕਿ ਸੂਬੇ ਦੇ ਲੋਕਾਂ ਤੱਕ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਉਣਾ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਬੁਨਿਆਦੀ ਸਹੂਲਤਾਂ ਨੂੰ ਲੋਕਾਂ ਤੱਕ ਪਹੁੰਚਾਉਣ ਵਿੱਚ ਕੋਈ ਕਮੀ ਨਹੀਂ ਛੱਡ ਰਹੀ ਹੈ। ਉਹ ਹੁਸ਼ਿਆਰਪੁਰ ਦੇ ਵਾਰਡ ਨੰਬਰ 28 ਦੇ ਮਾਊਂਟ ਐਵੀਨਿਊ ਵਿੱਚ 28।50 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਟਿਊਬਵੈਲ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਦੌਰਾਨ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਅਤੇ ਡਿਪਟੀ ਮੇਅਰ ਰਣਜੀਤ ਚੌਧਰੀ ਵੀ ਮੌਜੂਦ ਸਨ।



ਕੈਬਨਿਟ ਮੰਤਰੀ ਨੇ ਕਿਹਾ ਕਿ ਵਾਰਡ ਦੇ ਲੋਕਾਂ ਦੀ ਟਿਊਬਵੈਲ ਲਗਾਉਣ ਸਬੰਧੀ ਲੰਬੇ ਸਮੇਂ ਤੋਂ ਮੰਗ ਸੀ, ਜਿਸ ਨੂੰ ਪੂਰਾ ਕਰ ਦਿੱਤਾ ਗਿਆ ਹੈ ਅਤੇ ਜਲਦ ਹੀ ਇਲਾਕੇ ਦੇ ਲੋਕਾਂ ਤੱਕ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਲੋਕ ਹਿੱਤ ਵਿੱਚ ਜੋ ਫੈਸਲੇ ਲਏ ਹਨ। ਉਨ੍ਹਾਂ ਦਾ ਲੋਕਾਂ ਤੱਕ ਪੂਰਾ ਲਾਭ ਪਹੁੰਚ ਰਿਹਾ ਹੈ। ਉਨ੍ਹਾਂ ਕਿਹਾ ਕਿ ਚਾਹੇ 600 ਯੂਨਿਟ ਬਿਜਲੀ ਮੁਆਫ ਦੀ ਗੱਲ ਹੋਵੇ ਜਾਂ ਆਮ ਆਦਮੀ ਕਲੀਨਿਕ ਹਰ ਯੋਜਨਾ ਤੋਂ ਸੂਬਾ ਵਾਸੀ ਖੁਸ਼ ਹਨ।

ਇਸ ਮੌਕੇ ਮਾਸਟਰ ਜਸਵਿੰਦਰ ਪਾਲ, ਬਲਵਿੰਦਰ ਬਿੰਦੀ, ਮੁਖੀ ਰਾਮ, ਐਕਸੀਅਨ ਜਲ ਸਪਲਾਈ ਸਿਮਰਨਜੀਤ ਸਿੰਘ, ਐਕਸੀਅਨ ਕੁਲਦੀਪ ਸਿੰਘ, ਜ਼ਿਲ੍ਹਾ ਸਿਹਤ ਅਫ਼ਸਰ ਡਾ। ਲਖਵੀਰ ਸਿੰਘ, ਸਤਵੰਤ ਸਿੰਘ ਸਿਆਣ, ਚੰਦਨ ਲੱਕੀ ਤੋਂ ਇਲਾਵਾ ਹੋਰ ਪਤਵੰਤੇ ਹਾਜ਼ਰ ਸਨ।

# ਪ੍ਰਕਾਸ਼ ਸਿੰਘ ਬਾਦਲ ਨੇ ਕਦੇ ਕਿਸੇ ਨੂੰ ਮਾੜਾ ਬੋਲ ਨਹੀਂ ਬੋਲਿਆ

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦਾ ਸਸਕਾਰ ਵੀਰਵਾਰ ਨੂੰ ਉਹਨਾਂ ਦੇ ਜੱਦੀ ਪਿੰਡ ਬਾਦਲ ਵਿਖੇ ਕੀਤਾ ਜਾਵੇਗਾ। ਪ੍ਰਕਾਸ਼ ਸਿੰਘ ਬਾਦਲ ਨੇ ਮੁਹਾਲੀ ਦੇ ਫੋਰਟਿਸ ਹਸਪਤਾਲ ਵਿਚ 25 ਅਪ੍ਰੈਲ ਦੀ ਦੇਰ ਸ਼ਾਮ ਆਖ਼ਰੀ ਸਾਹ ਲਏ ਸਨ। ਉਹ 95 ਸਾਲ ਦੇ ਸਨ। ਬੁੱਧਵਾਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਚੰਡੀਗੜ੍ਹ ਦਫ਼ਤਰ ਵਿਖੇ ਪ੍ਰਕਾਸ਼ ਸਿੰਘ ਬਾਦਲ ਦੀ ਮ੍ਰਿਤਕ ਦੇਹ ਦੇ ਅੰਤਿਮ ਦਰਸ਼ਨਾਂ ਤੋਂ ਬਾਅਦ ਉਨ੍ਹਾਂ ਦੇ ਪਿੰਡ ਬਾਦਲ ਲਿਜਾਈ ਗਈ।



ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਣੇ, ਵੱਖ-ਵੱਖ ਪਾਰਟੀਆਂ ਦੇ ਆਗੂਆਂ ਅਤੇ ਲੋਕਾਂ ਵੱਲੋਂ ਪ੍ਰਕਾਸ਼ ਸਿੰਘ ਬਾਦਲ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਸੀ।

ਪ੍ਰਕਾਸ਼ ਸਿੰਘ ਬਾਦਲ ਪੰਜਾਬ ਦੇ 5 ਵਾਰ ਮੁੱਖ ਮੰਤਰੀ ਬਣੇ ਅਤੇ ਆਪਣੇ ਵਿਰੋਧੀਆਂ ਨੂੰ ਰਾਜਨੀਤੀ ਵਿੱਚ ਮਾਤ ਦਿੰਦੇ ਰਹੇ। ਉਹਨਾਂ ਨੇ ਪੰਜਾਬ ਦੇ ਵਿਕਾਸ ਲਈ ਕਈ ਵੱਖਰੀਆਂ ਅਤੇ ਨਵੀਆਂ ਨੀਤੀਆਂ ਦੇ ਨਾਲ-ਨਾਲ ਇਤਿਹਾਸਕ ਯਾਦਗਾਰਾਂ ਦਾ ਨਿਰਮਾਣ ਕੀਤਾ। ਪ੍ਰਕਾਸ਼ ਸਿੰਘ ਬਾਦਲ ਦੀ ਸਿਆਸਤ ਦਾ ਹਿੱਸਾ ਰਹੇ ਅਤੇ ਇਸ ਨੂੰ ਨੇੜੇ ਤੋਂ ਦੇਖਣ ਵਾਲੇ ਲੋਕਾਂ ਨੇ ਉਹਨਾਂ ਦੀ ਸਿਆਸਤ, ਜ਼ਿੰਦਗੀ ਅਤੇ ਸਖਸ਼ੀਅਤ ਬਾਰੇ ਕਿੱਸੇ ਸਾਂਝੇ ਕੀਤੇ ਹਨ।

**'ਬਾਦਲ ਨੇ ਸਮੇਂ ਨਾਲ ਚੱਲਣਾ ਸਿੱਖਿਆ**

ਸੀਨੀਅਰ ਪੱਤਰਕਾਰ ਜਗਤਾਰ ਸਿੰਘ ਕਹਿੰਦੇ ਹਨ ਕਿ ਜੇਕਰ ਦੋ ਲਾਇਨਾਂ ਵਿੱਚ ਪ੍ਰਕਾਸ਼ ਸਿੰਘ ਬਾਦਲ ਬਾਰੇ ਕਹਿਣਾ ਹੋਵੇ ਤਾਂ ਇੱਕ ਖੇਤਰੀ ਪਾਰਟੀ ਦੇ ਨੇਤਾ ਦਾ ਰਾਸ਼ਟਰੀ ਪੱਧਰ 'ਤੇ ਕੱਦ ਹੋਣਾ ਸਧਾਰਨ ਗੱਲ ਨਹੀਂ ਹੈ। ਉਹ ਉਹਨਾਂ ਕੁਝ ਚੰਦ ਲੀਡਰਾਂ ਵਿੱਚੋਂ ਸਨ ਜੋ ਖੇਤਰੀ ਪੱਧਰ 'ਤੇ ਵਿਚਰਦੇ ਸਨ ਪਰ ਉਹਨਾਂ ਦਾ ਕੱਦ ਨੈਸ਼ਨਲ ਪੱਧਰ ਦਾ ਸੀ।

ਪੱਤਰਕਾਰ ਜਗਤਾਰ ਸਿੰਘ ਕਹਿੰਦੇ ਹਨ, "ਪ੍ਰਕਾਸ਼ ਸਿੰਘ ਬਾਦਲ ਨੇ ਹਮੇਸ਼ਾ ਹੀ ਲਹਿਰ ਦੇ ਨਾਲ ਤਰਨਾ ਸਿੱਖਿਆ। ਉਹ ਕਦੇ ਵੀ ਵਹਾਅ ਦੇ ਵਿਰੁੱਧ ਨਹੀਂ ਗਏ ਸਨ। ਸਾਲ 1989 ਵਿੱਚ ਇਹਨਾਂ ਦੀ ਪਾਰਟੀ ਖੂੰਜੇ ਲੱਗ ਗਈ ਸੀ ਅਤੇ ਗਰਮ ਖਿਆਲੀਆਂ ਦੀ ਸਿਆਸਤ ਭਾਰੂ ਹੋ ਗਈ ਸੀ।"

ਉਹ ਦੱਸਦੇ ਹਨ, "ਬਾਦਲ ਇਸ ਹੱਦ ਤੱਕ ਗਏ ਕਿ ਉਹਨਾਂ ਨੇ ਖਾਲਿਸਤਾਨ ਦੇ ਮੰਗ ਪੱਤਰ ਉਪਰ ਦਸਤਖ਼ਤ ਕੀਤੇ ਜੋ ਯੂਨਾਇਟਡ ਨੇਸ਼ਨ ਨੂੰ ਸੌਂਪਿਆ ਗਿਆ ਸੀ। ਬਾਦਲ ਸਾਹਿਬ ਦੇ ਇਹਨਾਂ ਪੱਖਾਂ ਉਪਰ ਕਦੇ ਚਰਚਾ ਨਹੀਂ ਹੁੰਦੀ, ਇਹ ਉਹਨਾਂ ਦੀ ਸਿਫ਼ਤ ਹੈ।"

**ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ**

ਸਿਆਸਤ ਵਿੱਚ ਕਿਹਾ ਜਾਂਦਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਾਦਲ ਪਰਿਵਾਰ ਵੱਲੋਂ ਚਲਾਇਆ ਜਾਂਦਾ ਹੈ। ਪਰ ਅਕਾਲੀ ਦਲ ਦਾ ਕਹਿਣਾ ਹੈ ਕਿ ਸਿੱਖ ਧਰਮ ਵਿੱਚ ਧਰਮ ਅਤੇ ਸਿਆਸਤ ਨਾਲ-ਨਾਲ ਚੱਲਦੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਕਹਿੰਦੇ ਹਨ ਕਈ ਸਾਲ ਪਹਿਲਾਂ ਪ੍ਰਕਾਸ਼ ਸਿੰਘ ਬਾਦਲ ਨੇ ਉਹਨਾਂ ਨੂੰ ਵੱਖਰੇ ਕਮਰੇ ਵਿੱਚ ਲਿਜਾ ਕੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਦੀ ਪੇਸ਼ਕਸ਼ ਕੀਤੀ ਸੀ। ਹਰਜਿੰਦਰ ਸਿੰਘ ਧਾਮੀ ਨੇ ਕਿਹਾ, "ਬਾਦਲ ਸਾਹਬ ਦੀ ਪੇਸ਼ਕਸ਼ ਬਾਰੇ ਮੈਂ ਸੋਚਣ ਦਾ ਸਮਾਂ ਮੰਗਿਆ ਸੀ। ਇਸ ਉਪਰ ਉਹਨਾਂ ਨੇ ਹੈਰਾਨੀ ਪ੍ਰਗਟ ਕਰਦੇ ਹੋਏ ਕਿਹਾ ਸੀ ਕਿ ਇਸ ਕਮਰੇ ਤੋਂ ਬਾਹਰ ਕਈ ਲੋਕ ਲਾਈਨਾਂ ਲਗਾ ਕੇ ਪ੍ਰਧਾਨਗੀ ਹਾਸਿਲ ਕਰਨ ਲਈ ਖੜ੍ਹੇ ਹਨ। ਪਰ ਤੁਸੀਂ ਸੋਚਣ ਦਾ ਸਮਾਂ ਮੰਗ ਰਹੇ ਹੋ।"

**'ਸੰਗਤ ਦਰਸ਼ਨ' ਸ਼ੁਰੂ ਕਰਨ ਦਾ ਮਕਸਦ**

ਪ੍ਰਕਾਸ਼ ਸਿੰਘ ਬਾਦਲ ਆਪਣੇ ਕਾਰਜਕਾਲ ਦੌਰਾਨ ਪਿੰਡਾਂ -ਸ਼ਹਿਰਾਂ ਵਿੱਚ ਸੰਗਤ ਦਰਸ਼ਨ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਸੁਣਦੇ ਸਨ ਅਤੇ ਉਹਨਾਂ ਦਾ ਮੌਕੇ ਉਪਰ ਹੀ ਹੱਲ ਕਰਦੇ ਸਨ।

ਪ੍ਰਕਾਸ ਸਿੰਘ ਬਾਦਲ ਦੇ ਮੀਡੀਆ ਸਲਾਹਕਾਰ ਰਹੇ ਹਰਚਰਨ ਸਿੰਘ ਬੈਂਸ ਕਹਿੰਦੇ ਹਨ ਕਿ ਸਾਬਕਾ ਮੁੱਖ ਮੰਤਰੀ ਨੇ ਉਹਨਾਂ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਸੰਗਤ ਦਰਸ਼ਨ ਸ਼ੁਰੂ ਕੀਤੇ ਸਨ ਜੋ ਸਰਕਾਰ ਤੱਕ ਪਹੁੰਚ ਨਹੀਂ ਕਰ ਸਕਦੇ ਸਨ।

ਹਰਚਰਨ ਸਿੰਘ ਬੈਂਸ ਦੱਸਦੇ ਹਨ, "ਜਦੋਂ ਅਸੀਂ ਜਾਂ ਪ੍ਰਸਾਸ਼ਨਕ ਅਧਿਕਾਰੀ ਪ੍ਰਕਾਸ਼ ਸਿੰਘ ਬਾਦਲ ਨੂੰ ਕਹਿੰਦੇ ਸੀ ਕਿ ਵਿਕਾਸ ਹੋ ਰਿਹਾ ਹੈ ਤਾਂ ਉਹ ਅਕਸਰ ਕਹਿੰਦੇ ਕਿ 'ਕਾਕਾ ਤੁਹਾਨੂੰ ਪਤਾ ਨਹੀਂ ਕਿ ਲੋਕ ਕਿੰਨੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ'। ਸੰਗਤ ਦਰਸ਼ਨ ਪ੍ਰੋਗਰਾਮ ਪਿੱਛੇ ਇਹੋ ਵਿਚਾਰ ਸੀ ਕਿ ਜੋ ਲੋਕ ਆਪ ਨਹੀਂ ਆ ਸਕਦੇ, ਉਹਨਾਂ ਕੋਲ ਖੁਦ ਜਾ ਕੇ, ਉਹਨਾਂ ਦੇ ਪਿੰਡ ਜਾ ਕੇ ਪਹੁੰਚ ਕੀਤੀ ਜਾ ਸਕੇ।"

**'ਫ਼ਸਲੀ ਬੀਮਾ ਯੋਜਨਾ'**

ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਕਹਿੰਦੇ ਸਨ ਕਿ ਪ੍ਰਕਾਸ਼ ਸਿੰਘ ਬਾਦਲ ਕਿਸਾਨਾਂ ਦੇ ਮੁੱਦੇ ਬਾਰੇ ਉਹਨਾਂ ਦੀ ਰਾਏ ਲੈਂਦੇ ਸਨ।

ਬਲਬੀਰ ਸਿੰਘ ਰਾਜੇਵਾਲ ਦੱਸਦੇ ਹਨ, "ਇੱਕ ਵਾਰ ਪ੍ਰਕਾਸ਼ ਸਿੰਘ ਬਾਦਲ ਉਪਰ ਪੰਜਾਬ ਵਿੱਚ ਫ਼ਸਲੀ ਬੀਮਾ ਯੋਜਨਾ ਲਾਗੂ ਕਰਵਾਉਣ ਦਾ ਦਬਾਅ ਪਿਆ। ਉਹਨਾਂ ਨੇ ਮੈਨੂੰ ਬੁਲਾ ਕਿ ਪੁੱਛਿਆ ਕਿ ਤੁਹਾਨੂੰ ਕਿਵੇਂ ਲੱਗ ਰਿਹਾ ਹੈ ਤਾਂ ਮੈਂ ਕਿਹਾ ਕਿ ਇਸ ਬੀਮਾ ਯੋਜਨਾ ਨਾਲ ਕਿਸਾਨਾਂ ਨੂੰ ਨਹੀਂ ਬਲਕਿ ਕੰਪਨੀਆਂ ਨੂੰ ਫਾਇਦਾ ਹੋਵੇਗਾ।"

ਰਾਜੇਵਾਲ ਕਹਿੰਦੇ ਹਨ, "ਜਦੋਂ ਕੇਂਦਰ ਦੀ ਟੀਮ ਆਈ ਤਾਂ ਬਾਦਲ ਸਾਹਬ ਨੇ ਕਹਿ ਦਿੱਤਾ ਕਿ ਸਾਡੇ ਇਸ ਬੰਦੇ ਦੀ ਤਸੱਲੀ ਕਰਵਾ ਦਿਓ, ਅਸੀਂ ਲਾਗੂ ਕਰ ਦੇਵਾਂਗੇ, ਨਹੀਂ ਤਾਂ ਲਾਗੂ ਨਹੀਂ ਹੋਣੀ। ਸਾਰਾ ਦਿਨ ਬਹਿਸ ਤੋਂ ਬਾਅਦ ਸਾਡੀ ਤਸੱਲੀ ਨਹੀਂ ਹੋਈ ਅਤੇ ਮੈਂ ਪ੍ਰਕਾਸ਼ ਸਿੰਘ ਬਾਦਲ ਨੂੰ ਮਨ੍ਹਾ ਕਰ ਦਿੱਤਾ। ਇਸ ਤੋਂ ਬਾਅਦ ਇਹ ਬੀਮਾ ਯੋਜਨਾ ਲਾਗੂ ਨਹੀਂ ਕੀਤੀ ਗਈ।"

**(ਧੰਨਵਾਦ ਸਹਿਤ)**

# ਪੰਜਾਬੀ ਦੇ ਮਸ਼ਹੂਰ ਨਾਵਲਕਾਰ ਤੇ ਫ਼ਿਲਮਸਾਜ਼ ਬੂਟਾ ਸਿੰਘ ਸ਼ਾਦ ਦਾ ਦੇਹਾਂਤ

**ਚੰਡੀਗੜ੍ਹ–** ਨਿਰਮਾਤਾ-ਨਿਰਦੇਸ਼ਕ ਬੀਐਸ ਸ਼ਾਦ (ਬੂਟਾ ਸਿੰਘ ਸ਼ਾਦ) ਦਾ ਬੀਤੀ ਰਾਤ ਹਰਿਆਣਾ ਦੇ ਸਿਰਸਾ ਨੇੜੇ ਉਨ੍ਹਾਂ ਦੇ ਪਿੰਡ ਵਿਚ ਦੇਹਾਂਤ ਹੋ ਗਿਆ। ਸ਼ਾਦ ਬਠਿੰਡਾ ਜ਼ਿਲ੍ਹੇ ਨਾਲ ਸੰਬੰਧ ਰੱਖਦੇ ਹਨ। ਉਨ੍ਹਾਂ ਦੇ ਲਿਖੇ ਨਾਵਲਾਂ ਦੀ ਅੱਜ ਵੀ ਖੂਬ ਮੰਗ ਹੈ। ਉਨ੍ਹਾਂ ਨੇ ਨਿਸ਼ਾਨ (ਰਾਜੇਸ਼ ਖੰਨਾ, ਜਤਿੰਦਰ), ਹਿੰਮਤ



ਔਰ ਮਹਿਨਤ (ਜਤਿੰਦਰ), ਇਨਸਾਫ ਕੀ ਦੇਵੀ (ਰੇਖਾ), ਪਹਿਲਾ ਪਹਿਲਾ ਪਿਆਰ (ਕੈਮਰਾਮੈਨ ਮਨਮੋਹਨ ਸਿੰਘ ਨੂੰ ਨਿਰਦੇਸ਼ਕ ਵਜੋਂ ਬ੍ਰੇਕ ਦਿੱਤਾ), ਕਸਮ ਵਰਦੀ ਕੀ ਆਦਿ ਫ਼ਿਲਮਾਂ ਬਣਾਈਆਂ ਹਨ। ਕੁਝ ਪੰਜਾਬੀ ਤੇ ਹਿੰਦੀ ਫਿਲਮਾਂ 'ਚ ਉਨ੍ਹਾਂ ਨੇ ਬਤੌਰ ਹੀਰੋ ਵੀ ਕੰਮ ਕੀਤਾ ਹੈ। ਉਨ੍ਹਾਂ ਦਾ ਸਕ੍ਰੀਨ ਨਾਮ ਹਰਿੰਦਰ ਸੀ। ਹਿੰਦੀ ਫਿਲਮ "ਕੋਰਾ ਬਦਨ" 'ਚ ਉਨ੍ਹਾਂ ਨੇ ਹੀਰੋ ਵਜੋਂ ਕੰਮ ਕੀਤਾ। ਉਨ੍ਹਾਂ ਕੁੱਲੀ ਯਾਰ ਦੀ, ਮਿੱਤਰ ਪਿਆਰੇ ਨੂੰ, ਗਿੱਧਾ ਆਦਿ ਸਮੇਤ ਕਈ ਪੰਜਾਬੀ ਫਿਲਮਾਂ ਦਾ ਨਿਰਮਾਣ ਕੀਤਾ। ਵਾਹਿਗੁਰੂ ਜੀ ਵਿਛੜੀ ਰੂਹ ਨੂੰ ਸ਼ਾਂਤੀ ਬਖਸ਼ਣ।

ਬੂਟਾ ਸਿੰਘ ਸ਼ਾਦ ਦਾ ਜਨਮ 12 ਨਵੰਬਰ 1943 ਨੂੰ ਪਿੰਡ ਦਾਨ ਸਿੰਘ ਵਾਲਾ (ਜ਼ਿਲ੍ਹਾ ਬਠਿੰਡਾ) ਵਿਖੇ ਹੋਇਆ ਸੀ। ਉਨ੍ਹਾਂ ਦਾ ਪਾਲਣ-ਪੋਸ਼ਣ ਅਤੇ ਸਿੱਖਿਆ ਪੰਜਾਬ ਵਿਚ ਹੋਈ। ਉਨ੍ਹਾਂ ਨੇ ਐਮਏ ਅੰਗਰੇਜ਼ੀ ਸਾਹਿਤ ਵਿਚ ਕੀਤੀ। ਆਪਣੀ ਪੜ੍ਹਾਈ ਦੌਰਾਨ ਉਨ੍ਹਾਂ ਨੇ ਅਖ਼ਬਾਰਾਂ ਤੇ ਮੈਗਜ਼ੀਨਾਂ ਲਈ ਕਹਾਣੀਆਂ ਤੇ ਨਾਵਲ ਲਿਖੇ। ਡਿਗਰੀ ਤੋਂ ਬਾਅਦ ਉਨ੍ਹਾਂ ਨੇ ਇਕ ਸਾਲ ਕਾਲਜ ਵਿਚ ਲੈਕਚਰਾਰ ਵਜੋਂ ਸੇਵਾ ਕੀਤੀ।

ਉਨ੍ਹਾਂ ਨੇ 6 ਛੋਟੀਆਂ ਕਹਾਣੀਆਂ ਦੀਆਂ ਕਿਤਾਬਾਂ ਤੇ 27 ਨਾਵਲ ਲਿਖੇ ਹਨ। ਉਨ੍ਹਾਂ ਵੱਲੋਂ ਪੰਜਾਬੀ ਅਤੇ ਹਿੰਦੀ ਦੀਆਂ ਕਈ ਫਿਲਮਾਂ ਵੀ ਬਣਾਈਆਂ ਗਈਆਂ।

# ਬੂਟਾ ਸਿੰਘ ਸ਼ਾਦ ਪੰਜਾਬੀ ਦੇ ਸਿਰਮੌਰ ਨਾਵਲਕਾਰ, ਫ਼ਿਲਮਸਾਜ਼, ਨਿਰਦੇਸ਼ਕ, ਅਦਾਕਾਰ ਅਤੇ ਸੰਵਾਦਕਾਰ ਦਾ ਦੇਹਾਂਤ

**ਅਵਤਾਰ ਸਿੰਘ ਭੰਵਰਾ**

ਪੰਜਾਬੀ ਦੇ ਸਿਰਮੌਰ ਨਾਵਲਕਾਰ ਬੂਟਾ ਸਿੰਘ ਸ਼ਾਦ ਨਹੀਂ ਰਹੇ। ਪੰਜਾਬੀ ਸਾਹਿਤ ਜਗਤ ਵਿੱਚ ਸੋਗ ਦੀ ਲਹਿਰ ਹੈ। ਪੰਜਾਬੀ ਨਾਵਲਕਾਰੀ ਵਿਚ ਮਾਲਵੇ ਦੇ ਸ਼ੁਹਰਤਯਾਫ਼ਤਾ ਨਾਵਲਨਿਗਾਰ ਤੇ ਕਹਾਣੀਕਾਰ ਹੋਣ ਦੇ ਨਾਲ ਨਾਲ ਬੂਟਾ ਸਿੰਘ ਸ਼ਾਦ ਉਮਦਾ ਫ਼ਿਲਮਸਾਜ਼, ਨਿਰਦੇਸ਼ਕ, ਅਦਾਕਾਰ ਅਤੇ ਸੰਵਾਦ-ਕਾਰ ਵੀ ਸਨ। ਬੰਬਈ (ਹੁਣ ਮੁੰਬਈ) ਵਿੱਚ ਲਗਭਗ 47 ਸਾਲ ਗੁਜ਼ਾਰਨ ਤੋਂ ਬਾਅਦ ਬੂਟਾ ਸਿੰਘ ਸ਼ਾਦ ਅੱਜ ਕੱਲ੍ਹ ਆਪਣੇ ਭਤੀਜਿਆਂ ਕੋਲ ਪਿੰਡ ਕੁਮਥਲਾਂ, ਜ਼ਿਲ੍ਹਾ ਸਿਰਸਾ (ਹਰਿਆਣਾ) ਵਿਚ ਰਹਿ ਰਹੇ ਸਨ। ਭਤੀਜੇ ਨੈਬ ਸਿੰਘ ਬਰਾੜ ਨਾਲ ਉਨ੍ਹਾਂ ਦਾ ਬੇਹੱਦ ਮੋਹ ਸੀ। ਉਹ ਬੇਸ਼ੱਕ ਸਰੀਰਿਕ ਤੌਰ 'ਤੇ ਢਿੱਲੇ ਰਹਿੰਦੇ ਸਨ, ਪਰ ਆਪਣੇ ਆਉਣ ਵਾਲੇ ਨਵੇਂ ਨਾਵਲ ਨੂੰ ਮੁਕੰਮਲ ਕਰਨ ਵਿੱਚ ਰੁਝੇ ਰਹਿੰਦੇ ਸਨ। ਬੂਟਾ ਸਿੰਘ ਬਰਾੜ ਉਰਫ਼ ਬੂਟਾ ਸਿੰਘ 'ਸ਼ਾਦ' ਉਰਫ਼ ਬੀ ਐਸ 'ਸ਼ਾਦ' ਦਾ ਜਨਮ 12 ਨਵੰਬਰ 1943 ਨੂੰ ਹੋਇਆ। ਮਾਲਵੇ ਦੇ ਪਿੰਡ ਦਾਨ ਸਿੰਘ ਵਾਲਾ (ਬਠਿੰਡਾ) ਦੇ ਜੱਟ ਸਿੱਖ ਪਰਿਵਾਰ ਨਾਲ ਸੰਬੰਧਤ ਬੂਟਾ ਸਿੰਘ 'ਸ਼ਾਦ' ਦੇ ਪਿਤਾ ਸੰਤਾ ਸਿੰਘ ਅਤੇ ਮਾਤਾ ਹਰਨਾਮ ਕੌਰ ਸਨ। 'ਸ਼ਾਦ' ਬੂਟਾ ਸਿੰਘ ਦਾ ਕਲਮੀ ਤਖ਼ੱਲਸ ਹੈ, ਜਿਸ ਦਾ ਅਰਥ 'ਖ਼ੁਸ਼' ਅਤੇ ਫ਼ਿਲਮੀ ਨਾਮ ਪਹਿਲਾਂ 'ਹਰਵਿੰਦਰ' ਤੇ ਫਿਰ 'ਹਰਿੰਦਰ' ਰਿਹਾ। ਉਨ੍ਹਾਂ ਨੇ ਦਸਵੀਂ ਜਮਾਤ ਆਪਣੇ ਪਿੰਡੋਂ ਅਤੇ ਬੀ ਏ ਰਾਜਿੰਦਰਾ ਕਾਲਜ ਬਠਿੰਡਾ ਅਤੇ ਐਮ ਏ ਅੰਗਰੇਜ਼ੀ, ਡੀ ਏ ਵੀ ਕਾਲਜ ਦੇਹਰਾਦੂਨ ਤੋਂ ਪਾਸ ਕੀਤੀ। ਇਸ ਮਗਰੋਂ ਉਨ੍ਹਾਂ ਨੇ ਗੁਰੂ ਕਾਸ਼ੀ ਕਾਲਜ, ਤਲਵੰਡੀ ਸਾਬੋ, ਬਰਜਿੰਦਰਾ ਕਾਲਜ, ਫ਼ਰੀਦਕੋਟ, ਗੁਰੂ ਨਾਨਕ ਕਾਲਜ, ਕਿੱਲਿਆਂਵਾਲੀ (ਡੱਬਵਾਲੀ), ਖਾਲਸਾ ਕਾਲਜ ਫਾਰ ਵਿਮੈਨ, ਸਿੱਧਵਾਂ ਖੁਰਦ ਵੀ ਪੜ੍ਹਾਇਆ।







ਬੂਟਾ ਸਿੰਘ 'ਸ਼ਾਦ ਅਧਿਆਪਨ ਦੇ ਕਿੱਤੇ ਦੌਰਾਨ ਹੀ ਫ਼ਿਲਮਾਂ ਵੱਲ ਕਾਫੀ ਖਿਚੇ ਗਏ ਅਤੇ ਗਹਿਰੀ ਦਿਲਚਸਪੀ ਹੋ ਗਈ ਸੀ। ਇਸੇ ਤਰ੍ਹਾਂ ਸ਼ੌਕ ਵਜੋਂ ਉਨ੍ਹਾਂ ਨੇ ਫ਼ਿਲਮ ਲਾਈਨ ਅਖ਼ਤਿਆਰ ਕਰ ਲਈ ਅਤੇ 1970 ਵਿਚ ਫ਼ਿਲਮਾਂ ਦੀ ਨਗਰੀ ਬੰਬਈ ਵੱਲ ਰੁਖ਼ ਕਰ ਲਿਆ। ਉਨ੍ਹਾਂ ਦੀ ਪਹਿਲੀ ਪੰਜਾਬੀ ਫ਼ਿਲਮ ਆਪਣੀ ਬਰਾੜ ਪ੍ਰੋਡਕਸ਼ਨ 'ਕੁੱਲੀ ਯਾਰ ਦੀ' (1970) ਵਿੱਚ ਆਈ ਸੀ। ਉਨ੍ਹਾਂ ਦੇ ਪੰਜਾਬੀ ਨਾਵਲ 'ਅੱਧੀ ਰਾਤ ਪਹਿਰ ਦਾ ਤੜਕਾ' 'ਤੇ ਬਣਾਈ ਇਸ ਫ਼ਿਲਮ ਵਿਚ ਉਨ੍ਹਾਂ ਨੇ ਹਰਵਿੰਦਰ ਨਾਂ ਨਾਲ ਪਹਿਲੇ ਸਿੱਖ ਹੀਰੋ ਵਜੋਂ ਅਦਾਕਾਰੀ ਕੀਤੀ ਤੇ ਹੀਰੋਇਨ ਦਾ ਕਿਰਦਾਰ ਇੰਦਰਾ ਬਿੱਲੀ ਨਿਭਾਇਆ ਸੀ।

ਫ਼ਿਲਮ ਵਿਚ ਬੂਟਾ ਸਿੰਘ ਸ਼ਾਦ ਨੇ ਮੁਹੰਮਦ ਸਦੀਕ 'ਰਾਮਪੁਰੀ', ਰਣਜੀਤ ਕੌਰ, ਗੁਰਚਰਨ ਸਿੰਘ ਪੋਹਲੀ ਤੋਂ ਬਿਨਾਂ ਸਰੂਪ ਪਰਿੰਦਾ ਨੂੰ ਪੇਸ਼ ਕੀਤਾ। ਫ਼ਿਲਮ ਵਿਚ ਪਹਿਲਾ ਸਿੱਖ ਹੀਰੋ ਬੂਟਾ ਸਿੰਘ ਸ਼ਾਦ ਸੀ। ਇਸ ਨਾਲ ਫ਼ਿਲਮ ਨੂੰ ਭਰਵਾਂ ਹੁੰਗਾਰਾ ਮਿਲਿਆ। ਅਜਿਹਾ ਹੁੰਗਾਰਾ ਮਿਲਣ ਮਗਰੋਂ ਸ਼ਾਦ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ ਤੇ ਨਾਵਲ ਲਿਖਣ ਦੇ ਨਾਲ ਨਾਲ ਫ਼ਿਲਮਾਂ ਬਣਾਉਣ ਦਾ ਸਿਲਸਿਲਾ ਜਾਰੀ ਰੱਖਿਆ। ਦੂਜੀ ਰੰਗਦਾਰ ਧਾਰਮਿਕ ਪੰਜਾਬੀ ਫ਼ਿਲਮ 'ਮਿੱਤਰ ਪਿਆਰੇ ਨੂੰ' (1975) ਸੀ। ਇਹ ਫ਼ਿਲਮ ਵੀ ਬੂਟਾ ਸਿੰਘ ਸ਼ਾਦ ਦੇ ਪੰਜਾਬੀ ਨਾਵਲ 'ਮਿੱਤਰ ਪਿਆਰੇ' (1970) 'ਤੇ ਆਧਾਰਿਤ ਸੀ। ਤੀਜੀ ਪੰਜਾਬੀ ਫ਼ਿਲਮ 'ਸੱਚਾ ਮੇਰਾ ਰੂਪ ਹੈ' (1976) ਸੀ। ਬੰਬੇ ਦੀ ਪਹਿਲੀ ਪੰਜਾਬੀ ਫ਼ਿਲਮ 'ਵੈਰੀ' (1992), ਫ਼ਿਲਮ 'ਲਾਲੀ' (1997) ਦੇ ਕਹਾਣੀਨਵੀਸ, ਫ਼ਿਲਮਸਾਜ਼ ਵੀ ਬੂਟਾ ਸਿੰਘ ਸ਼ਾਦ ਸਨ।

ਸ਼ਾਦ ਦੇ ਬਰਾੜ ਪ੍ਰੋਡਕਸ਼ਨਜ਼ ਦੀ ਪਹਿਲੀ ਹਿੰਦੀ ਫ਼ਿਲਮ 'ਕੋਰਾ ਬਦਨ' (1974) ਸੀ। ਇਹ ਫ਼ਿਲਮ ਸ਼ਾਦ ਦੇ ਪੰਜਾਬੀ ਨਾਵਲ 'ਕੋਰਾ ਬਦਨ' (1969) 'ਤੇ ਆਧਾਰਿਤ ਸੀ। ਬਰਾੜ ਪ੍ਰੋਡਕਸ਼ਨਜ਼ ਦੀ ਹੀ ਸੁਰਿੰਦਰ ਮੋਹਨ ਨਿਰਦੇਸ਼ਿਤ ਫ਼ਿਲਮ 'ਨਿਸ਼ਾਨ' (1983) ਦੇ ਫ਼ਿਲਮਸਾਜ਼ ਸ਼ਾਦ ਸਨ। ਆਪਣੇ ਬੈਨਰ ਦੀ ਹੀ ਤੀਜੀ ਫ਼ਿਲਮ ਕੇ ਬਪੀਹਾ ਨਿਰਦੇਸ਼ਿਤ 'ਹਿੰਮਤ ਔਰ ਮਿਹਨਤ' (1987) ਸੀ। ਫ਼ਿਲਮਸਾਜ਼ ਬੀ। ਐਸ। ਸ਼ਾਦ, ਗੀਤ ਇੰਦੀਵਰ ਤੇ ਸੰਗੀਤ ਭੱਪੀ ਲਹਿਰੀ ਨੇ ਦਿੱਤਾ ਸੀ। ਫ਼ਿਲਮ ਵਿਚ ਜਤਿੰਦਰ, ਸ੍ਰੀਦੇਵੀ, ਸ਼ਮੀ ਕਪੂਰ, ਰਾਜ ਕਿਰਨ ਦਿਵਯਾ ਰਾਣਾ, ਕਾਦਰ ਖ਼ਾਨ, ਸ਼ਕਤੀ ਦੀ ਪੇਸ਼ਕਾਰੀ ਸੀ। ਹਿੰਦੀ ਫ਼ਿਲਮ 'ਕਸਮ ਵਰਦੀ ਕੀ' (1989) ਦੇ ਫ਼ਿਲਮਸਾਜ਼ ਬੀ। ਐਸ। ਸ਼ਾਦ ਤੇ ਜਿੰਮੀ ਨਰੂਲਾ ਸਨ। ਫ਼ਿਲਮ ਵਿਚ ਜਤਿੰਦਰ, ਚੰਕੀ ਪਾਂਡੇ, ਭਾਨੂੰ ਪ੍ਰਿਆ, ਫ਼ਰਹਾ ਨਾਜ਼, ਅਨੁਪਮ ਖੇਰ, ਰਜ਼ਾ ਮੁਰਾਦ ਨੇ ਅਹਿਮ ਕਿਰਦਾਰ ਨਿਭਾਏ। ਅਮਿਤ ਬਰਾੜ ਆਰਟਸ, ਬੰਬਈ ਐਸ ਏ ਚੰਦਰ ਸ਼ੇਖਰ ਨਿਰਦੇਸ਼ਿਤ ਫ਼ਿਲਮ 'ਇਨਸਾਫ਼ ਕੀ ਦੇਵੀ' (1992) ਦੇ ਫ਼ਿਲਮਸਾਜ਼ ਬੀ ਐਸ ਸ਼ਾਦ ਤੇ ਸ਼ਬਨਮ ਕਪੂਰ, ਮੁਕਾਲਮੇ ਸ਼ਬਦ ਕੁਮਾਰ, ਗੀਤ ਇੰਦੀਵਰ ਅਤੇ ਸੰਗੀਤ ਭੱਪੀ ਲਹਿਰੀ ਨੇ ਦਿੱਤਾ। ਬੂਟਾ ਸਿੰਘ ਸ਼ਾਦ ਨੇ ਪੰਜਾਬੀ ਫ਼ਿਲਮਾਂ ਨੂੰ ਕਿੱਤਾ ਨਹੀਂ ਸ਼ੌਕ ਦੀ ਪੂਰਤੀ ਵਜੋਂ ਮੰਨਦੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਹਿੰਦੀ ਫ਼ਿਲਮਾਂ ਬਗ਼ੈਰ ਗਤੀ ਨਹੀਂ। ਬੂਟਾ ਸਿੰਘ ਸ਼ਾਦ ਆਪਣੇ ਪੰਜਾਬੀ ਨਾਵਲ ਲਈ ਉਹ ਰੋਜ਼ਾਨਾ 16 ਘੰਟੇ ਲਿਖਦੇ ਸਨ। 'ਅੱਧੀ ਰਾਤ ਪਹਿਰ ਦਾ ਤੜਕਾ' 16 ਦਿਨਾਂ 'ਚ ਲਿਖਿਆ। 'ਕੁੱਤਿਆਂ ਵਾਲਾ ਸਰਦਾਰ' ਨਾਵਲ ਪੌਣੇ ਚਾਰ ਦਿਨਾਂ ਵਿਚ ਲਿਖਿਆ। 'ਕਾਲੀ ਬੋਲੀ ਰਾਤ' ਦਸ ਦਿਨਾਂ ਵਿਚ ਲਿਖ ਦਿੱਤਾ ਸੀ। ਨਾਵਲ 'ਰੋਹੀ ਦਾ ਫੁੱਲ' ਚਾਰ ਦਿਨਾਂ ਵਿਚ ਲਿਖਿਆ ਜੋ ਬੜਾ ਪਸੰਦ ਕੀਤਾ ਗਿਆ। ਸ਼ਾਦ ਦੇ ਨਾਵਲਾਂ ਦੀ ਵਿਸ਼ੇਸ਼ਤਾ ਇਹ ਰਹੀ ਹੈ ਕਿ ਉਹ ਰਿਲੀਜ਼ ਹੁੰਦਿਆਂ ਹੀ ਵਿਕ ਜਾਂਦੇ ਸਨ। ਉਨ੍ਹਾਂ ਨੂੰ ਇਸ ਗੱਲ ਦਾ ਅਫ਼ਸੋਸ ਹੈ ਕਿ ਉਸ ਦੇ ਨਾਵਲਾਂ ਦੀ ਪਾਠਕਾਂ ਦੇ ਵੱਡੇ ਪੱਧਰ ਤਕ ਪਹੁੰਚ ਹੋਣ ਦੇ ਬਾਵਜੂਦ ਪੰਜਾਬੀ ਨਾਵਲ ਤੇ ਪੰਜਾਬੀ ਕਹਾਣੀ ਵਿਚ ਕਿਤੇ ਵੀ ਜ਼ਿਕਰਯੋਗ ਸਥਾਨ ਨਹੀਂ ਹੈ। ਪੰਜਾਬ ਦਾ ਵੱਡਾ ਪਾਠਕ ਵਰਗ ਅੱਜ ਵੀ ਬੂਟਾ ਸਿੰਘ ਸ਼ਾਦ ਦੇ ਨਾਵਲਾਂ ਨਾਲ ਜੁੜਿਆ ਹੈ ਤੇ ਰਹੇਗਾ।

# ਬੁੱਧ ਪੂਰਨਿਮਾ ਸਮਾਰੋਹ ਅੰਬੇਡਕਰ ਭਵਨ ਵਿਖੇ 5 ਮਈ ਨੂੰ

**ਜਲੰਧਰ–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਅੰਬੇਡਕਰ ਮਿਸ਼ਨ ਸੁਸਾਇਟੀ ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਅੰਬੇਡਕਰ ਭਵਨ ਜਲੰਧਰ ਵਿਖੇ ਸੁਸਾਇਟੀ ਦੇ ਪ੍ਰਧਾਨ ਸੋਹਣ ਲਾਲ ਸਾਬਕਾ ਡੀਪੀਆਈ (ਕਾਲਜਾਂ) ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਬਾਬਾ ਸਾਹਿਬ ਡਾ। ਅੰਬੇਡਕਰ ਦੇ 132ਵੇਂ ਜਨਮ ਦਿਨ ਸਮਾਗਮ ਜੋ ਕਿ 14 ਅਪ੍ਰੈਲ, 2023 ਨੂੰ ਸੁਸਾਇਟੀ ਵੱਲੋਂ ਮਨਾਇਆ ਗਿਆ ਹੈ, ਦੀ ਸਮੀਖਿਆ ਕੀਤੀ ਗਈ। ਮੀਟਿੰਗ ਵਿੱਚ 5 ਮਈ, 2023 ਨੂੰ ਅੰਬੇਡਕਰ ਭਵਨ ਵਿਖੇ ਹਰ ਸਾਲ ਦੀ ਤਰ੍ਹਾਂ ਬੁੱਧ ਪੂਰਨਿਮਾ ਸਮਾਰੋਹ ਸ਼ਰਧਾ ਅਤੇ ਉਤਸ਼ਾਹ ਨਾਲ ਵੱਡੇ ਪੱਧਰ 'ਤੇ ਮਨਾਉਣ ਦਾ ਫੈਸਲਾ ਕੀਤਾ ਗਿਆ। ਭਾਰਦਵਾਜ ਨੇ ਦੱਸਿਆ ਕਿ ਅੰਬੇਡਕਰ ਭਵਨ ਉਹ ਇਤਿਹਾਸਕ ਸਥਾਨ ਹੈ ਜਿੱਥੇ ਬਾਬਾ ਸਾਹਿਬ ਡਾ: ਅੰਬੇਡਕਰ 27 ਅਕਤੂਬਰ, 1951 ਨੂੰ ਆਏ ਸਨ ਅਤੇ ਲੱਖਾਂ ਲੋਕਾਂ ਨੂੰ ਸੰਬੋਧਨ ਕੀਤਾ ਸੀ। ਉਨ੍ਹਾਂ ਅੱਗੇ ਦੱਸਿਆ ਕਿ ਮੀਟਿੰਗ ਵਿੱਚ ਮੈਡਮ ਸੁਦੇਸ਼ ਕਲਿਆਣ ਪ੍ਰੋਗਰਾਮ ਐਗਜ਼ੀਕਿਊਟਿਵ (ਰਿਟਾ) ਦੂਰਦਰਸ਼ਨ ਕੇਂਦਰ ਜਲੰਧਰ, ਡਾ ਜੀਸੀ ਕੌਲ ਐਮ ਏ ਪੀਐਚ ਡੀ ਪ੍ਰੋਫੈਸਰ (ਰਿਟਾ) ਅਤੇ ਲਾਹੌਰੀ ਰਾਮ ਬਾਲੀ ਸੰਪਾਦਕ ਭੀਮ ਪਤ੍ਰਿਕਾ ਨੂੰ ਮੁਖ ਬੁਲਾਰਿਆਂ ਵਜੋਂ ਬੁਲਾਉਣ ਦਾ ਫੈਸਲਾ ਕੀਤਾ ਗਿਆ। ਉਨ੍ਹਾਂ ਤੋਂ ਇਲਾਵਾ ਹੋਰ ਵਿਦਵਾਨ ਵੀ ਆਪਣੇ ਮਹਾਂਮਾਨਵ ਬੁੱਧ ਦੀਆਂ ਸਿਖਿਆਵਾਂ 'ਤੇ ਵਿਚਾਰ ਪੇਸ਼ ਕਰਨਗੇ। ਇਸ ਮੌਕੇ ਲਾਹੌਰੀ ਰਾਮ ਬਾਲੀ, ਮੈਡਮ ਸੁਦੇਸ਼ ਕਲਿਆਣ, ਪ੍ਰੋਫੈਸਰ ਬਲਬੀਰ, ਪਰਮਿੰਦਰ ਸਿੰਘ ਖੁੱਤਣ ਐਡਵੋਕੇਟ, ਤਿਲਕ ਰਾਜ, ਨਿਰਮਲ ਬਿੰਜੀ, ਵਿਨੋਦ ਕਲੇਰ, ਪਿਸ਼ੋਰੀ ਲਾਲ ਸੰਧੂ, ਕੁਲਦੀਪ ਭੱਟੀ ਐਡਵੋਕੇਟ ਆਦਿ ਹਾਜ਼ਰ ਸਨ।



# ਓਵਰਏਜ ਬੇਰੁਜ਼ਗਾਰਾਂ ਵੱਲੋਂ 7 ਮਈ ਨੂੰ ਜਲੰਧਰ ਵਿਖੇ ਰੋਸ ਪ੍ਰਦਰਸਨ ਕਰਨ ਦਾ ਐਲਾਨ

**ਸੰਗਰੂਰ, (ਦਲਜੀਤ ਕੌਰ) –** ਓਵਰਏਜ ਬੇਰੁਜ਼ਗਾਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਰਮਨ ਕੁਮਾਰ ਮਲੋਟ ਅਤੇ ਮਲਟੀਪਰਪਜ ਹੈਲਥ ਵਰਕਰ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਢਿੱਲਵਾਂ ਦੀ ਅਗਵਾਈ ਹੇਠ ਓਵਰਏਜ ਬੇਰੁਜ਼ਗਾਰ 7 ਮਈ ਨੂੰ ਜਲੰਧਰ ਦੇ ਬਜ਼ਾਰਾਂ ਵਿੱਚ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦਾ ਭੰਡੀ ਪ੍ਰਚਾਰ ਕਰਦੇ ਹੋਏ ਰੋਸ਼ ਪ੍ਰਦਰਸਨ ਕਰਨਗੇ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਓਵਰਏਜ ਬੇਰੁਜ਼ਗਾਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਰਮਨ ਕੁਮਾਰ ਮਲੋਟ ਨੇ ਕਿਹਾ ਕਿ ਯੂਨੀਅਨ ਦੀ ਸਰਕਾਰ ਤੋਂ ਮੰਗ ਹੈ ਕਿ ਸਿੱਖਿਆ ਅਤੇ ਸਿਹਤ ਮਹਿਕਮੇ ਵਿੱਚ ਉਮਰ ਹੱਦ ਛੋਟ ਦੇ ਕੇ ਖਾਲੀ ਪਈਆਂ ਅਸਾਮੀਆਂ ਦਾ ਇਸ਼ਤਿਹਾਰ ਜਲਦੀ ਜਾਰੀ ਕੀਤਾ ਜਾਵੇ। ਉਹਨਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਵਾਰ ਵਾਰ ਸਟੇਜਾਂ ਉੱਤੇ ਓਵਰਏਜ਼ ਬੇਰੁਜ਼ਗਾਰਾਂ ਲਈ ਉਮਰ ਹੱਦ ਵਧਾਉਣ ਦੀ ਗੱਲ ਕੀਤੀ ਜਾਦੀ ਹੈ, ਪਰ ਸਰਕਾਰ ਨੇ ਮਾਸਟਰ ਕੇਡਰ 4161 ਅਤੇ ਈ ਟੀ ਟੀ 5994 ਪੋਸਟਾਂ ਵਿੱਚ ਸਰਕਾਰ ਵੱਲੋਂ ਲਾਰਾ ਲਾਉਣ ਦੇ ਬਾਵਜੂਦ ਉਮਰ ਹੱਦ ਛੋਟ ਨਹੀਂ ਦਿੱਤੀ ਗਈ।ਉਨ੍ਹਾਂ ਦੱਸਿਆ ਕਿ 20 ਅਪ੍ਰੈਲ ਨੂੰ ਸੀ ਐਮ ਹਾਊਸ ਚੰਡੀਗੜ੍ਹ ਵਿਖੇ ਯੂਨੀਅਨ ਦੀ ਮੀਟਿੰਗ ਸੀ ਐਮ ਮਾਨ ਦੇ ਡਿਪਟੀ ਪ੍ਰਿਸੀਪਲ ਸੈਕਟਰੀ ਸ ਨਵਰਾਜ ਸਿੰਘ ਬਰਾੜ ਨਾਲ ਹੋਈ ਸੀ ਜਿਸ ਵਿੱਚ ਯੂਨੀਅਨ ਨੂੰ ਇਕ ਹਫਤੇ ਵਿਚ ਮੰਗਾਂ ਸਬੰਧੀ ਸੀ ਐਮ ਮਾਨ ਨਾਲ ਮੀਟਿੰਗ ਕਰਾਉਣ ਬਾਰੇ ਵਾਅਦਾ ਕੀਤਾ ਸੀ ਜ਼ੋ ਪੂਰਾ ਨਹੀਂ ਕੀਤਾ। ਸਰਕਾਰ ਦੀ ਇਸ ਵਾਅਦਾ ਖਿਲਾਫੀ ਕਰਕੇ ਅਤੇ ਆਪਣੀਆਂ ਮੰਗਾਂ ਨੂੰ ਯਾਦ ਕਰਵਾਉਂਦੇ ਹੋਏ ਓਵਰਏਜ਼ ਬੇਰੁਜ਼ਗਾਰ ਜਲੰਧਰ ਦੇ ਬਜ਼ਾਰਾਂ ਵਿੱਚ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦਾ ਭੰਡੀ ਪ੍ਰਚਾਰ ਕਰਦੇ ਹੋਏ ਰੋਸ਼ ਪ੍ਰਦਰਸਨ ਕਰਨਗੇ।

ਬੇਰੁਜ਼ਗਾਰ ਆਗੂਆਂ ਨੇ ਮੰਗ ਕੀਤੀ ਕਿ ਨਿਯਮਾਂ ਵਿੱਚ ਸੋਧ ਕਰਕੇ ਭਰਤੀ ਦੀ ਉਮਰ ਹੱਦ 37 ਤੋ ਵਧਾ ਕੇ 42 ਸਾਲ ਕੀਤੀ ਜਾਵੇ, ਉਮਰ ਹੱਦ ਪਾਰ ਕਰ ਚੁੱਕੇ ਸਾਰੇ ਬੇਰੁਜ਼ਗਾਰਾਂ ਨੂੰ ਘੱਟੋ ਘੱਟ ਇੱਕ ਮੌਕਾ ਦਿੱਤਾ ਜਾਵੇ, ਸਾਰੇ ਵਿਭਾਗਾਂ ਵਿੱਚ ਖਾਲੀ ਪਈਆਂ ਸਾਰੀਆਂ ਅਸਾਮੀਆਂ ਦੇ ਇਸ਼ਤਿਹਾਰ ਜਾਰੀ ਕੀਤੇ ਜਾਣ।



# ਪਸਸਫ ਬਲਾਕ ਰੁੜਕਾ ਕਲਾਂ ਨੇ ਕੌਮਾਂਤਰੀ ਮਜ਼ਦੂਰ ਦਿਵਸ ਮਨਾ ਕੇ ਮਈ ਦਿਵਸ ਦੇ ਸ਼ਹੀਦਾਂ ਨੂੰ ਕੀਤਾ ਯਾਦ

## ਕੇਂਦਰ ਦੀ ਫਾਸ਼ੀਵਾਦੀ ਮੋਦੀ ਸਰਕਾਰ ਵਲੋਂ ਕਿਰਤ ਕਾਨੂੰਨਾਂ ਵਿੱਚ ਕੀਤੀਆਂ ਸੋਧਾਂ ਰੱਦ ਕੀਤੀਆਂ ਜਾਣ- ਬਾਸੀ / ਹੀਰਾ

**ਫਗਵਾੜਾ 2 ਮਈ( ਬੀਕੇ ਰੱਤੂ)–** ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਵਲੋਂ ਕੌਮਾਂਤਰੀ ਮਜ਼ਦੂਰ ਦਿਵਸ ਮਨਾਉਣ ਦੇ ਦਿੱਤੇ ਗਏ ਸੱਦੇ ਅਨੁਸਾਰ ਪੈਂਨਸ਼ਨਰ ਆਗੂ ਤਾਰਾ ਸਿੰਘ ਬੀਕਾ ਦੀ ਅਗਵਾਈ ਵਿੱਚ ਗੁਰਾਇਆ ਵਿਖੇ ਕੌਮਾਂਤਰੀ ਮਜ਼ਦੂਰ ਦਿਵਸ ਮਨਾ ਕੇ ਮਈ ਦਿਵਸ ਦੇ ਸ਼ਹੀਦਾਂ ਨੂੰ ਯਾਦ ਕੀਤਾ।ਇਸ ਸਮੇਂ ਸੰ-ਬੋਧਨ ਕਰਦੇ ਹੋਏ ਪਸਸਫ ਦੇ ਸੂਬਾ ਜਨਰਲ ਸਕੱਤਰ ਅਤੇ ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਆਗੂ ਸਾਥੀ ਤੀਰਥ ਸਿੰਘ ਬਾਸੀ , ਜ਼ਿਲ੍ਹਾ ਜਲੰਧਰ ਦੇ ਜਨਰਲ ਸਕੱਤਰ ਸਾਥੀ ਨਿਰਮੋਲਕ ਸਿੰਘ ਹੀਰਾ, ਗੌਰਮਿੰਟ ਟੀਚਰਜ਼ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਕਰਨੈਲ ਫਿਲੌਰ ਅਤੇ ਪੈਂਨਸ਼ਨਰ ਆਗੂ ਧਰਮ ਪਾਲ ਆਦਮਪੁਰ ਨੇ ਮਈ ਦਿਵਸ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸੰਨ 1886 ਵਿੱਚ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਦੀ ਹੇਅ ਮਾਰਕਿਟ ਵਿੱਚ ਵੱਖ-ਵੱਖ ਵਰਗਾਂ ਦੇ ਮਜ਼ਦੂਰਾਂ ਨੇ ਆਪਣੀ ਦਿਹਾੜੀ ਦੇ ਕੰਮ ਦੇ ਘੰਟੇ ਨਿਸ਼ਚਿਤ ਕਰਵਾਉਣ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਇਕੱਠੇ ਹੋਕੇ ਰੋਹ ਭਰਪੂਰ ਪ੍ਰਦਰਸ਼ਨ ਕੀਤਾ ਸੀ। ਜਿਸ ਤੇ ਉੱਥੋਂ ਦੀ ਜਾਲਮ ਹਕੂਮਤ ਨੇ ਅੰਨ੍ਹਾ ਤਸ਼ੱਦਦ ਕਰਦੇ ਹੋਏ ਗੋਲੀ ਵੀ ਚਲਾਈ, ਜਿਸ ਵਿੱਚ ਇੱਕ ਬੱਚੇ ਸਮੇਤ ਸੱਤ ਮਜ਼ਦੂਰਾਂ ਨੇ ਸ਼ਹੀਦੀ ਪਾਈ। ਉਹਨਾਂ ਸ਼ਹੀਦਾਂ ਦੇ ਡੁੱਲ੍ਹੇ ਖੂਨ ਵਿੱਚ ਰੰਗ ਹੋ ਕੇ ਦੁਨੀਆਂ ਭਰ ਦੇ ਮਜ਼ਦੂਰਾਂ ਦੇ ਝੰਡੇ ਦਾ ਰੰਗ ਚਿੱਟੇ ਤੋਂ ਸੂਹਾ ਲਾਲ ਹੋਇਆ ਅਤੇ ਮਜ਼ਦੂਰਾਂ ਦੀ ਦਿਹਾੜੀ ਅੱਠ ਘੰਟੇ ਦੀ ਨਿਸ਼ਚਿਤ ਹੋਈ।

ਆਗੂਆਂ ਨੇ ਕਿਹਾ ਕਿ ਕੇਂਦਰ ਦੀ ਮੌਜੂਦਾ ਫਾਸ਼ੀਵਾਦੀ ਮੋਦੀ ਸਰਕਾਰ ਆਪਣੀ ਡਿਕਟੇਟਰਸਾਹੀ ਅਤੇ ਕਾਰਪੋਰੇਟ ਘਰਾਣਿਆਂ ਨੂੰ ਬੇਸ਼ਕੀਮਤੀ ਲਾਭ ਦੇਣ ਦੀ ਨੀਤੀ ਤੇ ਚੱਲਦੇ ਹੋਏ ਅਤੇ ਨਿੱਜੀਕਰਨ ਨੂੰ ਬੜਾਵਾ ਦੇਣ ਹਿੱਤ ਮਜ਼ਦੂਰਾਂ ਦੇ ਕਿਰਤ ਕਾਨੂੰਨਾਂ ਵਿੱਚ ਸੋਧਾਂ ਕਰਕੇ ਮਜ਼ਦੂਰਾਂ ਨੂੰ 1886 ਤੋਂ ਪਹਿਲਾਂ ਵਾਲੇ ਘਿਨੌਣੇ ਹਲਾਤਾਂ ਵਿੱਚ ਧੱਕਣ ਦੇ ਰਾਹ ਤੇਜ਼ੀ ਨਾਲ ਤੁਰੀ ਹੋਈ ਹੈ।ਕਿਰਤ ਕਾਨੂੰਨਾਂ ਵਿੱਚ ਕੀਤੀਆਂ ਸੋਧਾਂ ਨੂੰ ਜ਼ੋਰਦਾਰ ਢੰਗ ਨਾਲ ਰੱਦ ਕਰਨ ਦੀ ਮੰਗ ਕਰਦੇ ਹੋਏ ਬੁਲਾਰਿਆਂ ਨੇ ਕਿਹਾ ਕਿ ਮਜ਼ਦੂਰਾਂ ਤੋਂ ਜਥੇਬੰਦੀ ਬਣਾਉਣ ਦਾ ਖੋਹਿਆ ਹੱਕ ਬਹਾਲ ਕੀਤਾ ਜਾਵੇ,ਕੰਮ ਦੇ ਘੰਟੇ 12 ਤੋਂ ਘਟਾ ਕੇ 08 ਘੰਟੇ ਕੀਤੇ ਜਾਣ, ਪਬਲਿਕ ਅਦਾਰਿਆਂ ਦਾ ਨਿੱਜੀਕਰਨ ਤੁਰੰਤ ਬੰਦ ਕੀਤਾ ਜਾਵੇ, ਹਰ ਵਰਗ ਦੇ ਮਜ਼ਦੂਰਾਂ ਤੇ ਘੱਟੋ-ਘੱਟ ਉਜਰਤ ਦਾ ਨਿਯਮ ਲਾਗੂ ਕਰਕੇ 18000 ਰੁਪਏ ਮਹੀਨਾ ਮਿਹਨਤਾਨਾ ਦਿੱਤਾ ਜਾਵੇ, ਮਨਰੇਗਾ ਅਧੀਨ ਸਾਲ ਦੌਰਾਨ 250 ਦਿਨ ਦਾ ਕੰਮ 600/-ਰੁਪਏ ਦਿਹਾੜੀ ਨਾਲ ਯਕੀਨੀ ਬਣਾਇਆ ਜਾਵੇ,ਹਰ 60 ਸਾਲ ਦੇ ਨਾਗਰਿਕ ਨੂੰ ਗੁਜ਼ਾਰੇ ਯੋਗ ਬੁਢਾਪਾ ਪੈਨਸ਼ਨ ਦੇ ਰੂਪ ਵਿੱਚ ਸਮਾਜਿਕ ਸੁਰੱਖਿਆ ਦਿੱਤੀ ਜਾਵੇ ਆਦਿ ਮੰਗਾਂ ਦਾ ਜ਼ਿਕਰ ਕਰਦਿਆਂ ਵੱਖ-ਵੱਖ ਵਰਗਾਂ ਦੇ ਸਮੂਹ ਕਿਰਤੀਆਂ ਨੂੰ ਇੱਕ-ਜੁੱਟ ਹੋ ਕੇ ਲਗਾਤਾਰ ਸੰਘਰਸ਼ ਦੇ ਮੈਦਾਨ ਵਿੱਚ ਕੁੱਦਣ ਦਾ ਸੱਦਾ ਦਿੱਤਾ ਤਾਂ ਜੋ ਕੇਂਦਰ ਦੀ ਫਾਸ਼ੀਵਾਦੀ ਮੋਦੀ ਹਕੂਮਤ ਨੂੰ ਕਿਰਤ ਕਾਨੂੰਨਾਂ ਵਿੱਚ ਮਜ਼ਦੂਰਾਂ ਵਿਰੋਧ ਕੀਤੀਆਂ ਸੋਧਾਂ ਨੂੰ ਰੱਦ ਕਰਵਾਉਂਣ ਲਈ ਮਜ਼ਬੂਰ ਕੀਤਾ ਜਾ ਸਕੇ। ਮਜ਼ਦੂਰਾਂ ਵਿਰੋਧੀ ਸੋਧਾਂ ਨੂੰ ਰੱਦ ਕਰਵਾਉਣਾ ਹੀ ਕੌਮਾਂਤਰੀ ਮਜ਼ਦੂਰ ਦਿਵਸ ਸਮੇਂ ਮਈ ਦਿਵਸ ਦੇ ਸ਼ਹੀਦਾਂ ਨੂੰ ਸੱਚੀ-ਸੁੱਚੀ ਸ਼ਰਧਾਂਜਲੀ ਹੋਵੇਗੀ।

ਇਸ ਸਮੇਂ ਹੋਰਨਾਂ ਤੋਂ ਇਲਾਵਾ ਤੀਰਥ ਸਿੰਘ ਬਾਸੀ, ਨਿਰਮੋਲਕ ਸਿੰਘ ਹੀਰਾ, ਕਰਨੈਲ ਫਿਲੌਰ, ਕੁਲਵ ਅਸ਼ੋਕ ਕੁਮਾਰ, ਤਾਰਾ ਸਿੰਘ ਬੀਕਾ, ਸਤਪਾਲ ਮਹਿਮੀ, ਸ਼ਿਵ ਰਾਮ, ਧਰਮ ਪਾਲ ਆਦਮਪੁਰ, ਦੇਵ ਰਾਜ, ਰਤਨ ਸਿੰਘ , ਜੋਗਿੰਦਰ ਸਿੰਘ, ਗੋਪਾਲ ਸਿੰਘ ਅੰਗਰੇਜ਼ ਸਿੰਘ, ਬਲਵਿੰਦਰ ਕੁਮਾਰ, ਹਰੀ ਚੰਦ, ਗੌਰਵ, ਹਰਮੇਸ਼ ਰਾਹੀਂ, ਕੁਲਦੀਪ ਸਿੰਘ ਕੌੜਾ ਆਦਿ ਸਾਥੀ ਹਾਜ਼ਰ ਹੋਏ।




# ਕੈਬਨਿਟ ਮੰਤਰੀ ਅਮਨ ਅਰੋੜਾ ਦੇ ਉਦਮ ਸਦਕਾ ਕਮਿਊਨਿਟੀ ਸਿਹਤ ਕੇਂਦਰ ਲੌਂਗੋਵਾਲ ਵਿਖੇ ਐਮਰਜੈਂਸੀ ਸੇਵਾਵਾਂ ਲਈ ਮੌਜੂਦ ਰਹਿਣਗੇ ਮੈਡੀਕਲ ਅਫ਼ਸਰ

**ਸੁਨਾਮ ਊਧਮ ਸਿੰਘ ਵਾਲਾ (ਦਲਜੀਤ ਕੌਰ)–** ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਸਰਵੋਤਮ ਸਿਹਤ ਸਹੂਲਤਾਂ ਉਪਲਬਧ ਕਰਵਾਉਣ ਦੇ ਮਿੱਥੇ ਟੀਚੇ ਨੂੰ ਪੂਰਾ ਕਰਨ ਦੀ ਦਿਸ਼ਾ ਵਿੱਚ ਮਹੱਤਵਪੂਰਨ ਕਾਰਜ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਵਿਧਾਨ ਸਭਾ ਹਲਕਾ ਸੁਨਾਮ ਊਧਮ ਸਿੰਘ ਵਾਲਾ ਅਧੀਨ ਆਉਂਦੇ ਕਮਿਊਨਿਟੀ ਸਿਹਤ ਕੇਂਦਰ ਲੌਂਗੋਵਾਲ ਵਿਖੇ ਐਮਰਜੈਂਸੀ ਸੇਵਾਵਾਂ ਲਈ ਡਾਕਟਰਾਂ ਦੀ ਕਮੀ ਨੂੰ ਦੂਰ ਕਰ ਦਿੱਤਾ ਗਿਆ ਹੈ।

ਮੁੱਖ ਮੰਤਰੀ ਭਗਵੰਤ ਮਾਨ ਅਤੇ ਸਿਹਤ ਮੰਤਰੀ ਡਾ ਬਲਬੀਰ ਸਿੰਘ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਕਮਿਊਨਿਟੀ ਸਿਹਤ ਕੇਂਦਰ ਲੌਂਗੋਵਾਲ ਦੇ ਐਮਰਜੈਂਸੀ ਵਿਭਾਗ ਵਿਚ ਮੈਡੀਕਲ ਅਫਸਰਾਂ, ਗਾਇਨੀ ਰੋਗਾਂ ਦੇ ਮਾਹਿਰਾਂ ਅਤੇ ਮੈਡੀਸਨ ਮਾਹਿਰਾਂ ਦੀ ਕਮੀ ਹੋਣ ਦਾ ਦਾ ਮਸਲਾ ਤਰਜੀਹੀ ਆਧਾਰ ਉਤੇ ਸਰਕਾਰ ਕੋਲ ਉਠਾਇਆ ਗਿਆ ਸੀ ਕਿਉਂਕਿ ਇਸ ਕਮਿਊਨਿਟੀ ਸਿਹਤ ਕੇਂਦਰ ਵਿਚ ਇਲਾਜ ਸੁਵਿਧਾਵਾਂ ਹਾਸਲ ਕਰਨ ਲਈ ਰੋਜ਼ਾਨਾ ਬਹੁ ਗਿਣਤੀ ਪਿੰਡਾਂ ਦੇ ਲੋਕ ਆਉਂਦੇ ਹਨ ਅਤੇ ਐਮਰਜੈਂਸੀ ਲੋੜਾਂ ਸਮੇਂ ਮਾਹਿਰਾਂ ਦੀ ਕਮੀ ਪੀੜਤਾਂ ਲਈ ਨੁਕਸਾਨਦਾਇਕ ਸਾਬਤ ਹੁੰਦੀ ਸੀ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬੀਤੇ ਇੱਕ ਸਾਲ ਵਿੱਚ ਸਮੇਂ ਸਮੇਂ ਤੇ ਜਾਰੀ ਕੀਤੇ ਕਰੋੜਾਂ ਰੁਪਏ ਦੇ ਫੰਡਾਂ ਨਾਲ ਹਲਕਾ ਸੁਨਾਮ ਦੇ ਸਰਵਪੱਖੀ ਵਿਕਾਸ ਪ੍ਰੋਜੈਕਟ ਪ੍ਰਗਤੀ ਅਧੀਨ ਹਨ ਉਥੇ ਹੀ ਹਲਕਾ ਵਾਸੀਆਂ ਨੂੰ ਮਿਆਰੀ ਸਿਹਤ ਸਹੂਲਤਾਂ ਉਪਲਬਧ ਕਰਵਾਉਣ ਲਈ ਅਸੀਂ ਵਚਨਬੱਧ ਹਾਂ।



ਕੈਬਨਿਟ ਮੰਤਰੀ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਕਮਿਊਨਿਟੀ ਸਿਹਤ ਕੇਂਦਰ ਲੌਂਗੋਵਾਲ ਵਿਚ 24ਯ7 ਐਮਰਜੈਂਸੀ ਸੇਵਾਵਾਂ ਮੁਹੱਈਆ ਕਰਵਾਉਣ ਲਈ 5 ਮੈਡੀਕਲ ਅਫ਼ਸਰਾਂ ਡਾ। ਮਨਪ੍ਰੀਤ ਕੌਰ, ਡਾ ਚਾਰੂ ਗੋਇਲ, ਡਾ ਮਲਕੀਤ ਸਿੰਘ, ਡਾ ਕਪਿਲ ਗੋਇਲ ਅਤੇ ਡਾ ਅਮਨਦੀਪ ਕੌਰ ਦੀ ਡਿਊਟੀ ਦੇ ਹੁਕਮ ਜਾਰੀ ਕੀਤੇ ਗਏ ਹਨ ਜੋ ਕਿ ਨਿਰਧਾਰਿਤ ਸਮਾਂ ਸਾਰਣੀ ਮੁਤਾਬਕ ਓਪੀਡੀ ਕਰਨ ਦੇ ਨਾਲ ਨਾਲ ਐਮਰਜੈਂਸੀ ਵਿਭਾਗ ਵਿਖੇ ਵੀ ਸੇਵਾਵਾਂ ਪ੍ਰਦਾਨ ਕਰਨਗੇ ਤਾਂ ਜੋ ਮਰੀਜ਼ਾਂ ਨੂੰ ਸਮੇਂ ਸਿਰ ਉਚਿਤ ਇਲਾਜ ਸਹੂਲਤਾਂ ਮਿਲ ਸਕਣ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਇਸ ਤੋਂ ਇਲਾਵਾ ਕਮਿਊਨਿਟੀ ਸਿਹਤ ਕੇਂਦਰ ਲੌਂਗੋਵਾਲ ਵਿਚ ਗਾਇਨੀ ਰੋਗਾਂ ਦੇ ਇਲਾਜ ਲਈ 4 ਮਹਿਲਾ ਮੈਡੀਕਲ ਅਫ਼ਸਰਾਂ ਡਾ। ਪ੍ਰਭਜੋਤ, ਡਾ। ਰਚਿਤਾ, ਡਾ ਆਸਥਾ ਅਤੇ ਡਾ ਪ੍ਰਿੰਸੀ ਦਾ ਵੀ ਬਕਾਇਦਾ ਡਿਊਟੀ ਸ਼ਡਿਊਲ ਜਾਰੀ ਕੀਤਾ ਗਿਆ ਹੈ।ਉਨ੍ਹਾਂ ਇਹ ਵੀ ਦੱਸਿਆ ਕਿ ਮੈਡੀਸਨ ਦੇ ਚਾਰ ਮਾਹਿਰ ਡਾ। ਅਖਿਲੇਸ਼ ਗਰੋਵਰ, ਡਾ। ਰਾਹੁਲ ਗੁਪਤਾ, ਡਾ। ਕੰਵਰਪ੍ਰੀਤ ਕੌਰ ਅਤੇ ਡਾ ਹਿਮਾਂਸ਼ੂ ਗਰਗ ਵੀ ਆਪਣੇ ਡਿਊਟੀ ਸ਼ਡਿਊਲ ਅਨੁਸਾਰ ਹਰ ਮੰਗਲਵਾਰ ਨੂੰ ਮਰੀਜਾਂ ਨੂੰ ਸੇਵਾਵਾਂ ਦੇਣਗੇ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਸੰਗਰੂਰ ਡਾ ਪਰਮਿੰਦਰ ਕੌਰ ਨੇ ਦੱਸਿਆ ਕਿ ਕਮਿਊਨਿਟੀ ਸਿਹਤ ਕੇਂਦਰ ਲੌਂਗੋਵਾਲ ਵਿਖੇ ਬੱਚਿਆਂ ਦੇ ਮਾਹਿਰ ਡਾ ਸਾਕਸ਼ੀ ਅਤੇ ਦੰਦ ਰੋਗਾਂ ਦੇ ਮਾਹਿਰ ਡਾ। ਮਾਨਿਅਤਾ ਪਹਿਲਾਂ ਹੀ ਤਾਇਨਾਤ ਹਨ। ਉਨ੍ਹਾਂ ਦੱਸਿਆ ਕਿ ਜਲਦੀ ਹੀ ਇਸ ਸਿਹਤ ਕੇਂਦਰ ਵਿੱਚ ਐਕਸ ਰੇਅ ਮਸ਼ੀਨ ਸਥਾਪਤ ਕੀਤੀ ਜਾਵੇਗੀ ਜਿਸ ਦੇ ਨਾਲ ਹੀ ਰੇਡੀਓਲੋਜਿਸਟ ਦੀ ਵੀ ਤਾਇਨਾਤੀ ਕਰ ਦਿੱਤੀ ਜਾਵੇਗੀ।

# 2021 ਰੈਜੀਡੈਂਟ ਵੀਜ਼ਾ ਮੰਗਣ ਵਾਲਿਆਂ ਚੋਂ 1 ਲੱਖ 76 ਹਜ਼ਾਰ 608 ਦਾ ਕਰਤਾ ਚਾਅ ਪੂਰਾ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਇਮੀਗ੍ਰੇਸ਼ਨ ਵਾਲਿਆਂ ਨੇ '2021 ਰੈਜ਼ੀਡੈਂਟ ਵੀਜ਼ਾ' ਅਰਜ਼ੀਆਂ ਦੇ ਵੱਡੇ ਪਹਾੜ ਨੂੰ ਇਕ-ਇਕ ਕਰਕੇ ਹੇਠਾਂ ਖਿਸਕਾ, ਆਪਣੇ ਕੰਪਿਊਟਰਾਂ ਦੇ ਵਿਚ ਠੀਕੇ-ਠੀਕੇ ਲਾ ਕੇ ਬੰਦ ਕਰ ਲਿਆ ਹੈ। ਜਿਵੇਂ ਕਹਿੰਦੇ ਨੇ ਹਾਥੀ ਨਿਕਲ ਗਿਆ ਅਤੇ ਪੂਛ ਹੀ ਨਿਕਲਣੀ ਬਾਕੀ ਹੈ। 29 ਅਪ੍ਰੈਲ 2023 ਤੱਕ ਪ੍ਰਾਪਤ ਹੋਏ ਅੰਕੜੇ ਦਸਦੇ ਹਨ ਕਿ ਇਸ ਵੀਜ਼ਾ ਸ਼੍ਰੇਣੀ ਤਹਿਤ ਕੁੱਲ 106,098 ਅਰਜ਼ੀਆਂ ਪ੍ਰਾਪਤ ਹੋਈਆਂ ਸਨ। ਇਨ੍ਹਾਂ ਅਰਜ਼ੀਆਂ ਦੇ ਵਿਚ ਪੱਕੇ ਹੋਣ ਵਾਲਿਆਂ ਦੀ ਗਿਣਤੀ 214,297 ਬਣਦੀ ਹੈ। ਉਪਰੋਕਤ ਅਰਜ਼ੀਆਂ ਦੇ ਵਿਚੋਂ ਇਮੀਗ੍ਰੇਸ਼ਨ ਵਿਭਾਗ ਵਾਲਿਆਂ ਨੇ ਬਹੁਤਾ ਕੰਮ ਖਿਚਦਿਆਂ 90,403 ਅਰਜ਼ੀਆਂ ਦਾ ਨਿਬੇੜਾ ਕਰ ਦਿੱਤਾ ਹੈ ਅਤੇ 176,608 ਲੋਕਾਂ ਨੂੰ ਰੈਜ਼ੀਡੈਂਟ ਵੀਜ਼ਾ ਦੇ ਕੇ ਉਨ੍ਹਾਂ ਦਾ ਚਾਅ ਪੂਰਾ ਕਰ ਦਿੱਤਾ ਹੈ। ਇਸ ਦੌਰਾਨ 309 ਅਰਜ਼ੀਆਂ ਅਯੋਗ ਵੀ ਪਾਈਆਂ ਗਈਆਂ ਹਨ।

ਕਿੰਨੇ ਕੁ ਰਹਿ ਗਏ? ਲਗਪਗ 37,380 ਲੋਕਾਂ ਦੀ ਕਿਸਮਤ ਦਾ ਫੈਸਲਾ 15,386 ਬਚੀਆਂ ਅਰਜ਼ੀਆਂ ਦੇ ਵਿਚ ਲਪੇਟਿਆ ਪਿਆ ਹੈ, ਲਗਦਾ ਹੈ ਇਹ ਸਾਰਾ ਕਾਰਜ ਜੂਨ ਮਹੀਨੇ ਤੱਕ ਹੋ ਜਾਵੇਗਾ। ਪਹਿਲੇ ਗੇੜ ਦੀਆਂ ਅਰਜ਼ੀਆਂ 1 ਦਸੰਬਰ 2021 ਨੂੰ ਸ਼ੁਰੂ ਹੋਈਆਂ ਸਨ ਅਤੇ ਦੂਜੇ ਗੇੜ ਦੀਆਂ 1 ਮਾਰਚ 2022 ਨੂੰ ਸ਼ੁਰੂ ਹੋਈਆਂ ਸਨ ਤੇ 31 ਜੁਲਾਈ 2022 ਨੂੰ ਬੰਦ ਕਰ ਦਿੱਤੀਆਂ ਗਈਆਂ ਸਨ। ਪ੍ਰਤੀ ਅਰਜ਼ੀ ਫੀਸ 2160 ਡਾਲਰ ਰੱਖੀ ਗਈ ਸੀ। ਸਰਕਾਰ ਨੇ ਲਗਪਗ 22 ਕਰੋੜ, 91 ਲੱਖ 71 ਹਜ਼ਾਰ 680 ਡਾਲਰ (Two hundred twenty nine million , one hundred seventy one thousand , six hundred eighty) ਤੱਕ ਕਮਾਏ ਹੋ ਸਕਦੇ ਹਨ। ਸਰਕਾਰ ਦਾ ਵਾਅਦਾ ਸੀ ਕਿ ਇਹ ਸਾਰਾ ਕਾਰਜ 18 ਮਹੀਨਿਆਂ ਦੇ ਵਿਚ ਕਰ ਲਿਆ ਜਾਵੇਗਾ। ਸੋ 66 ਮਹੀਨੇ ਦਾ ਸਮਾਂ ਵੀ ਪੂਰਾ ਹੋਣ ਵਾਲਾ ਹੈ ਅਤੇ ਆਸ ਹੈ ਕਿ ਇਹ ਸਾਰਾ ਕਾਰਜ ਜੂਨ ਮਹੀਨੇ ਤੱਕ ਸਿਮਟ ਜਾਵੇਗਾ।




**ਭਾਰਤੀਆਂ ਦੀ ਸੰਖਿਆ:** ਇਸ ਵੀਜ਼ਾ ਸ਼੍ਰੇਣੀ ਅਧੀਨ 55,500 ਅਰਜ਼ੀਆਂ ਭਾਰਤੀਆਂ ਦੀਆਂ ਸਨ ਜਿਨ੍ਹਾਂ ਵਿਚੋਂ 40,000 ਤੋਂ ਵੱਧ ਦੇ ਰੈਜੀਡੈਂਟ ਵੀਜ਼ੇ ਮਾਰਚ 2023 ਤੱਕ ਲੱਗ ਚੁੱਕੇ ਸਨ। ਆਸ ਹੈ ਕਿ 10,000 ਭਾਰਤੀਆਂ ਦੇ ਵੀਜ਼ੇ ਬਾਕੀ ਲੱਗਣ ਵਾਲੇ ਰਹਿੰਦੇ ਹੋਣਗੇ। ਇਸ ਤੋਂ ਇਲਾਵਾ ਕਰੋਨਾ ਤੋਂ ਬਾਅਦ ਭਾਰਤੀਆਂ ਦੀ ਆਮਦ ਹੋਰ ਕਈ ਪ੍ਰਕਾਰ ਦੇ ਵੀਜ਼ਿਆਂ ਰਾਹੀਂ ਵੀ ਹੋ ਰਹੀ ਹੈ।

# ਪਿੰਡ ਲੁਟੇਰਾ ਖੁਰਦ ਵਿਖੇ ਬਾਬਾ ਸਾਹਿਬ ਨੂੰ ਸਮਰਪਿਤ ਜਾਗ੍ਰਿਤੀ ਸੰਮੇਲਨ ਕਰਵਾਇਆ






**ਜਲੰਧਰ/ ਆਦਮਪੁਰ : (ਕੁਲਦੀਪ ਚੁੰਬਰ )-** ਭਾਰਤ ਦੇ ਪਹਿਲੇ ਕਾਨੂੰਨ ਮੰਤਰੀ, ਸੰਵਿਧਾਨ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ। ਭੀਮ ਰਾਓ ਅੰਬੇਡਕਰ ਜੀ ਦੇ 132ਵੇਂ ਜਨਮ ਦਿਹਾੜੇ ਨੂੰ ਸਮਰਪਿਤ ਪਿੰਡ ਲੁਟੇਰਾ ਖੁਰਦ ਜ਼ਿਲ੍ਹਾ ਜਲੰਧਰ ਦੇ ਕਮਿਊਨਿਟੀ ਹਾਲ ਵਿੱਚ ਡਾ। ਭੀਮ ਰਾਓ ਅੰਬੇਡਕਰ ਸਭਾ ਲੁਟੇਰਾ ਖੁਰਦ ਦੀ ਸਮੂਹ ਪ੍ਰਬੰਧਕ ਕਮੇਟੀ, ਨਗਰ ਪੰਚਾਇਤ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਜਾਗ੍ਰਿਤੀ ਸੰਮੇਲਨ ਕਰਵਾਇਆ ਗਿਆ। ਆਜ਼ਾਦ ਰੰਗ ਮੰਚ ਕਲਾ ਭਵਨ ਫਗਵਾੜਾ ਵੱਲੋਂ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਜੀਵਨ ਉੱਪਰ ਕੋਰਿਓਗ੍ਰਾਫੀ ਪੇਸ਼ ਕੀਤੀ ਗਈ। ਇਸ ਮੌਕੇ ਬੁਲਾਰਿਆਂ ਵਲੋਂ ਬਾਬਾ ਸਾਹਿਬ ਦੇ ਜੀਵਨ ਅਤੇ ਸੰਘਰਸ਼ ਉੱਪਰ ਚਾਨਣਾ ਪਾਇਆ ਗਿਆ। ਹਲਕਾ ਆਦਮਪੁਰ ਤੋਂ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ, ਉੱਘੇ ਸਮਾਜ ਸੇਵੀ ਵਰਿੰਦਰ ਸਿੰਘ ਪਰਹਾਰ ਅਤੇ ਐਸ ਡੀ ਓ ਪਰਮਿੰਦਰ ਕੁਮਾਰ ਨੇ ਵਿਸ਼ੇਸ਼ ਤੌਰ ਤੇ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ ਅਤੇ ਹਾਜ਼ਰੀਨ ਲੋਕਾਂ ਨੂੰ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਜਨਮ ਦਿਨ ਦੀ ਮੁਬਾਰਕ ਵਾਦ ਦਿੱਤੀ। ਮਾਸਟਰ ਬਲਵਿੰਦਰ ਸਿੰਘ ਕਾਲਰਾ ਨੇ ਸਟੇਜ ਦਾ ਸੰਚਾਲਨ ਬਾਖ਼ੂਬੀ ਢੰਗ ਨਾਲ ਕੀਤਾ। ਪ੍ਰਬੰਧਕ ਕਮੇਟੀ ਅਤੇ ਸਮੂਹ ਨਗਰ ਪੰਚਾਇਤ ਵੱਲੋਂ ਆਏ ਹੋਏ ਮਹਿਮਾਨਾਂ ਅਤੇ ਬੁਲਾਰਿਆਂ ਨੂੰ ਸਨਮਾਨ ਚਿੰਨ੍ਹ




ਦੇ ਕੇ ਸਨਮਾਨਿਤ ਕੀਤਾ। ਪ੍ਰਬੰਧਕ ਕਮੇਟੀ ਵੱਲੋਂ ਲੰਗਰ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਇਸ ਮੌਕੇ ਮਾਸਟਰ ਅਰਸ਼ਦੀਪ ਸਿੰਘ, ਕੁਲਵੀਰ ਸਿੰਘ ਘੁੜਿਆਲ, ਸ ਮਨਜੀਤ ਸਿੰਘ ਚੁਖਿਆਰਾ, ਸਰਪੰਚ ਤਰਲੋਚਨ ਸਿੰਘ ਪਰਹਾਰ, ਸਤਪਾਲ ਸਿੰਘ, ਜਸਪ੍ਰੀਤ, ਮਹਿੰਦਰਪਾਲ, ਰਾਜਨ ਜਾਂਦਾ, ਕੁਲਵੀਰ ਕੁਮਾਰ, ਸਵਰਨ ਦਾਸ, ਵਿਕਰਮ ਹੰਸ, ਕਸ਼ਮੀਰੀ ਲਾਲ ਹੰਸ,ਗਗਨ ਦਾਦਰਾ, ਚਰਨਜੀਤ ਸਿੰਘ, ਸੁਖਜੀਤ ਸਿੰਘ, ਨਰੇਸ਼ ਕੁਮਾਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਬੱਚੇ ਬਜ਼ੁਰਗ ਅਤੇ ਬੀਬੀਆਂ ਹਾਜ਼ਰ ਸਨ।

# ਡੀ ਟੀ ਐੱਫ ਦੀ ਅਗਵਾਈ ਵਿੱਚ ਵਿਚਾਰ ਗੋਸ਼ਠਿ ਕਰਕੇ ਮਨਾਇਆ ਮਜ਼ਦੂਰ ਦਿਵਸ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਅੱਜ ਇੱਥੇ ਸਥਾਨਕ ਬੰਗਾ ਚੌਕ ਵਿੱਚ ਗਾਂਧੀ ਪਾਰਕ ਵਿਖੇ ਸਥਿਤ ਸਰਦਾਰ ਮੇਜਰ ਸਿੰਘ ਮੌਜੀ ਲਾਇਬ੍ਰੇਰੀ ਵਿੱਚ ਡੈਮੋਕਰੈਟਿਕ ਟੀਚਰਜ਼ ਫਰੰਟ ਦੀ ਅਗਵਾਈ ਵਿੱਚ ਵੱਖ ਵੱਖ ਜੱਥੇਬੰਦੀਆਂ ਡੈਮੋਕਰੈਟਿਕ ਪੈਨਸ਼ਨਰ ਫਰੰਟ, ਜੀਵਨ ਜਾਗ੍ਰਿਤੀ ਮੰਚ, ਮੈਡੀਕਲ ਪ੍ਰੈਕਟੀਸ਼ਨਰ ਐਸ਼ੋਸ਼ੀਏਸ਼ਨ ਅਤੇ ਜੰਗਲਾਤ ਵਰਕਰਜ ਯੂਨੀਅਨ ਵੱਲੋਂ ਸਾਂਝੇ ਤੌਰ ਤੇ ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ ਨੂੰ ਇੱਕ ਵਿਚਾਰ ਗੋਸ਼ਠੀ ਕਰਕੇ ਸ਼ਿਕਾਗੋ ਤੇ ਮਜ਼ਦੂਰ ਲਹਿਰ ਦੇ ਸ਼ਹੀਦਾਂ ਨੂੰ ਸਰਧਾਂਜਲੀ ਭੇਟ ਕੀਤੀਆਂ। ਇਸ ਸਮੇਂ ਡੀ ਟੀ ਐੱਫ ਦੇ ਦੇ ਸੁਖਦੇਵ ਡਾਨਸੀਵਾਲ, ਮੈਡੀਕਲ ਪ੍ਰੈਕਟੀਸ਼ਨਰ ਐਸ਼ੋਸ਼ੀਏਸ਼ਨ ਦੇ ਆਗੂ ਡਾ।ਮਨਜੀਤ ਸਿੰਘ ਝੱਲੀ, ਡੈਮੋਕਰੈਟਿਕ ਪੈਨਸ਼ਨਰ ਫਰੰਟ ਦੇ ਆਗੂ ਅਜੀਤ ਸਿੰਘ ਬੋੜਾ ਤੇ ਅਮਰਜੀਤ ਬੰਗੜ, ਜੀਵਨ ਜਾਗ੍ਰਿਤੀ ਮੰਚ ਦੇ ਸੇਵਾਮੁਕਤ ਪ੍ਰਿੰਸੀਪਲ ਬਿੱਕਰ ਸਿੰਘ ਅਤੇ ਜੰਗਲਾਤ ਵਰਕਰਜ ਯੂਨੀਅਨ ਦੇ ਆਗੂ ਰਜਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਮਜ਼ਦੂਰਾਂ ਦੇ ਲੰਬੇ ਸ਼ੰਘਰਸ਼ ਤੋ ਬਾਅਦ ਪ੍ਰਾਪਤ ਕੀਤੇ ਹੱਕਾਂ ਨੂੰ ਕੇਂਦਰ ਦੀ ਫਾਸ਼ੀਵਾਦੀ ਤੇ ਕਾਰਪੋਰੇਟ ਪੱਖੀ ਸਰਕਾਰ ਕਿਰਤ ਕਾਨੂੰਨਾਂ ਦੇ ਸੋਧਾਂ ਨਾਂ ਹੇਠ ਸਾਰੇ ਹੱਕਾਂ ਨੂੰ ਖੋਹ ਰਹੀ ਹੈ। ਇਨ੍ਹਾਂ ਕਾਨੂੰਨਾਂ ਨਾਲ ਮਜ਼ਦੂਰਾਂ ਨੂੰ ਆਪਣੀ ਯੂਨੀਅਨ ਬਣਾਉਣ ਦਾ ਹੱਕ, ਆਪਣੀ ਆਵਾਜ਼ ਉਠਾਉਣ ਦਾ ਹੱਕ ਅਤੇ ਆਪਣੀਆਂ ਉਜਰਤਾਂ ਵਿੱਚ ਸੰਘਰਸ਼ ਕਰਕੇ ਪ੍ਰਾਪਤ ਕਰਨ ਦੇ ਹੱਕ ਸਮੇਤ ਸਭ ਤਰ੍ਹਾਂ ਦੇ ਹੱਕ ਖੋਹ ਲਏ ਗਏ ਹਨ।



ਆਗੂਆਂ ਨੇ ਕਿਹਾ ਕਿ ਸਰਕਾਰ ਮਜ਼ਦੂਰ ਤੇ ਮੁਲਾਜ਼ਮ ਵਿਰੋਧੀ ਅਤੇ ਸਿਰਫ਼ ਕਾਰਪੋਰੇਟ ਪੱਖੀ ਕਾਨੂੰਨ ਬਣਾਏ ਜਾ ਰਹੇ ਹਨ ਇਸੇ ਤਰ੍ਹਾਂ ਕਾਨੂੰਨਾਂ ਨੂੰ ਬਣਾਉਣ ਦੇ ਨਾਲ ਨਾਲ ਮੋਦੀ ਸਰਕਾਰ ਦੇਸ਼ ਵਿੱਚ ਫਿਰਕੂ ਤੇ ਨਫਰਤੀ ਮਾਹੌਲ ਪੈਦਾ ਕਰਕੇ ਲੋਕਾਂ ਨੂੰ ਵੰਡ ਰਹੀ ਹੈ ਤਾਂ ਕਿ ਕਾਰਪੋਰੇਟਸ ਪੱਖੀ ਨੀਤੀਆਂ ਨੂੰ ਲਾਗੂ ਕੀਤਾ ਜਾ ਸਕੇ। ਬੁਲਾਰਿਆਂ ਨੇ ਦੇਸ਼ ਦੇ ਲੋਕਾਂ ਨੂੰ ਇਹਨਾਂ ਵੰਡੀਆ ਪਾਉਣ ਵਾਲੀਆਂ ਤਾਕਤਾਂ ਦੇ ਖਿਲਾਫ ਇੱਕ ਜੁੱਟ ਹੋ ਕੇ ਸ਼ੰਘਰਸ਼ ਕਰਨ ਦਾ ਸੱਦਾ ਦਿੱਤਾ। ਇਸ ਸਮੇਂ ਡੀ ਟੀ ਐੱਫ ਦੇ ਆਗੂਆਂ ਸੱਤਪਾਲ ਕਲੇਰ, ਜਰਨੈਲ ਸਿੰਘ, ਮਨਜੀਤ ਸਿੰਘ ਬੰਗਾ, ਨਰਿੰਦਰ ਕੁਮਾਰ, ਮੁੱਖ ਅਧਿਆਪਕ ਰੁਪਿੰਦਰ ਸਿੰਘ ਨਾਗਰਾ ਤੇ ਪਵਨ ਕੁਮਾਰ, ਪੈਨਸ਼ਨਰ ਆਗੂ ਹੰਸ ਰਾਜ ਗੜਸ਼ੰਕਰ ਅਤੇ ਗੁਰਮੇਲ ਸਿੰਘ ਆਦਿ ਨੇ ਵੀ ਮਈ ਦਿਵਸ ਦੇ ਸਹੀਦਾਂ ਨੂੰ ਸਰਧਾਂਜਲੀਆ ਭੇਂਟ ਕੀਤੀਆਂ । ਅੰਤ ਵਿੱਚ ਸਮੂਹ ਆਗੂਆਂ ਵਲੋਂ ਦੇਸ਼ ਦੇ ਉੱਘੇ ਰੈਸਲਰਾਂ ਨਾਲ ਹੋਏ ਜਿਨਸੀ ਸ਼ੋਸ਼ਣ ਵਿਰੁੱਧ ਛੇੜੇ ਸ਼ੰਘਰਸ਼ ਦੀ ਹਮਾਇਤ ਕਰਦਿਆਂ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਅਤੇ ਰੈਸਲਰਾਂ ਨਾਲ ਇਨਸਾਫ ਕਰਨ ਦੀ ਮੰਗ ਕੀਤੀ।

# ਮਜ਼ਦੂਰਾਂ ਤੇ ਮੁਲਾਜਮਾਂ ਵਲੋਂ ਸਾਂਝੇ ਤੌਰ ਤੇ ਮਨਾਇਆ ਮਈ ਦਿਵਸ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ, ਜੇਪੀਐਮਓ।ਅਤੇ ਵੱਖ-ਵੱਖ ਮਜ਼ਦੂਰ ਤੇ ਮੁਲਾਜ਼ਮ ਜਥੇਬੰਦੀਆਂ ਵੱਲੋਂ ਮਈ ਦਿਵਸ ਸਾਥੀ ਮੱਖਣ ਸਿੰਘ ਵਾਹਿਦਪੁਰੀ, ਸਾਥੀ ਰਾਮ ਜੀ ਦਾਸ ਚੌਹਾਨ ਤੇ ਸ਼ਾਮ ਸੁੰਦਰ ਕਪੂਰ ਦੀ ਅਗਵਾਈ ਵਿਚ ਸਥਾਨਕ ਜੰਗਲਾਤ ਨਰਸਰੀ ਵਿਖੇ ਮਨਾਇਆ ਗਿਆ । ਸਾਥੀ ਅਮਰੀਕ ਸਿੰਘ ਪ੍ਰਧਾਨ ਜੰਗਲਾਤ ਵਰਕਰ ਯੂਨੀਅਨ ਪੰਜਾਬ ਵੱਲੋਂ ਝੰਡਾ ਫਹਿਰਾਇਆ ਗਿਆ। ਮਈ ਦਿਵਸ ਦੇ ਇਤਿਹਾਸ ਤੇ ਮਹੱਤਤਾ ਵਾਰੇ ਚਾਨਣਾ ਪਾਉਂਦਿਆਂ ਬੁਲਾਰਿਆਂ ਨੇ ਕਿਹਾ ਕਿ ਮਜ਼ਦੂਰ ਜਮਾਤ ਦੁਆਰਾ ਬੇਮਿਸਾਲ ਕੁਰਬਾਨੀਆਂ ਦੇ ਕੇ ਪ੍ਰਾਪਤ ਕੀਤੇ ਹੱਕਾਂ ਨੂੰ ਅੱਜ ਮੁੜ ਹਾਕਮ ਤੇ ਸਰਮਾਏਦਾਰੀ ਜਮਾਤ



ਦੁਆਰਾ ਖੋਹਿਆ ਜਾ ਰਿਹਾ ਹੈ। ਮਜ਼ਦੂਰ ਵਿਰੋਧੀ ਕਾਨੂੰਨ ਪਾਸ ਕੀਤੇ ਜਾ ਰਹੇ ਹਨ। ਅੱਠ ਘੰਟੇ ਕੰਮ ਦੀ ਬਜਾਏ 12-12 ਘੰਟੇ ਕੰਮ ਲਿਆ ਜਾ ਰਿਹਾ ਹੈ ਤੇ ਘੱਟੋ-ਘੱਟ ਉਜਰਤ ਵੀ ਨਹੀਂ ਦਿੱਤੀ ਜਾ ਰਹੀ ਹੈ ਲ ਫੈਕਟਰੀਆਂ ਤੇ ਸਰਕਾਰੀ ਵਿਭਾਗਾਂ ਵਿਚ ਵੀ ਡੇਲੀਵੇਜ, ਆਉਟਸੋਰਸ ਤੇ ਠੇਕੇ ਤੇ ਰੱਖੇ ਵਰਕਰਾਂ ਤੇ ਕਰਮਚਾਰੀਆਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ ਤੇ ਉਹਨਾਂ ਦੀ ਕੋਈ ਸਰਵਿਸ ਗਰੰਟੀ ਨਹੀਂ ਹੈ ਅਤੇ ਕੰਮ ਪੂਰਾ ਹੋਣ ਤੇ ਛਾਂਟੀ ਕਰ ਦਿੱਤੀ ਜਾਂਦੀ ਹੈ ਲ ਹਾਕਮ ਜਮਾਤਾਂ ਮਜ਼ਦੂਰਾਂ ਤੇ ਮੁਲਾਜਮਾਂ ਨੂੰ ਬਣਦੀਆਂ ਸਹੂਲਤਾਂ ਦੇਣ ਦੀ ਬਜਾਏ ਫਿਰਕੂ ਤੇ ਲੋਕ ਵਿਰੋਧੀ ਚਾਲਾਂ ਚੱਲ ਕੇ ਮਜ਼ਦੂਰਾਂ ਤੇ ਮੁਲਾਜ਼ਮਾਂ ਦੇ ਏਕੇ ਨੂੰ ਤੋੜ੍ਹਨ ਦੀਆਂ ਕੋਸ਼ਿਸ਼ ਕਰ ਰਹੀਆਂ ਹਨ ੀ ਇਹਨਾ ਸਾਰੀਆਂ ਪ੍ਰਸਿਥਿਤੀਆਂ ਦਾ ਮੁਕਾਬਲਾ ਕਰਨ ਲਈ ਸਮੁੱਚੀ ਮਜ਼ਦੂਰ ਤੇ ਕਿਰਤੀ ਜਮਾਤ ਦਾ ਇੱਕ ਹੋਣਾ ਬਹੁਤ ਜ਼ਰੂਰੀ ਹੈ ਤਾਂ ਕਿ ਅਪਣੇ ਹੱਕਾਂ ਦੀ ਰੱਖਿਆ ਕੀਤੀ ਜਾ ਸਕੇ ਲ ਪੰਜਾਬ ਦੀ ਆਪ ਸਰਕਾਰ ਵੀ ਪਹਿਲੀਆਂ ਸਰਕਾਰਾਂ ਵਾਂਗ ਹੀ ਮਜ਼ਦੂਰ ਤੇ ਮੁਲਾਜ਼ਮ ਵਿਰੋਧੀ ਨੀਤੀ ਤੇ ਹੀ ਚੱਲ ਰਹੀ ਹੈ।

ਸਰਕਾਰ ਦੁਆਰਾ ਚੋਣਾਂ ਤੋਂ ਪਹਿਲਾਂ ਮਜ਼ਦੂਰਾਂ ਤੇ ਮੁਲਾਜ਼ਮਾਂ ਨਾਲ ਕੀਤੇ ਵਾਅਦਿਆਂ ਚੋਂ ਇਕ ਵੀ ਵਾਅਦਾ ਨਹੀਂ ਪੂਰੀ ਕੀਤਾ। ਸਰਕਾਰ ਮਜ਼ਦੂਰਾਂ ਤੇ ਮੁਲਾਜਮਾਂ ਦੀ ਗੱਲ ਸੁਣਨ ਲਈ ਤਿਆਰ ਨਹੀ ਹੈ, ਮਜ਼ਦੂਰ ਤੇ ਮੁਲਾਜ਼ਮ ਜਮਾਤ ਵਿਚ ਸਰਕਾਰ ਪ੍ਰਤੀ ਗੁੱਸਾ ਦਿਨ ਪ੍ਰਤੀ ਦਿਨ ਵੱਧਦਾ ਜਾ ਰਿਹਾ ਤੇ ਲੋਕ ਸੰਘਰਸ਼ ਲਈ ਸੜਕਾਂ ਤੇ ਆਓਣ ਲਈ ਮਜਬੂਰ ਹਨ। ਸਟੇਜ ਸੰਚਾਲਨ ਸਾਥੀ ਜੀਤ ਸਿੰਘ ਬਗਵਾਂਈ ਵਲੋਂ ਕੀਤਾ ਗਿਆ। ਇਸ ਮੌਕੇ ਸੁੱਚਾ ਸਿੰਘ, ਬਲਵੰਤ ਰਾਮ, ਸ਼ਿੰਗਾਰਾ ਰਾਮ, ਜਗਦੀਸ਼ ਲਾਲ, ਗੁਰਨਾਮ ਸਿੰਘ, ਕੁਲਭੂਸ਼ਨ ਕੁਮਾਰ, ਪਵਨ ਕੁਮਾਰ, ਪ੍ਰਵੀਨ ਕੁਮਾਰ, ਕੇਵਲ ਕ੍ਰਿਸ਼ਨ ,ਦਵਿੰਦਰ ਰਾਣਾ, ਮੇਜਰ ਸਿੰਘ, ਨਰੇਸ਼ ਧੀਮਾਨ, ਹਰਪਾਲ ਕੌਰ, ਸ਼ਰਮੀਲਾ ਰਾਣੀ, ਕਸ਼ਮੀਰ ਕੌਰ, ਰਣਜੀਤ ਸਿੰਘ, ਬਲਵੀਰ ਬੈਂਸ, ਗੁਰਨੀਤ ਵਾਹਿਦਪੁਰੀ, ਨਰੇਸ਼ ਕਪੂਰ, ਨਿਰਮਲਾ ਦੇਵੀ, ਸਰੂਪ ਚੰਦ, ਹਰਭਜਨ ਸਿੰਘ, ਗੋਪੀ ਰਾਮ, ਜਸਵਿੰਦਰ ਨੇ ਵੀ ਅਪਣੇ ਵਿਚਾਰ ਰੱਖੇ।

# ਪੰਜਾਬ ਸਰਕਾਰ ਮਜ਼ਦੂਰਾਂ ਦੇ ਸਮਾਜਿਕ ਤੇ ਆਰਥਿਕ ਸਸ਼ਕਤੀਕਰਨ ਲਈ ਵਚਨਬੱਧ : ਬ੍ਰਹਮ ਸ਼ੰਕਰ ਜਿੰਪਾ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** 1 ਮਈ ਨੂੰ ਮਜ਼ਦੂਰ ਦਿਵਸ ’ਤੇ ਕੈਬਨਿਟ ਮੰਤਰੀ ਪੰਜਾਬ ਬ੍ਰਹਮ ਸ਼ੰਕਰ ਜਿੰਪਾ ਵਲੋਂ ਸਥਾਨਕ ਲੇਬਰ ਅੱਡੇ ’ਤੇ ਪਹੁੰਚ ਕੇ ਮਜ਼ਦੂਰਾਂ ਨੂੰ ਮਠਿਆਈ ਖਿਲਾ ਕੇ ਅਤੇ ਉਨ੍ਹਾਂ ਨੂੰ ਟਿਫਨ ਬਾਕਸ ਦੇ ਕੇ ਉਨ੍ਹਾਂ ਨੂੰ ਮਜ਼ਦੂਰ ਦਿਵਸ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਮਜ਼ਦੂਰਾਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਭਲਾਈ ਯੋਜਨਾਵਾਂ ਰਾਹੀ। ਸਮਾਜਿਕ ਤੇ ਆਰਥਿਕ ਸਸ਼ਕਤੀਕਰਨ ਲਈ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮਜ਼ਦੂਰ ਵਰਗ ਦੇ ਹਿੱਤਾਂ ਲਈ ਸੂਬਾ ਸਰਕਾਰ ਹਮੇਸ਼ਾਂ ਕੰਮ ਕਰ ਰਹੀ ਹੈ ਅਤੇ ਉਨ੍ਹਾਂ ਵਲੋਂ ਹਲਕੇ ਦੇ ਮਜ਼ਦੂਰਾਂ ਦੇ ਹਿੱਤ ਵਿਚ ਕੋਈ ਕਮੀ ਨਹੀਂ ਛੱਡੀ ਜਾਵੇਗੀ। ਇਸ ਦੌਰਾਨ ਉਨ੍ਹਾਂ 2 ਮਿਨਟ ਦਾ ਮੌਨ ਰੱਖ ਕੇ ਸ਼ਿਕਾਗੋ ਦੇ ਸ਼ਹੀਦ ਮਜ਼ਦੂਰਾਂ ਨੂੰ ਯਾਦ ਵੀ ਕੀਤਾ।




ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ਼੍ਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਮਜ਼ਦੂਰਾਂ ਦੇ ਵਿਕਾਸ ਨੂੰ ਲੈ ਕੇ ਲਗਾਤਾਰ ਕਾਰਜ ਕਰ ਰਹੀ ਹੈ ਅਤੇ ਉਨ੍ਹਾਂ ਨੂੰ ਹਰ ਬੁਨਿਆਦੀ ਸੁਵਿਧਾ ਦੇਣ ਲਈ ਵਚਨਬੱਧ ਹੈ। ਉਨ੍ਹਾਂ ਹਾਜ਼ਰ ਮਜ਼ਦੂਰਾਂ ਨੂੰ ਉਨ੍ਹਾਂ ਦੇ ਹਿੱਤ ਵਿਚ ਸਰਕਾਰ ਵਲੋਂ ਚਲਾਈਆਂ ਜਾਣ ਵਾਲੀਆਂ ਸਕੀਮਾਂ ਬਾਰੇ ਵੀ ਦੱਸਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮਜ਼ਦੂਰ ਵਰਗ ਦੀਆਂ ਮੰਗਾਂ ਨੂੰ ਲੈ ਕੇ ਬਹੁਤ ਗੰਭੀਰਤਾ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅਸੀਂ ਮਿਹਨਤੀ ਲੋਕਾਂ ਨੂੰ ਸਲਾਮ ਕਰਦੇ ਹਾਂ ਕਿਉਂਕਿ ਦੇਸ਼ ਤੇ ਸਮਾਜ ਦੀ ਤਰੱਕੀ ਵਿਚ ਮਜ਼ਦੂਰ ਵਰਗ ਦਾ ਬਹੁਤ ਯੋਗਦਾਨ ਹੁੰਦਾ ਹੈ।

ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਨਗਰ ਨਿਗਮ ਫਾਈਨਾਂਸ ਕਮੇਟੀ ਦੇ ਚੇਅਰਮੈਨ ਬਲਵਿੰਦਰ ਬਿੰਦੀ, ਕੌਂਸਲਰ ਵਿਜੇ ਅਗਰਵਾਲ, ਪ੍ਰਦੀਪ ਬਿੱਟੂ, ਮੁਖੀ ਰਾਮ, ਬਾਬਾ ਗੁਰਦੇਵ ਸਿੰਘ, ਸਤਵੰਤ ਸਿੰਘ ਸਿਆਨ, ਰਾਜੇਸ਼ਵਰ ਦਿਆਲ ਬੱਬੀ, ਚੰਦਨ ਲੱਕੀ, ਸੋਮਨਾਥ, ਕੁਵਲੰਤ ਸਿੰਘ ਸੈਣੀ, ਸਫ਼ਾਈ ਕਰਮਚਾਰੀ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਕਰਨ ਜੋਤ ਆਦਿਆ ਵੀ ਮੌਜੂਦ ਸਨ।

## ''ਪਹਿਲੀ ਮਈ 'ਤੇ ਵਿਸ਼ੇਸ਼''

# ਮਈ ਦਿਵਸ 'ਤੇ ਕਿਰਤੀਆਂ ਲਈ ਵੰਗਾਰ !



ਰਾਜਿੰਦਰ ਕੌਰ ਚੋਹਕਾ
91-98725-44738
001-403-285-4208

ਅੱਜ ਤੋਂ 137-ਸਾਲ ਪਹਿਲਾਂ ਅਮਰੀਕਾ ਦੇ ਸਨਅੱਤੀ ਸ਼ਹਿਰ ''ਸ਼ਿਕਾਗੋ'' ਵਿਖੇ ਮਈ-1886 ਨੂੰ 8-ਘੰਟੇ ਦੀ ਡਿਊਟੀ ਨਿਸ਼ਚਿਤ ਕਰਵਾਉਣ ਲਈ ਕਿਰਤੀਆਂ ਵਲੋਂ ਮਿੱਲ ਮਾਲਕਾਂ ਵਿਰੁੱਧ ਲੜੇ ਸੰਘਰਸ਼ਾਂ ਦੌਰਾਨ ਜਾਬਰ ਹਾਕਮਾਂ ਹੱਥੋਂ ਸ਼ਹੀਦ ਹੋਏ ਮਜ਼ਦੂਰਾਂ ਅਤੇ ਉਨ੍ਹਾਂ ਦੇ ਆਗੂਆਂ ਦੀ ਯਾਦ ਵਿੱਚ ਹਰ ਵਰ੍ਹੇ, ਪਹਿਲੀ ਮਈ 'ਤੇ ਸੰਸਾਰ ਭਰ ਦੇ ਕਿਰਤੀਆਂ ਵਲੋਂ ਇਨਕਲਾਬੀ ਸ਼ਰਧਾਂਜਲੀਆਂ ਅਰਪੱਣ ਕਰਕੇ ਇਸ ਦਿਨ 'ਤੇ ਇਤਿਹਾਸਿਕ ਬਰਾਬਰਤਾ ਦੇ ਨਿਆ ਅਧੀਨ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਹੱਕਾਂ ਦੀ ਬਰਾਬਰਤਾ ਦੇ ਮਿਲਨ ਨੂੰ ਅਗੇ ਖੜਨ ਲਈ ਪਿਛਲੇ ਸੰਘਰਸ਼ਾਂ ਦਾ ਲੇਖਾ-ਜੋਖਾ, ਕਰਦੇ ਹੋਏ ਆਉਣ ਵਾਲੇ ਸਮੇਂ ਲਈ ਨਵੇਂ ਟਿੱਚੇ ਨਿਰਧਾਰਿਤ ਕਰਦੀ ਹੈ ਅਤੇ ਪੇਸ਼ ਚੁਣੌਤੀਆਂ ਦੇ ਮੁਕਾਬਲੇ ਲਈ ਤਿਆਰ ਕਰਦੀ ਹੈ। ਮਨੁੱਖ ਆਪਣੀ ਹੋਂਦ ਤੋਂ ਹੀ ਸਿਰਜੇ ਮਨੁੱਖੀ ਸਮਾਜ ਦੇ ਇਤਿਹਾਸ ਵਿੱਚ ਸੰਘਰਸ਼ਾਂ ਰਾਹੀਂ ਹੀ ਅੱਜ ਇੱਥੇ ਪੁੱਜਿਆ ਹੈ। ਸੰਘਰਸ਼ ਹੀ ਕਿਰਤੀ ਦੀ ਆਸਥਾ ਦਾ ਫਲ ਹੈ !

ਕਿਰਤੀ ਸ਼੍ਰੇਣੀ ਦੀ ਜੱਦੋ-ਜਹਿਦ ਦਾ ਇਕ ਬਹੁਤ ਹੀ ਲੰਬਾ ਅਤੇ ਪੁਰਾਣਾ ਇਤਿਹਾਸ ਹੈ। 1886 ਨੂੰ ਸ਼ਿਕਾਗੋ ਸ਼ਹਿਰ ਅੰਦਰ ਕਿਰਤੀਆਂ ਨੇ ਮਾਲਕਾਂ ਵਲੋਂ ਕੀਤੀ ਜਾਂਦੀ ਧੱਕੇਸ਼ਾਹੀ ਵਿਰੁੱਧ 8-ਘੰਟੇ ਡਿਊਟੀ, ਕੰਮ ਦੌਰਾਨ ਬਿਹਤਰ ਹਲਾਤਾ, ਹਫ਼ਤਾਵਾਰੀ ਛੁੱਟੀ, ਇਸਤਰੀ ਕਾਮਿਆ ਨੂੰ ਬਰਾਬਰ ਕੰਮ ਬਦਲੇ ਬਰਾਬਰ ਉਜਰਤਾ ਅਤੇ ਬਾਲ ਮਜ਼ਦੂਰੀ ਨੂੰ ਖਤਮ ਕਰਨ ਆਦਿ ਮੰਗਾਂ ਨੂੰ ਲੈਕੇ 'ਕੇਂਦਰੀ ਲੇਬਰ ਯੂਨੀਅਨ' ਦੀ ਅਗਵਾਈ ਵਿੱਚ ਸੰਘਰਸ਼ ਆਰੰਭਿਆ ਸੀ। ਕਿਰਤੀਆਂ ਵਲੋਂ ਇਹ ਅੰਦੋਲਨ ਆਪਣੀਆਂ ਮੰਗਾਂ ਲਈ ਹੀ ਸੀ, ਪਰ ! ਹਾਕਮ ਇਸ ਨੂੰ ਇਕ ਬਹੁਤ ਹੀ ਵੱਡੀ ਚੁਣੌਤੀ ਸਮਝਦੇ ਸਨ। ਪਹਿਲੀ ਮਈ 1886 ਨੂੰ ਪਹਿਲੀ ਆਮ ਹੜਤਾਲ ਹੋਈ ਕਿਉਂਕਿ ਉਸ ਸਮੇਂ ਸਨਅਤੀ ਕੇਂਦਰਾਂ ਵਿੱਚ ਮਜ਼ਦੂਰਾਂ ਪਾਸੋਂ 14 ਤੋਂ 16 ਘੰਟੇ ਕੰਮ ਲਿਆ ਜਾਂਦਾ ਸੀ ਇਸ ਲਈ ਮਜ਼ਦੂਰਾਂ ਨੇ ਕੰਮ ਦੇ ਘੰਟਿਆਂ ਨੂੰ ਘੱਟ ਕਰਵਾਉਣ ਲਈ 19-ਵੀਂ ਸਦੀ ਦੇ ਸ਼ੁਰੂ ਵਿੱਚ ਸੂਰਜ ਚੜ੍ਹਨ ਤੋਂ ਪਹਿਲਾਂ ਤੋਂ ਲੈ ਕੇ ਸੂਰਜ ਛਿਪਣ ਤੱਕ ਕੰਮ ਕਰਨ ਦੇ ਵਿਰੋਧ ਵਿੱਚ ਆਪਣੀਆਂ ਸ਼ਿਕਾਇਤਾਂ ਦਰਜ ਕਰਵਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। -1806 ਵਿੱਚ ਅਮਰੀਕਾ ਦੀ ਸਰਕਾਰ ਨੇ ''ਫਿਲਾਡੈਲਿਫੀਆ'' ਦੇ ਹੜਤਾਲੀ ਮੋਚੀਆਂ ਦੇ ਲੀਡਰਾਂ ਵਲੋ ਇਹੋ ਜਿਹੀ ਕੀਤੀ ਸ਼ਿਕਾਇਤ ਦੇ ਵਿਰੋਧ ਵਿਚ ਸਾਜਿਸ਼ ਅਧੀਨ ਮੁਕੱਦਮਾਂ ਦਰਜ ਕਰ ਲਿਆ ਗਿਆ ਸੀ ਅਤੇ ਇਨਾਂ ਮੁਕੱਦਮਿਆਂ ਦੁਰਾਂਨ ਪਈਆਂ ਪੇਸ਼ੀਆਂ ਤੋਂ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਸੱਚ ਮੁੱਚ ਹੀ ਮਜ਼ਦੂਰਾਂ ਪਾਸੋਂ 16 ਤੋਂ 18 ਘੰਟੇ ਕੰਮ ਲਿਆ ਜਾ ਰਿਹਾ ਹੈ। ਇਤਿਹਾਸ ਇਸ ਗੱਲ ਦੀ ਵੀ ਗਵਾਹੀ ਭਰਦਾ ਹੈ ਕਿ ''ਮੈਕੇਨਿਕਸ ਯੂਨੀਅਨ ਆਫ ਫਿਲਾਡੈਲਿਫੀਆ'' ਜੋ ਕਿ ਸਾਰੀ ਦੁਨੀਆਂ ਦੀ ਪਹਿਲੀ ਟਰੇਡ ਯੂਨੀਅਨ ਸੀ, ਨੇ 1827 ਵਿਚ ਇਕ ਫੈਕਟਰੀ ਵਿਚ ਲਗੇ ਮਜ਼ਦੂਰਾਂ ਲਈ 10 ਘੰਟੇ ਕੰਮ ਨੂੰ ਲੈ ਕੇ ਹੜਤਾਲ ਕਰਵਾਈ ਤੇ ਇਹੋ ਜਿਹੀ ਹੀ ਇਕ ਹੜਤਾਲ ਨਿਊਯਾਰਕ ਵਿੱਚ 1834 ਨੂੰ ''ਨਾਨਬਾਈਓ'' ਵਲੋਂ ਕੀਤੀ ਗਈ। ਇਸ ਹੜਤਾਲ ਦੇ ਦੌਰਾਨ ''ਨਾਨਬਾਈਓ'' ਦੇ ਕੰਮ ਦੇ ਘੰਟਿਆਂ ਤੇ ਟਿੱਪਣੀ ਕਰਦਿਆਂ ''ਵਰਕਿੰਗ ਸੈਨਸ ਐਡਵੋਕੇਟ ਅਖਬਾਰ'' ਨੇ ਲਿਖਿਆ ਸੀ ਕਿ, ''ਪਾਵਰੋਟੀ ਉਦਯੋਗ ਵਿਚ ਲਗੇ ਕਾਰੀਗਰ ਕਾਫੀ ਸਾਲਾਂ ਤੋਂ ਮਿਸਰ ਦੇ ਗੁਲਾਮਾਂ ਤੋਂ ਵੀ ਜ਼ਿਆਦਾ ਤਕਲੀਫਾ ਝੱਲ ਰਹੇ ਹਨ। ਉਨਾਂ ਨੂੰ 24 ਘੰਟਿਆਂ ਵਿਚੋਂ 18 ਤੋਂ 20 ਘੰਟਿਆਂ ਤੱਕ ਕੰਮ ਕਰਨਾ ਪੈਂਦਾ ਹੈ।'' ਇਨਾਂ ਇਲਾਕਿਆਂ ਵਿੱਚ 10 ਘੰਟੇ ਦੀ ਮੰਗ ਨੂੰ ਲੈ ਕੇ ਜਲਦੀ ਹੀ ਇਕ ਅੰਦੋਲਨ ਸ਼ੁਰੂ ਹੋ ਗਿਆ। 1827 ਤੋਂ ਬਾਅਦ ਇਹ ਅੰਦੋਲਨ ਸਾਰੇ ਪਾਸੇ ਸ਼ੁਰੂ ਹੋ ਗਏ ਅਤੇ ਸਰਕਾਰ ਨੂੰ ਸਰਕਾਰੀ ਕਰਮਚਾਰੀਆਂ ਦੀ 10 ਘੰਟੇ ਕੰਮ ਦੀ ਡਿਊਟੀ ਕਰਨ ਦਾ ਐਲਾਨ ਕਰਨਾ ਪਿਆ। ਇਸ ਫੈਸਲੇ ਦਾ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿੱਚ ਵੀ ਅਸਰ ਪਿਆ ਤੇ ਬਾਕੀ ਦੇ ਦੇਸ਼ਾਂ ਵਿੱਚ ਵੀ ਕੰਮ ਦੇ 10 ਘੰਟੇ ਕਰਨ ਦੇ ਅੰਦੋਲਨ ਸ਼ੁਰੂ ਹੋ ਗਏ। ਹੌਲੀ-ਹੌਲੀ ਇਸ ਅੰਦੋਲਨ ਨੇ ਉਥੇ ਵੀ ਪੈਰ ਪਸਾਰ ਲਏ ਜਿੱਥੇ ਪੂੰਜੀਵਾਦੀ ਵਿਵਸਥਾ ਵਿਚ ਕੰਮ ਕਰਦਿਆਂ ਮਜ਼ਦੂਰਾਂ ਦਾ ਸ਼ੋਸ਼ਣ ਹੋ ਰਿਹਾ ਸੀ।

21 ਅਪ੍ਰੈਲ 1856 ਨੂੰ ਆਸਟਰੀਆ ਦੇ ਇਕ ਕਾਰਖਾਨੇ ਵਿੱਚ ਮਜ਼ਦੂਰਾਂ ਨੇ ਇਹ ਨਾਅਰਾ ਦਿੱਤਾ ''ਅੱਠ ਘੰਟੇ ਕੰਮ ! ਅੱਠ ਘੰਟੇ ਮਨੋਰੰਜਨ !! ਅਤੇ ਅੱਠ ਘੰਟੇ ਅਰਾਮ !!!'' ਅਤੇ ਉਨਾਂ ਦੀ ਇਹ ਮੰਗ 1856 ਵਿੱਚ ਹੀ ਮੰਨ ਲਈ ਗਈ ਤੇ ਇਸ ਮੰਗ ਨੂੰ ਲੈ ਕੇ ਦੂਸਰੀ ਹੜਤਾਲ ਹਿੰਦੁਸਤਾਨ ਵਿੱਚ ''ਹਾਵੜਾ ਸਟੇਸ਼ਨ'' 'ਤੇ ਪਹਿਲੀ ਮਈ 1862 ਨੂੰ ਰੇਲ ਮਜ਼ਦੂਰਾਂ ਨੇ ਕੀਤੀ।

''ਪਹਿਲੀ ਇੰਟਰਨੈਸ਼ਨਲ ਦੀ ਜਨੇਵਾ ਕਾਨਫਰੰਸ'' ਨੇ 1866 ਵਿੱਚ ਇਕ ਮਤਾ ਪਾਸ ਕਰਕੇ ਮੰਗ ਕੀਤੀ ਕਿ ''ਕੰਮ ਕਰਨ ਦੇ ਦਿਨ ਦੀ ਕਾਨੂੰਨੀ ਹੱਦ ਮਿਥਣਾ ਇਕ ਮੁੱਢਲੀ ਸ਼ਰਤ ਹੈ। ਜਿਸ ਤੋਂ ਬਿਨਾਂ ਮਜ਼ਦੂਰ ਜਮਾਤ ਦੀ ਹਾਲਤ ਵਿੱਚ ਸੁਧਾਰ ਅਤੇ ਉਸ ਦੀ ਮੁਕਤੀ ਲਈ ਦੂਸਰੀਆਂ ਸਾਰੀਆਂ ਕੋਸ਼ਿਸ਼ਾਂ ਵਿਅਰਥ ਹਨ।'' ਪੂਰੇ 20 ਸਾਲਾਂ ਬਾਅਦ ਸ਼ਿਕਾਗੋ ਸ਼ਹਿਰ ਵਿੱਚ ਮਿਲਾਂ ਵਿੱਚ ਕੰਮ ਕਰਦੇ ਮਜ਼ਦੂਰਾਂ ਨੇ ਜਦੋਂ 8 ਘੰਟੇ ਦੀ ਮੰਗ ਨੂੰ ਲੈ ਕੇ ਸ਼ਾਂਤਮਈ ਹੜਤਾਲ ਕੀਤੀ ਤਾਂ ਪੂੰਜੀਵਾਦੀ ਮਾਲਕ ਪੱਖੀ ਸਰਕਾਰ ਨੇ 3 ਮਈ-1886 ਨੂੰ ਮਜ਼ਦੂਰਾਂ ਤੇ ਗੋਲੀ ਚਲਾ ਕੇ ਸੱਤ ਮਜ਼ਦੂਰਾਂ ਨੂੰ ਸ਼ਹੀਦ ਕਰ ਦਿੱਤਾ ਤੇ ਕਈਆਂ ਨੂੰ ਜ਼ਖਮੀ ਕਰ ਦਿੱਤਾ। ਇਸ ਖੂੰਨੀ ਕਾਂਡ ਵਿੱਚ ਮਜ਼ਦੂਰਾਂ ਦੇ 8 ਹਰਮਨ ਪਿਆਰੇ ਨੇਤਾ ''ਅਲਬਰਟ ਪਾਰਸਨ, ਆਗਸਤ ਸਪਾਈਸ, ਸੈਮੂਏਲ ਫੀਲਡਨ, ਮਾਈਕਲ ਸ਼ਾਅਬ, ਅਡਾਲਫ ਫਿਸ਼ਰ, ਜਾਰਜ ਐਂਗਲ, ਲੂਈ ਲਿੰਗ ਤੇ ਆਸਕਰ ਨੀਬ'' ਤੇ ਮੁਕਦਮਾ ਦਰਜ ਕਰਕੇ ਫੜ ਲਿਆ ਗਿਆ। ਪਰ ਪੁਲਿਸ ਪਾਰਸਨ ਨੂੰ ਨਾ ਫੜ ਸਕੀ। ਪਰੰਤੂ ਜਦੋਂ ਪਾਰਸਨ ਨੂੰ ਪਤਾ ਚੱਲਿਆ ਕਿ ਪੁਲੀਸ ਨੇ ਉਸ ਦੇ ਸਾਥੀਆਂ ਨੂੰ ਦੋਸ਼ੀ ਕਰਾਰ ਦੇ ਕੇ ਫੜ ਲਿਆ ਹੈ ਤਾਂ ! ਉਸ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਗ੍ਰਿਫਤਾਰੀ ਦਿੱਤੀ। ਇਨਾਂ ਵਿਚੋਂ ਪਹਿਲੇ ਸੱਤਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਤੇ ਆਸਕਰ ਨੀਬ ਨੂੰ 15 ਸਾਲ ਕੈਦ ਦੀ ਸਜ਼ਾ ਹੋਈ, ਜਦੋਂ ਕਿ ਮੌਤ ਦੀ ਸਜ਼ਾ ਵਾਲੇ ਨੇਤਾਵਾਂ ਵਿੱਚ ਕੇਵਲ ਦੋ ਹੀ ਸ਼ਿਕਾਗੋ ਦੀ ਰੈਲੀ ਵਿੱਚ ਸ਼ਾਮਿਲ ਸਨ। ਕਾਨੂੰਨੀ ਲੜਾਈ ਵਿੱਚ ਕੇਵਲ ਫੀਲਡਨ ਤੇ ਮਾਈਕਲ ਸ਼ਾਅਬ ਨੂੰ ਹੀ ਮੌਤ ਦੀ ਸਜ਼ਾ ਉਮਰ ਕੈਦ ਵਿੱਚ ਬਦਲੀ। ਲੂਈ ਲਿੰਗ ਜੇਲ ਵਿੱਚ ਮਰ ਗਿਆ ਬਾਕੀ ਪੰਜਾਂ ਨੂੰ 11-ਨਵੰਬਰ 1887 ਨੂੰ ਫਾਂਸੀ ਦੇ ਦਿੱਤੀ ਗਈ। ਇਨਾਂ ਨੂੰ ਸ਼ਿਕਾਗੋ ਸ਼ਹਿਰ ਦੇ ''ਵਾਲ ਧਾਈਮ ਕਬਰਸਿਤਾਨ'' ਵਿੱਚ ਦਫਨਾਇਆ ਗਿਆ। ਇਨਾਂ ਨੇਤਾਵਾਂ ਦੀ ਅੰਤਿਮ ਯਾਤਰਾ ਵਿੱਚ 25 ਹਜ਼ਾਰ ਤੋਂ ਵੱਧ ਮਜ਼ਦੂਰਾਂ ਨੇ ਹਿੱਸਾ ਲਿਆ। 1886 ਦੇ ਸ਼ਿਕਾਗੋ ਕਾਂਡ ਦੌਰਾਨ ਮਜ਼ਦੂਰਾਂ ਦੇ ਆਗੂਆਂ ਨੂੰ ਜਦੋਂ ਫਾਹੇ ਲਾਇਆ ਜਾ ਰਿਹਾ ਸੀ ਤਾਂ ਉਸ ਸਮੇਂ ਹਿੰਮਤੀ ਤੇ ਗੌਰਵ ਮਈ ਇਸ ਸ਼ਹਾਦਤ ਦਾ ਸਬੂਤ ਦਿੰਦੇ ਹੋਏ ਇਨਾਂ ਸ਼ਹੀਦਾਂ ਵਿਚੋਂ ਇਕ ਸ਼ਹੀਦ ਸਪਾਈਸ ਦੇ ਅੰਤਮ ਸ਼ਬਦ ਸਨ, ''ਕਿ ਇਕ ਸਮਾਂ ਆਵੇਗਾ, ਜਦੋਂ ਸਾਡੀ ਚੁੱਪ ਸਾਡੇ ਸ਼ਬਦਾਂ ਨਾਲੋਂ ਜ਼ਿਆਦਾ ਬੋਲੇਗੀ ! '' ਉਨਾਂ ਅਮਰ ਸ਼ਹੀਦਾਂ ਦੀਆਂ ਵੱਡਮੁੱਲੀਆਂ ਕੁਰਬਾਨੀਆਂ ਸਦਕਾ ਹੀ ਅੱਜ ਅਸੀਂ 8 ਘੰਟੇ ਕੰਮ ਕਰਨ ਦਾ ਹੱਕ, ਹਫਤੇ ਬਾਅਦ ਛੁੱਟੀ ਤੇ ਹੋਰ ਸਹੂਲਤਾਂ ਮਾਣ ਰਹੇ ਹਾਂ। ਪਰ -5 ਬੇਕਸੂਰ ਆਗੂ ਫਾਂਸੀ 'ਤੇ ਚਾੜ ਦਿੱਤੇ ਗਏ ਕਿਉਂਕਿ ''ਉਹ ਮੰਗ ਕਰਦੇ ਸਨ ਕਿ ਇਨਸਾਨਾਂ ਨਾਲ ਇਨਸਾਨਾਂ ਵਾਲਾ ਵਰਤਾਅ ਕੀਤਾ ਜਾਵੇ, ਭੁੱਖਿਆਂ ਲਈ ਰੋਟੀ ਬੇਕਾਰਾਂ ਲਈ ਰੁਜ਼ਗਾਰ, ਇਸਤਰੀਆਂ ਤੇ ਜ਼ੁਲਮ ਬੰਦ ਕਰਾਉਣ, ਬਰਾਬਰ ਕੰਮ ਲਈ ਬਰਾਬਰ ਦੀ ਦਿਹਾੜੀ ਅਤੇ ਬਾਲ ਮਜ਼ਦੂਰੀ ਖਤਮ ਕੀਤੀ ਜਾਵੇ।'' ਇਹ ਮਨੁੱਖੀ ਸਮਾਜ ਲੁੱਟੇਰਿਆਂ ਅਤੇ ਲੁੱਟੇ ਜਾਣ ਵਾਲੇ ਵਰਗਾਂ ਦੇ ਵਿਚਕਾਰ ਵਰਗ-ਸੰਘਰਸ਼ ਦੀ ਗਾਥਾ ਹੈ ! ਇਸ ਵਿੱਚ ਸਮਾਜਿਕ ਤਬਦੀਲੀ ਵੀ ਲਾਜ਼ਮੀ ਹੈ। 1917 ਦੇ ਮਹਾਨ ਸਮਾਜਵਾਦੀ ਅਕਤੂਬਰ ਇਨਕਲਾਬ ਦੇ ਬਾਦ, ਦੁਨੀਆਂ ਅੰਦਰ ਕਿਰਤੀ ਜਮਾਤ ਨੇ ਲੁੱਟ-ਖਸੁੱਟ ਖਤੱਮ ਕਰਨ, ਕੰਮ ਦੀਆਂ ਬੇਹਤਰ ਸੇਵਾ ਸ਼ਰਤਾਂ ਲਈ ਆਰਥਿਕ ਅਜ਼ਾਦੀ ਅਤੇ ਗੁਲਾਮ ਦੇਸ਼ਾਂ ਅੰਦਰ ਚਲੇ ਮੁਕਤੀ ਅੰਦੋਲਨਾਂ ਨੂੰ ਬਹੁਤ ਬੱਲ ਮਿਲਿਆ ਅਤੇ ਇਤਿਹਾਸਿਕ ਪ੍ਰਾਪਤੀਆਂ ਵੀ ਹੋਈਆਂ। ਅੱਜ ਦੁਨੀਆਂ ਭਰ ਵਿਚ ਜੋ ਮਾੜੀਆਂ ਮੋਟੀਆਂ ਆਰਥਿਕ ਪ੍ਰਾਪਤੀਆਂ ਹੋਈਆਂ ਹਨ, ਕਿਰਤੀ ਸ਼੍ਰੇਣੀ ਨੂੰ ਜੇਕਰ ਕੋਈ ਸਹੂਲਤ ਪ੍ਰਾਪਤ ਹੋਈ ਹੈ ਇਹ ਸਮਾਜਿਕ ਪ੍ਰੀਵਰਤਨ ਦੇ ਦਬਾਓ ਦਾ ਹੀ ਸਿੱਟਾ ਹੈ !




'ਪਹਿਲੀ ਮਈ ਦਿਵਸ' ਕੋਈ ਰਵਾਇਤੀ ਦਿਹਾੜਾ ਨਹੀ ਹੈ ! ਇਹ ਸੰਘਰਸ਼ਾਂ ਦੀ ਗਾਥਾ ਹੈ, ਜੋ ਲੁੱਟੇ ਜਾਣ ਵਾਲਿਆਂ ਨੂੰ ਜਾਗਰੂਕ ਕਰਕੇ ਸੁਚੇਤ ਕਰਦਾ ਹੈ, ਸਹਾਰਾ ਦਿੰਦਾ ਹੈ ਅਤੇ ਹੱਕਾਂ ਲਈ ਜੂਝਣ ਵਾਸਤੇ ਅਥਾਹ ਬੱਲ ਬਖਸ਼ਦਾ ਹੈ। ਮਈ ਦਿਵਸ ਦੀ ਸਾਰਥਿਕਤਾ ਅੱਜ ਵੀ ਪੂੰਜੀਵਾਦੀਆ ਲਈ ਇਕ ਹਊਆ ਹੈ। ਮਈ ਦਿਵਸ ਦੀ ਧਾਰਨਾ ਹੈ ਕਿ ਜਿੱਤ ਕਦੀ ਆਪਣੇ ਆਪ ਨਹੀ ਪ੍ਰਾਪਤ ਹੁੰਦੀ, ਇਸ ਲਈ ਜਥੇਬੰਦ ਹੋ ਕੇ ਸੰਘਰਸ਼ ਸ਼ੀਲ ਹੋਣਾ ਪੈਂਦਾ ਹੈ ਤੇ ਕੁਰਬਾਨੀ ਕਰਨੀ ਪੈਂਦੀ ਹੈ। ਪਹਿਲੀ ਮਈ ਸਾਡੇ ਲਈ ਇਕ ਚਾਨਣ ਮੁਨਾਰਾ ਹੈ ਅਤੇ ਦੁਨੀਆਂ ਭਰ ਦੇ ਕਿਰਤੀਆਂ ਨੂੰ ਇਕ ਮੁੱਠ ਹੋਣ ਦਾ ਸੱਦਾ ਦਿੰਦਾ ਹੈ।

ਮਈ ਦਿਵਸ ਤੋਂ ਪ੍ਰੇਰਿਤ ਹੋ ਕੇ ਭਾਰਤ ਅੰਦਰ ਕਿਰਤੀਆਂ ਨੇ 1917 ਦੇ ਰੂਸੀ ਇਨਕਲਾਬ ਤੋਂ ਉਤਸ਼ਾਹਤ ਹੋ ਕੇ ਦੇਸ਼ ਅੰਦਰ ਚੱਲ ਰਹੀਆਂ ਮੁੱਕਤੀ ਲਹਿਰਾਂ ਵਿਚ ਆਪਣੀਆਂ ਆਰਥਿਕ ਮੰਗਾਂ ਦੇ ਨਾਲ ਕੌਮੀ ਅਜ਼ਾਦੀ ਲਈ ਵੀ ਪੂਰੀ ਸ਼ਿਦਤ ਨਾਲ ਬਣਦਾ ਯੋਗਦਾਨ ਪਾਇਆ ਸੀ। ਜਿਸ ਦਾ ਸਦਕਾ ਹੀ ਦੇਸ਼ ਬਰਤਾਨਵੀ ਸਾਮਰਾਜ ਤੋਂ ਅਜ਼ਾਦ ਹੋਇਆ ਸੀ। 1757 ਦੀ ''ਪਲਾਸੀ ਦੀ ਲੜਾਈ'' ਦੀ ਜਿੱਤ ਦੇ ਬਾਦ ਈਸਟ-ਇੰਡੀਆਂ ਕੰਪਨੀ ਦਾ ਭਾਰਤ 'ਤੇ ਗਲਬੇ ਦੇ ਅਰੰਭ ਹੋਣ ਦੇ ਨਾਲ ਹੀ ਈਸਟ ਇੰਡੀਆਂ ਕੰਪਨੀ ਨੇ ਬੰਗਾਲ ਅਤੇ ਦੱਖਣੀ ਭਾਰਤ ਵਿਚ ਆਪਣੀ ਪੂੰਜੀ ਦਾ ਨਿਵੇਸ਼ ਸ਼ੁਰੂ ਕੀਤਾ। ਕੱਚਾ ਮਾਲ ਖਰੀਦ ਕੇ ਭਾਰਤੀ ਉਪਜ ਅਤੇ ਅਜ਼ਾਰੇਦਾਰੀ ਦੇ ਸ਼ੁਰੂ ਹੋ ਜਾਣ ਨੇ ਉਦਯੋਗਿਕ ਪੂੰਜੀਵਾਦ ਨੂੰ ਜਨਮ ਦਿੱਤਾ। ਜਿਸ ਨਾਲ ਭਾਰਤੀ ਰਵਾਇਤੀ ਦਸਤਕਾਰੀ ਦੇ ਟੁਟ-ਭੱਜ ਹੋਣ ਕਾਰਨ ਦਸਤਕਾਰ ਤੇ ਕਿਰਤੀ ਵਿਹਲੇ ਹੋ ਗਏ ਅਤੇ ਦੇਸ਼ ਅੰਦਰ ਕਿਰਤੀ ਜਮਾਤ ਹੋਂਦ ਵਿਚ ਆਈ। 1850 ਤੱਕ ਭਾਰਤੀ ਰੇਲਾਂ, ਚਾਹ ਦੇ ਬਾਗ, ਕੋਇਲਾ ਖਾਨਾਂ, ਪੱਟਸਨ, ਸਮੁੰਦਰੀ ਜਹਾਜ਼-ਰਾਨੀ ਆਦਿ ਖੇਤਰਾਂ ਵਿਚ ਕਿਰਤੀ ਵਰਗ ਦਾ ਵੀ ਅਰੰਭ ਹੋ ਗਿਆ। 1857 ਦੀ ਪਹਿਲੀ ਜੰਗੇ ਅਜ਼ਾਦੀ ਦੇ ਫੇਲ ਹੋ ਜਾਣ ਬਾਦ ਜਿਥੇ ਦੇਸ਼ ਅੰਦਰ ਇਕ ਪਾਸੇ ਸਿਵਲ ਬਗਾਵਤਾਂ, ਕਬੀਲਾ, ਜਾਗਰਿਤੀ, ਕਿਸਾਨ ਅੰਦੋਲਨ ਸ਼ੁਰੂ ਹੋ ਗਏ ਤਾਂ ਉਸ ਵੇਲੇ ਕਿਰਤੀ ਜਮਾਤ ਅਜੇ ਅੱਖਾਂ ਹੀ ਪੁੱਟ ਰਹੀ ਸੀ। ਇਸ ਦੇ ਨਾਲ ਹੀ ਭਾਰਤ ਸਿੱਧਾ ਬਰਤਾਨਵੀ ਰਾਜ ਅਧੀਨ ਲਿਆਂਦਾ ਗਿਆ। ਦਲਾਲ ਬਰਤਾਨਵੀ ਸਰਮਾਏਦਾਰੀ ਦੇ ਮੰਡੀ ਵਿਚ ਆਉਣ ਦੇ ਨਾਲ ਭਾਰਤੀ ਸਾਮੰਤਵਾਦੀ ਢਾਚੇਂ ਵਿਚ ਵਣਜ-ਮੰਡੀ, ਸਨਅਤ ਅਤੇ ਪੂੰਜੀ ਦਾ ਵਿਕਾਸ ਵੀ ਸ਼ੁਰੂ ਹੋਇਆ। ਭਾਰਤੀ ਕਿਰਤੀਆਂ ਨੂੰ ਕੰਮ ਮਿਲਿਆ ਅਤੇ ਉਨ੍ਹਾਂ ਦੀ ਗਿਣਤੀ ਵਿਚ ਵੀ ਵਾਧਾ ਹੋਇਆ। ਨਾਲ ਹੀ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਨਵੀਆਂ-ਨਵੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ।

ਜਿੱਥੋਂ ਤੱਕ ਸੰਘਰਸ਼ਾਂ ਦਾ ਸਵਾਲ ਹੈ 1827 ਵਿਚ ਪਹਿਲੀ ਵਾਰ ''ਕਲੱਕਤਾ'' ਵਿਚ ''ਕੁਹਾਰਾਂ'' ਨੇ ਆਪਣੀ ਉਜਰਤ ਦੇ ਵਾਧੇ ਲਈ ਹੜਤਾਲ ਕੀਤੀ। ਇਸੇ ਤਰ੍ਹਾਂ 1862 ਨੂੰ ''ਹਾਵੜਾ ਵਿਖੇ ਰੇਲ ਕਾਮਿਆਂ'' ਨੇ ਆਪਣੀਆਂ ਉਜਰਤਾਂ ਦੇ ਵਾਧੇ ਲਈ ਇਕ ਲੰਬੀ ਹੜਤਾਲ ਕੀਤੀ। 1853-70 ਤਕ ਦੇਸ਼ ਅੰਦਰ 25 ਤੋਂ ਵੱਧ ਹੜਤਾਲਾਂ ਨੋਟ ਕੀਤੀਆਂ ਗਈਆਂ। ਭਾਰਤ ਵਿਚ 1886 ਤੋਂ ਪਹਿਲਾਂ ਕਈ ਥਾਵਾਂ ਤੇ ਕਿਰਤੀਆਂ ਨੇ ਆਪਣੀਆਂ ਉਜਰਤਾਂ ਅਤੇ ਹੋਰ ਸਹੂਲਤਾਂ ਲਈ ਕਈ ਸੰਘਰਸ਼ ਲੜੇ ? ਇਨ੍ਹਾਂ ਹੜਤਾਲਾਂ ਅਤੇ ਸੰਘਰਸ਼ਾਂ ਨੇ ਹੀ ਟਰੇਡ ਯੂਨੀਅਨਾਂ ਨੂੰ ਜਨਮ ਦਿਤਾ। 1860 ਵਿਚ ਬੰਬਈ ਵਿਖੇ ਮਾਲਕ ਅਤੇ ਮਜ਼ਦੂਰ ਝਗੜਾ ਐਕਟ ਬਣਿਆ ਅਤੇ 1870 ਵਿੱਚ ''ਸਾਸੀਪਾਦਾ ਬੈਨਰਜੀ'' ਦੀ ਅਗਵਾਈ ਵਿਚ ਕਲੱਕਤਾ ਵਿਖੇ ''ਵਰਕਿੰਗ ਮੈਨ ਕਲਬ'' ਹੋਂਦ ਵਿੱਚ ਆਈ।ਅਜ਼ਾਦੀ ਤੋਂ ਪਹਿਲਾਂ ਦੇਸ਼ ਅੰਦਰ ਇਕ ਸ਼ਕਤੀਸ਼ਾਲੀ ਟਰੇਡ ਯੂਨੀਅਨ ਲਹਿਰ ਵੀ ਸਾਹਮਣੇ ਆਈ ਅਤੇ ਅਹਿਮ ਪ੍ਰਾਪਤੀਆਂ ਵੀ ਹੋਈਆਂ। ਪੈਨਸ਼ਨਾਂ, ਪੈਨਸ਼ਨਰੀ ਲਾਭ, ਛੁੱਟੀਆਂ, ਬਿਹਤਰ ਸੇਵਾ ਨਿਯਮ ਅਤੇ ਕਈ ਕਿਰਤ ਕਾਨੂੰਨਾਂ ਦਾ ਹੋਂਦ ਵਿੱਚ ਆਉਣਾ ਕਿਰਤੀ ਸ਼੍ਰੇਣੀ ਵਲੋਂ ਲੜੇ ਲੰਬੇ ਸੰਘਰਸ਼ਾਂ ਦਾ ਹੀ ਸਿੱਟਾ ਸੀ। ਅਜ਼ਾਦੀ ਬਾਦ ਦੇਸ਼ ਅੰਦਰ ਵਿਕਾਸ ਪਖੋਂ ਬਹੁਤ ਸਾਰੇ ਅਦਾਰੇ ਜਨਤਕ ਖੇਤਰ ਵਿਚ ਹੋਂਦ ਵਿਚ ਆਏ।

ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਵੱਖ-ਵੱਖ ਵਿਭਾਗਾਂ ਦੀ ਸਿਰਜਨਾ ਹੋਣ ਕਰਕੇ ਲਖਾਂ ਪੜੇ ਲਿਖੇ ਦੇਸ਼ ਵਾਸੀਆਂ ਨੂੰ ਰੁਜ਼ਗਾਰ ਮਿਲਿਆ ਅਤੇ ਸਰਕਾਰੀ ਅਦਾਰਿਆਂ ਵਿਚ ਕੰਮ ਕਰਨ ਵਾਲੇ ਮੁਲਾਜ਼ਮਾਂ ਦੀ ਇਕ ਤਕੜੀ ਅਤੇ ਸ਼ਕਤੀਸ਼ਾਲੀ ਜਥੇਬੰਦੀ ਵੀ ਹੋਂਦ ਵਿਚ ਆਈ।

ਮੁਲਾਜਮ ਵਰਗ ਨੇ ਮਹਿੰਗਾਈ ਕਾਰਨ ਡੀ।ਏ। ਦੇਣ, ਤਨਖਾਹਾ ਸੋਧਣ, ਤਰੱਕੀਆਂ, ਟਰੇਡ ਯੂਨੀਅਨ ਅਤੇ ਜਮਹੂਰੀ ਹੱਕਾਂ ਦੀ ਬਹਾਲੀ ਲਈ, ਸੈਂਕੜੇ ਦੇਸ਼ ਵਿਆਪੀ ਹੜਤਾਲਾਂ ਕੀਤੀਆਂ ਅਤੇ ਜਿਤਾਂ ਵੀ ਪ੍ਰਾਪਤ ਕੀਤੀਆਂ। 1990 ਵਿਚ ਸੋਵੀਅਤ ਯੂਨੀਅਨ ਦੇ ਢੈਹ-ਢੇਰੀ ਹੋਣ ਦੇ ਨਾਲ ਸਮਾਜਵਾਦੀ ਉਚਮਤਾ ਨੂੰ ਠੇਸ ਪੁੱਜੀ ਅਤੇ ਸਮਾਜਵਾਦੀ ਅਰਥ-ਚਾਰੇ ਦੀ ਚੜ੍ਹਤ ਕਾਰਨ ਜੋ ਸਹੂਲਤਾਂ ਪੂੰਜੀਵਾਦੀ ਤਰਜ ਦੀਆਂ ਸਰਕਾਰਾਂ ਨੂੰ ਮਜਬੂਰੀ ਵਸ ਦੇਣੀਆਂ ਪੈਂਦੀਆਂ ਸਨ, ਉਨ੍ਹਾਂ ਤੋਂ ਪਾਸਾ ਵੱਟ ਲਿਆ ਗਿਆ। ਸਾਮਰਾਜੀ ਅਮਰੀਕਾ ਨੇ ਹੁਣ ਆਪਣੀ ਲੁੱਟ ਨੂੰ ਹੋਰ ਤੇਜ਼ ਕਰਨ ਲਈ ਅਤੇ ਆਪਣਾ ਆਰਥਿਕ ਸੰਕਟ ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਦੀਆਂ ਪੂੰਜੀਵਾਦੀ ਰਾਹ 'ਤੇ ਚਲ ਰਹੀਆਂ ਪੂੰਜੀਵਾਦੀ ਕਾਰਪੋਰੇਟੀ ਹਾਕਮ ਜਮਾਤਾਂ ਦੀਆ ਸਰਕਾਰਾਂ 'ਤੇ ਲੱਦਣ ਲਈ ਆਰਥਿਕ ਸਹਾਇਤਾ ਦੇ ਨਾਂ ਹੇਠਾਂ ਅਜਿਹੇ ਸਮਝੌਤੇ ਲਾਗੂ ਕਰਾਉਂਦਾ ਹੈ, ਜਿਸ ਨਾਲ ਉਥੋਂ ਦੀ ਜਨਤਾ ਨੂੰ ਢੇਰ ਸਾਰੀਆਂ ਮਜਬੂਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਭਾਰਤ ਜੋ ਪੂੰਜੀਵਾਦੀ ਕਾਰਪੋਰੇਟੀ ਨੀਤਆਂ ਵਾਲੇ ਵਿਕਾਸ ਦੇ ਰਾਹ 'ਤੇ ਚੱਲ ਰਿਹਾ ਹੈ ਅਤੇ ਅਤਿ ਡੂੰਘੇ ਆਰਥਿਕ ਸੰਕਟ ਦਾ ਸ਼ਿਕਾਰ ਹੈ। ਹਾਕਮ ਜਮਾਤਾਂ ਦੀਆਂ ਰਾਜ ਕਰ ਰਹੀਆਂ ਪਾਰਟੀਆਂ ਵਲੋਂ ਲਿਆਂਦੀਆਂ ਜਾ ਰਹੀਆਂ ਨਵ-ਉਦਾਰੀਕਰਨ ਵਾਲੀਆਂ ਨੀਤੀਆਂ ਜਿਨਾਂ ਨੂੰ ਪਹਿਲਾਂ ਯੂਪੀਏ ਕਾਂਗਰਸ ਸਰਕਾਰ ਨੇ ਲਾਗੂ ਕੀਤਾ ਸੀ, ਨੂੰ ਹੁਣ ਬੀਜੇਪੀ ਜੋ ਆਰਐਸਐਸ ਦੀ ਅਗਵਾਈ ਵਿੱਚ ਮੋਦੀ ਦੀ ਸਰਕਾਰ ਜਾਰੀ ਰਖ ਰਹੀ ਹੈ, ਬੇਰੁਜ਼ਗਾਰੀ ਕਾਰਨ ਕਰੋੜਾਂ ਨੌਜਵਾਨ ਸੜਕਾਂ 'ਤੇ ਰੁੱਲ ਰਹੇ ਹਨ। ਨੰਗ-ਭੁੱਖ, ਮਹਿੰਗਾਈ ਅਤੇ ਬੇ-ਵਸੀ ਕਾਰਨ ਲੋਕਾਂ ਦੀਆਂ ਦੁਸ਼ਵਾਰੀਆਂ 'ਚ ਬੇਵਹਾ ਵਾਧਾ ਹੋਇਆ ਹੈ। ਗਰੀਬੀ ਅਤੇ ਅਮੀਰੀ ਵਿਚ ਪਾੜਾ ਵਧਦਾ ਜਾ ਰਿਹਾ ਹੈ। ਖੇਤੀ ਅਤੇ ਸਨਅਤੀ ਸੰਕਟ ਕਾਰਨ ਅੱਜ ਦੇਸ਼ ਤਬਾਹੀ ਦੇ ਕਿਨਾਰੇ ਖੜਾ ਹੈ।

ਹਾਕਮ ਸੰਕਟ ਨੂੰ ਆਰਜੀ ਦੱਸ ਕੇ ਦੇਸ਼ ਵਾਸੀਆਂ ਨੂੰ ਗੁਮਰਾਹ ਕਰ ਰਹੇ ਹਨ। ਇਸ ਸੰਕਟ ਦਾ ਹੱਲ ਵਿਦੇਸ਼ੀ ਨਿਵੇਸ਼ ਅਤੇ ਨਿਜੀਕਰਨ ਰਾਂਹੀ ਲੱਭਿਆ ਜਾ ਰਿਹਾ ਹੈ, ਜਿਸ ਕਾਰਨ ਸਰਕਾਰੀ ਅਦਾਰੇ ਕੌਡੀਆਂ ਦੇ ਭਾਅ ਵੇਚੇ ਜਾ ਰਹੇ ਹਨ। ਲੋਕਾਂ ਵਲੋਂ ਕੀਤੇ ਅਥਾਹ ਸੰਘਰਸ਼ਾਂ ਅਤੇ ਕੁਰਬਾਨੀਆਂ ਰਾਂਹੀ ਪ੍ਰਾਪਤ ਕੀਤੀਆਂ ਸਹੂਲਤਾਂ, ਸਿਖਿਆ, ਸਿਹਤ ਸੇਵਾਵਾਂ, ਪੀਣ ਵਾਲਾ ਪਾਣੀ ਅਤੇ ਹੋਰ ਸਮਾਜ ਭਲਾਈ ਅਦਾਰਿਆਂ ਦਾ ਨਿ-ਜੀਕਰਨ ਕਰਕੇ ਹਾਕਮਾਂ ਨੇ ਵਿਧਾਨਕ ਅਤੇ ਨੈਤਿਕ ਜ਼ਿੰਮੇਵਾਰੀ ਤੋਂ ਪੱਲਾ ਝਾੜ ਲਿਆ ਹੈ।

ਕਿਰਤ ਕਾਨੂੰਨਾਂ ਅਤੇ ਸੇਵਾ ਨਿਯਮਾਂ ਨੂੰ ਮਾਲਕਾਂ ਪੱਖੀ ਬਣਾਇਆ ਜਾ ਰਿਹਾ ਹੈ। ਵਿਭਾਗਾਂ ਦੀ ਅਕਾਰ ਘਟਾਈ, ਕਿਰਤੀਆਂ ਦੀ ਖੂਨ ਪਸੀਨੇ ਦੀ ਮਿਹਨਤ ਦੇ ਬਚਤ 'ਤੇ ਵਿਆਜ ਦਰ ਘਟਾਈ ਜਾ ਰਹੀ ਹੈ। ਨਵੀਂ ਭਰਤੀ ਬੰਦ ਕਰਨੀ, ਪੈਨਸ਼ਨਰੀ ਲਾਭ ਬੰਦ ਕਰਨੇ ਅਤੇ ਪੈਨਸ਼ਨ ਨੂੰ ਕੰਟਰੀਬਿਊਟਰੀ ਕਰਨਾ ਤੇ ਇਸ ਦਾ ਵੀ ਨਿੱਜੀਕਰਨ ਕਰਨਾ ਸਰਕਾਰੀ ਅਦਾ-ਰਿਆਂ ਦਾ ਨਿੱਜੀਕਰਨ ਕਰਕੇ ਠੇਕੇਦਾਰੀ ਪ੍ਰਥਾ ਰਾਹੀ ਲੁੱਟ-ਖਸੁੱਟ ਲਈ ਰਾਹ ਖੋਲ੍ਹ ਦਿੱਤੇ ਗਏ ਹਨ। ਗੈਰ ਸੰਗਠਨ ਖੇਤਰ ਦੇ ਕਰੋੜਾਂ ਕਿਰਤੀਆਂ ਦੀ ਹਕੀਕੀ ਸਮਾਜਿਕ ਸੁਰੱਖਿਆ ਕਾਨੂੰਨ ਨਾ ਬਣਾਉਣੇ ਆਦਿ ਅਜਿਹੀਆਂ ਨੀਤੀਆਂ ਜਾਰੀ ਰੱਖ ਕੇ ਕਿਰਤੀ ਸ਼੍ਰੇਣੀ ਅਤੇ ਮੁਲਾਜ਼ਮ ਵਰਗ ਵਿਰੋਧੀ ਨੀਤੀਆਂ ਚਿੱਟੇ ਰੰਗ-ਰੂਪ ਵਿੱਚ ਅੱਜ ਵੀ ਜਾਰੀ ਹਨ।

ਦੇਸ਼ ਅੰਦਰ ਕਿਰਤੀਆਂ ਦੀ ਏਕਤਾ ਨੂੰ ਤਾਰ-ਤਾਰ ਕਰਨ ਵਾਲੀਆ ਫਿਰਕਾ ਪ੍ਰਸਤ ਸ਼ਕਤੀਆਂ ਥਾਂ-ਥਾਂ ਸਿਰ ਚੁੱਕ ਰਹੀਆਂ ਹਨ। ਅਜਿਹੀ ਸਥਿਤੀ ਵਿਚ ਸੰਸਾਰੀਕਰਨ ਦੀ ਦਖਲ-ਅੰਦਾਜੀ ਜਦੋਂ ਦੇਸ਼ ਅੰਦਰ ਧੁਰ ਤਕ ਘਰ ਕਰ ਗਈ ਹੋਵੇ ਤਾਂ ਇਸ ਦੇ ਟਾਕਰੇ ਲਈ ਸਮੁੱਚੀ ਕਿਰਤੀ ਜਮਾਤ ਅਤੇ ਮੁਲਾਜ਼ਮ ਵਰਗ ਦੀ ਜ਼ਿੰਮੇਵਾਰੀ ਹੋਰ ਵੀ ਵੱਧ ਗਈ ਹੈ। ਕਿਰਤੀਆਂ ਨੂੰ ਇਕਮੁੱਠ ਕਰਨਾ ਅਤੇ ਜਮਹੂਰੀ ਲਹਿਰਾਂ ਦੇ ਅਧੀਨ ਅਜ਼ਾਦਰਾਨਾਂ ਸੰਘਰਸ਼ ਕਰਨੇ ਪੈਣਗੇ। ਦੇਸ਼ ਦੇ ਹਾਕਮਾਂ ਵਲੋਂ ਜੋ ਫਿਰਕੂ ਤੇ ਫੁੱਟਪਾਊ ਨੀਤੀਆਂ ਅਪਣਾਈਆ ਜਾ ਰਹੀਆਂ ਹਨ ਉਨਾਂ ਨੂੰ ਮੋੜਾ ਦੇਣ ਲਈ ਅਤੇ ਆਪਣੇ ਉਜਲੇ ਭਵਿੱਖ ਲਈ ਸਾਨੂੰ ਪਹਿਲੀ ਮਈ ਦੀ ਪ੍ਰਸੰਗਕਤਾ ਵਿੱਚ ਇਸ ਦੀ ਸਾਰਥਿਕਤਾ ਨੂੰ ਸਮਝਦੇ ਹੋਏ ਹੋਰ ਸੰਘਰਸ਼ ਸ਼ੀਲ ਹੋਣਾ ਪੈਣਾ ਹੈ। ਦੇਸ਼ ਅੰਦਰ ਰਾਜ ਕਰ ਰਹੀ ਬੀਜੇਪੀ-ਆਰਐਸਐਸ ਗਠਜੋੜ ਦੀਆਂ ਫਿਰਕੂ ਕਾਰਪੋਰੇਟ ਪੱਖੀ ਅਤੇ ਪੂੰਜੀਵਾਦੀ ਨੀਤੀਆਂ ਨੇ ਦੇਸ਼ ਨੂੰ ਅਤਿ ਫਿਰਕੂ ਤੇ ਆਰਥਿਕ ਸੰਕਟ 'ਚ ਸੁੱਟ ਦਿੱਤਾ ਹੈ। ਦੇਸ਼ ਨੂੰ ਬਚਾਉਣ ਲਈ ਅੱਜ! ਦੇਸ਼ ਦੀ ਸਮੁੱਚੀ ਕਿਰਤੀ ਜਮਾਤ ਨੂੰ ਦੇਸ਼ ਬਚਾਉ ! ਆਵਾਮ ਬਚਾਉ !! ਅਤੇ ਕਿਰਤੀ-ਜਮਾਤ ਬਚਾਉ!!! ਲਈ ਦੇ ਨਾਹਰੇ ਹੇਠ ਇਕ ਮੁੱਠ ਹੋਣਾ ਪਏਗਾ। ਅੱਜ ਕਿਰਤੀ ਏਕਤਾ ਹੀ ਸਾਡੀ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਹੋਵੇਗੀ।

''ਪਹਿਲੀ ਮਈ ਦੇ ਸ਼ਹੀਦ ਅਮਰ ਰਹਿਣ ''!

### 12 ਮਈ 1780 ਸਰਹਿੰਦ ਫਤਿਹ ਦਿਵਸ 'ਤੇ ਵਿਸ਼ੇਸ਼

# ਜੰਗ ਸਰਹਿੰਦ


BANDA SINGH BAHADUR

ਸਿੱਖ ਧਰਮ ਦੀ ਨੀਂਹ ਸਤ ਤੇ ਰੱਖੀ ਗਈ ਹੈ। ਜਿਸ ਵਿਚ ਮਨੁੱਖਤਾ ਦੀ ਬਰਾਬਰੀ ਦਾ ਸੰਦੇਸ਼ ਹੈ। ਸਾਵੀਂ-ਪੱਧਰੀ ਜੀਵਨ ਜਾਚ ਵਿਚ ਕਿਰਤ ਕਰੋ, ਨਾਮ ਜਪੋ ਅਤੇ ਵੰਡ ਕੇ ਛਕੋ ਦਾ ਸਿਧਾਂਤ ਹੈ। ਸਿੱਖ ਗੁਰੂਆਂ ਦੇ ਸੱਚੇ ਉਪਦੇਸ਼ ਸਰਵਣ ਕਰਕੇ, ਦੂਸਰੇ ਧਰਮਾਂ ਦੇ ਲੋਕ ਸਵੈ-ਇੱਛਾ ਨਾਲ ਸਿੱਖ ਧਰਮ ਨਾਲ ਜੁੜਦੇ ਗਏ। ਸੰਗਤ-ਪੰਗਤ ਵਿਚ ਬੈਠ ਕੇ, ਸਾਂਝੇ ਲੰਗਰ ਛਕਣਾ, ਬਰਾਬਰਤਾ, ਸਮਾਜਿਕ ਅਤੇ ਧਾਰਮਿਕ ਇਨਕਲਾਬ ਸੀ। ਜਿਸ ਵਿਚ ਪ੍ਰਚੱਲਿਤ ਝੂਠੇ ਕਰਮਕਾਂਡਾਂ ਬੇਲੋੜੇ ਰੀਤੀ-ਰਿਵਾਜ਼ਾਂ ਦਾ ਖੰਡਨ ਕਰਕੇ ਸਮਾਜ ਨੂੰ ਇਕ ਸੱਚੇ-ਮਾਰਗ ਵਿਚ ਪ੍ਰਮਾਤਮਾ ਵੱਲ ਤੋਰਿਆ। ਮਨੁੱਖ ਨੂੰ ਨਿਰਭਉ ਨਿਰਵੈਰ ਬਣਾ ਕੇ ਸੱਚ ਲਈ ਜੂਝ ਮਰਨ ਲਈ ਤਿਆਰ ਕਰਨਾ ਸੀ। ਧਰਮ ਅਤੇ ਰਾਜਨੀਤੀ ਨੂੰ ਇਕ-ਕਰ ਜੋੜਿਆ। ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਚੇਤਨਾ ਵਿਚੋਂ ਨਰੋਆ ਸਮਾਜ ਉਸਾਰਨਾ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ 1699 ਦੀ ਵਿਸਾਖੀ ਤੇ ਖਾਲਸਾ ਸਾਜ ਕੇ ਭਾਈਚਾਰੇ ਨੂੰ ਜਥੇਬੰਦ ਕੀਤਾ। ਸਵੈ-ਮਾਣ ਅਤੇ ਸਵੈ-ਰੱਖਿਆ ਦਾ ਐਲਾਨ ਕੀਤਾ। ਗੁਰੂ ਸਾਹਿਬ ਜੀ ਨੇ ਜ਼ੁਲਮ ਵਿਰੁੱਧ ਡਟਣ ਲਈ ਫੌਜੀ ਖਾਲਸਾ ਤਿਆਰ ਕੀਤਾ। ਮੁਗਲ ਸਾਮਰਾਜ ਦੇ ਜ਼ੁਲਮਾਂ ਦਾ ਟਾਕਰਾ ਕਰਦਿਆਂ ਬੇਸ਼ੁਮਾਰ ਲਾਸਾਨੀ ਸ਼ਹੀਦੀਆਂ ਹੋਈਆਂ। ਇਥੋਂ ਤਕ ਕਿ ਗੁਰੂ ਸਾਹਿਬ ਜੀ ਨੇ ਆਪਣਾ ਸਾਰਾ ਸਰਬੰਸ ਖਾਲਸਾ ਪੰਥ ਲਈ ਵਾਰ ਦਿੱਤਾ। ਗੁਰੂ ਸਾਹਿਬ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਥ ਦੀ ਅਗਵਾਈ ਕਰਨ ਲਈ ਨਿਯੁਕਤ ਕਰ ਲਿਆ ਸੀ।


ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਬਾਬਾ ਬੰਦਾ ਸਿੰਘ ਬਹਾਦਰ ਸਿੱਖ ਪੰਥ ਦੇ ਇਤਿਹਾਸ ਵਿਚ ਇਕ ਜਾਂਬਾਜ਼ ਯੋਧਾ ਹੋਇਆ ਹੈ। ਉਸਨੇ ਫਿਰ ਤੋਂ ਖਾਲਸਾ ਫੌਜ ਨੂੰ ਬਕਾਇਦਾ ਜੁਝਾਰੂ ਰੂਪ ਦਿੱਤਾ। ਉਹਨਾਂ ਦੀ ਅਗਵਾਈ ਹੇਠ ਇਕ ਬਹਾਦਰ ਸਿੱਖ ਕੌਮ ਉਭਰ ਕੇ ਆਈ। ਮੁਗਲਾਂ ਵਿਰੁੱਧ ਹਥਿਆਰ ਚੁੱਕਣ ਵਾਲੇ ਇਸ ਜਾਂਬਾਜ਼ ਜਰਨੈਲ ਦਾ ਜਨਮ 16 ਅਕਤੂਬਰ 1670 ਨੂੰ ਜੰਮੂ-ਕਸ਼ਮੀਰ ਦੇ ਪੁਛਣ ਜ਼ਿਲ੍ਹੇ ਦੇ ਪਿੰਡ ਰਜੌਰੀ ਵਿਖੇ ਕਿਸਾਨ ਰਾਮਦੇਵ ਜੀ ਦੇ ਘਰ ਹੋਇਆ। ਬਚਪਨ ਦਾ ਨਾਂ ਲਛਮਣ ਦਾਸ ਸੀ। ਉਨ੍ਹਾਂ ਕੋਲ ਦੁਨਿਆਵੀ ਹਿੰਸਾਬੀ ਵਿਦਿਆ ਨਹੀਂ ਸੀ। ਉਸ ਸਮੇਂ ਦੇ ਨੌਜਵਾਨਾਂ ਵਿਚ ਸ਼ਿਕਾਰ ਖੇਡਣ ਅਤੇ ਸ਼ਸਤਰ ਵਿੱਦਿਆ ਸਿੱਖਣ ਦਾ ਰੁਝਾਨ ਸੀ। ਇਸੇ ਅਭਿਆਸ ਵਿਚ ਲਛਮਣ ਦਾਸ ਵੀ ਇਕ ਚੰਗਾ ਸ਼ਿਕਾਰੀ, ਨਿਸ਼ਾਨੇਬਾਜ਼, ਘੋੜ ਸਵਾਰ ਬਣ ਗਿਆ। ਛੇਤੀ ਹੀ ਉਸਨੂੰ ਬੈਰਾਗ ਦੀ ਲਗਨ ਲੱਗੀ ਤੇ 15 ਸਾਲ ਦੀ ਉਮਰ ਵਿਚ ਬੈਰਾਗੀ ਹੋ ਗਿਆ। ਉਸਨੇ ਜਾਨਕੀ ਪ੍ਰਸ਼ਾਦ ਨੂੰ ਆਪਣਾ ਗੁਰੂ ਧਾਰਨ ਕੀਤਾ। ਜਿਨ੍ਹਾਂ ਨੇ ਉਹਨਾਂ ਨੂੰ ਮਾਧੋਦਾਸ ਦਾ ਨਾਂ ਦਿੱਤਾ। ਉਹ ਸਾਧੂ ਮੰਡਲੀਆਂ ਵਿਚ ਘੁੰਮਦਾ ਨਾਸਿਕ ਪੁੱਜਾ ਅਤੇ ਯੋਗੀ ਔਘੜ ਨਾਥ ਦਾ ਚੇਲਾ ਬਣ ਗਿਆ। ਜਿੱਥੇ ਉਸਨੇ ਹਠ ਯੋਗ ਤੇ ਤਾਂਤਰਿਕ ਵਿੱਦਿਆ ਤੇ ਕਰਾਮਾਤਾਂ ਦੇ ਸਾਧਨ ਕਮਾਏ। ਯੋਗੀ ਔਘੜ ਨਾਥ ਦੇ ਮਰਨ ਤੋਂ ਬਾਅਦ ਉਸਨੇ ਨੰਦੇੜ ਵਿਖੇ ਆਪਣਾ ਰਮਣੀਕ ਸੁੰਦਰ ਟਿਕਾਣਾ ਬਣਾ ਲਿਆ। ਆਪਣੀ ਯੋਗ ਵਿਦਿਆ ਨਾਲ ਉਹ ਲੋਕਾਂ ਨੂੰ ਭਰਮਾਉਣ ਲੱਗਾ ਤੇ ਉਨ੍ਹਾਂ ਦਾ ਮਖੌਲ ਉਡਾਉਂਦਾ। ਮਾਧੋਦਾਸ ਦੀਆਂ ਚਲਾਕੀਆਂ ਦੀ ਖ਼ਬਰ ਗੁਰੂ ਸਾਹਿਬ ਜੀ ਨੂੰ ਮਿਲ ਚੁੱਕੀ ਸੀ। ਸਤੰਬਰ 3, 1708 ਨੂੰ ਗੁਰੂ ਸਾਹਿਬ ਜੀ ਮਾਧੋਦਾਸ ਨੂੰ ਉਸਦੇ ਡੇਰੇ ਜਾ ਮਿਲੇ। ਗੁਰੂ ਸਾਹਿਬ ਜੀ ਨੂੰ ਖਾਲਸਾ ਪੰਥ ਦੀ ਅਗਵਾਈ ਸੌਂਪਣ ਲਈ ਇਕ ਬੰਦੇ ਦੀ ਤਲਾਸ਼ ਸੀ। ਗੁਰੂ ਸਾਹਿਬ ਜੀ ਨੇ ਜਾਣ ਲਿਆ ਸੀ ਕਿ ਉਨ੍ਹਾਂ ਨੂੰ ਬੰਦਾ ਲੱਭ ਗਿਆ ਹੈ।

ਗੁਰੂ ਸਾਹਿਬ ਜੀ ਨੇ ਮਾਧੋਦਾਸ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ ਤੇ ਉਸਦਾ ਨਾਂ 'ਬੰਦਾ ਸਿੰਘ' ਰੱਖਿਆ ਜੋ ਆਪਣੀ ਬਹਾਦਰੀ ਸਦਕਾ ਇਤਿਹਾਸ ਵਿਚ ਬੰਦਾ ਸਿੰਘ ਬਹਾਦਰ ਵਜੋਂ ਪ੍ਰਸਿੱਧ ਹੋਇਆ। ਬਾਬਾ ਜੀ ਦੀ ਉਮਰ 38 ਸਾਲ ਸੀ। ਉਨ੍ਹਾਂ ਦੇ ਚਿਹਰੇ ਤੇ ਗੰਭੀਰਤਾ ਵਾਲਾ ਜਲਾਲ ਸੀ। ਸਰੀਰਕ ਪੱਖੋਂ ਭਾਵੇਂ ਸਾਂਵੇਂ ਸਨ ਪਰ ਅੰਤਾਂ ਦੇ ਫੁਰਤੀਲੇ ਸਨ। ਇਹੀ ਉਹਨਾਂ ਦੀ ਬਹਾਦਰੀ ਦਾ ਕਰਤੱਬ ਸੀ। ਉਹਨਾਂ ਦਾ ਗੁਰੂ ਪ੍ਰਤੀ ਨਿਸ਼ਠਾ ਗੰਭੀਰ ਤੇ ਪ੍ਰਪੱਕ ਸੀ। ਜਿਸਦੀ ਸ਼ਕਤੀ ਨਾਲ ਜੰਗਾਂ ਵਿਚ ਕਮਾਲ ਕਰ ਵਿਖਾਈ। ਉਨ੍ਹਾਂ ਨੇ ਜੀਅ-ਜਾਨ ਨਾਲ ਖਾਲਸਾ ਪੰਥ ਦੀ ਵਾਗਡੋਰ ਸੰਭਾਲੀ ਅਤੇ ਸਿੱਖ ਪੰਥ ਦੀ ਸੇਵਾ ਦਾ ਸੁਭਾਗ ਪ੍ਰਾਪਤ ਕੀਤਾ।

ਗੁਰੂ ਸਾਹਿਬ ਜੀ ਨੇ ਉਨ੍ਹਾਂ ਨੂੰ ਸਿੱਖੀ ਦੇ ਜੰਗੀ ਇਤਿਹਾਸ ਅਤੇ ਸੰਘਰਸ਼ ਤੋਂ ਜਾਣੂ ਕਰਵਾਇਆ। ਉਹ ਮਾਨਸਿਕ ਤੌਰ 'ਤੇ ਆਪਣੇ ਕੌਮੀ ਫਰਜ਼ ਲਈ ਤਿਆਰ ਹੋ ਗਏ। ਗੁਰੂ ਸਾਹਿਬ ਜੀ ਨੇ ਉਪਦੇਸ਼ ਦਿੱਤਾ ਕਿ ਸਿੱਖ ਪੰਥ ਦੀ ਸੇਵਾ ਹੀ ਇਸ ਵੇਲੇ ਪੰਥ ਵਾਸਤੇ ਉੱਤਮ ਕਾਰਜ ਹੈ। ਮੁਗਲ ਸਾਮਰਾਜ ਦੇ ਜ਼ੁਲਮਾਂ ਵਿਰੁੱਧ ਮਨੁੱਖਤਾ ਦੀ ਭਲਾਈ ਲਈ ਜ਼ੁਲਮ ਦਾ ਨਾਸ ਕਰਨਾ ਹੈ। ਗੁਰੂ ਸਾਹਿਬ ਜੀ ਨੇ ਉਨ੍ਹਾਂ ਨੂੰ ਜਥੇਦਾਰ ਬਣਾ ਕੇ ਪੰਜਾਬ ਵੱਲ ਤੋਰਿਆ। ਉਨ੍ਹਾਂ ਨੂੰ ਸੰਗਤਾਂ ਲਈ ਹੁਕਮਨਾਮੇ ਲਿਖ ਕੇ ਦਿੱਤੇ ਕਿ ਸੰਗਤਾਂ ਮੁਗਲਾਂ ਵਿਰੁੱਧ ਜੰਗਾਂ ਵਿਚ ਬਾਬਾ ਜੀ ਦਾ ਸਾਥ ਦੇਣ। ਉਨ੍ਹਾਂ ਨੂੰ ਪੰਜ ਤੀਰ, ਦੋਧਾਰੀ ਖੰਡਾ, ਨਿਸ਼ਾਨ (ਝੰਡਾ), ਨਗਾਰਾ ਅਤੇ ਸਲਾਹਕਾਰ ਵਜੋਂ ਸਿੰਘ ਭੇਜੇ, ਜਿਨ੍ਹਾਂ ਵਿਚ ਭਾਈ ਦਯਾ ਸਿੰਘ, ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਬਾਬਾ ਬਾਜ਼ ਸਿੰਘ ਤੇ ਭਾਈ ਰਣ ਸਿੰਘ ਸ਼ਾਮਲ ਸਨ। ਨਾਲ ਹੀ 25 ਸਿੰਘਾਂ ਦਾ ਜਥਾ ਵੀ ਤੋਰਿਆ।

16 ਨਵੰਬਰ 1708 ਨੂੰ ਜੰਗੀ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਸੋਨੀਪਤ, ਸਮਾਣਾ, ਸ਼ਾਹਬਾਦ, ਮੁਸਤਫਾਬਾਦ, ਕਪੂਰੀ ਅਤੇ ਬਨੂੜ ਨੂੰ ਆਪਣੇ ਅਧੀਨ ਕਰਨ ਤੋਂ ਬਾਅਦ ਉਨ੍ਹਾਂ ਨੇ ਆਪਣੇ ਅਸਲੀ ਨਿਸ਼ਾਨੇ ਵੱਲ ਵਜੀਰ ਖਾਨ ਉਤੇ ਹਮਲਾ ਕਰਨ ਲਈ ਖਾਲਸਾ ਫੌਜ ਦੀ ਅਗਵਾਈ ਕੀਤੀ। ਮਾਝੇ ਤੇ ਦੁਆਬੇ ਦੇ ਸਿੰਘਾਂ ਨੂੰ ਹੁਕਮ ਭੇਜਿਆ ਕਿ ਉਹ ਸਰਹਿੰਦ ਵੱਲ ਕੂਚ ਕਰਨ। ਸਿਦਕੀ ਹੁੰਮ ਹੁੰਮਾ ਕੇ ਅਨੰਦਪੁਰ ਤੇ ਕੀਰਤਪੁਰ ਇਕੱਠੇ ਹੋਣ ਲੱਗੇ। ਬਾਬਾ ਜੀ ਸਢੌਰਾ ਤੇ ਮੁਖਲਿਸ ਨੂੰ ਫਤਿਹ ਕਰਕੇ ਸਰਹਿੰਦ ਵੱਲ ਵਧੇ ਤਾਂ ਮਾਝੇ ਤੇ ਦੁਆਬੇ ਦੇ ਸਿੰਘਾਂ ਦਾ ਜਥਾ ਵੀ ਕੀਰਤਪੁਰ ਤੋਂ ਤੁਰ ਪਿਆ। ਵਜ਼ੀਰ ਖਾਂ ਨੇ ਮਲੇਰਕੋਟਲੇ ਦੇ ਨਵਾਬ ਨੂੰ ਭਿੜਨ ਲਈ ਕਿਹਾ। ਰੋਪੜ ਦੇ ਕੋਲ ਸਿੰਘਾਂ ਦੀ ਪਠਾਣਾਂ ਨਾਲ ਦੋ ਦਿਨ ਝੜੱਪ ਹੋਈ। ਸਿੰਘ ਗਿਣਤੀ ਵਿਚ ਥੋੜ੍ਹੇ ਸਨ ਪਰ ਫਰ ਵੀ ਮੈਦਾਨ ਮਾਰ ਲਿਆ। ਅੱਗੇ ਸੰਘੋਲ ਜਿੱਤ ਕੇ ਖਾਲਸਾ ਦਲ ਖਰੜ ਵੱਲ ਵਧਿਆ। ਬਾਬਾ ਜੀ ਵੀ ਬਨੂੜ ਜਿੱਤ ਕੇ ਖਰੜ ਵੱਲ ਆ ਰਹੇ ਸਨ। ਖਾਲਸੇ ਦੀ ਵਧਦੀ ਹੋਈ ਤਾਕਤ ਸਰਹਿੰਦ ਵੱਲ ਵਧ ਗਈ।

ਵਜ਼ੀਰ ਖਾਂ ਨੇ ਜੰਗ ਨੂੰ ਹੈਦਰੀ ਝੰਡੇ ਹੇਠ ਜਹਾਦ ਦਾ ਧਾਰਮਿਕ ਰੂਪ ਦੇ ਦਿੱਤਾ। ਉਸਨੇ ਸਿੱਖ ਕਾਫਰਾਂ ਵਿਰੁੱਧ ਇਸਲਾਮ ਨੂੰ ਸਹਾਇਤਾ ਲਈ ਵੰਗਾਰਿਆ। ਉਸਨੇ ਪੰਜਾਬ ਭਰ ਵਿਚੋਂ ਮੁਸਲਮਾਨੀ ਫੌਜ ਮੰਗਵਾਈ। ਪੰਜਾਬ ਭਰ ਦੇ ਪਠਾਣ, ਸੱਯਦ, ਰੰਗੜ ਤੇ ਮੁਸਲਮਾਨ ਵੱਡੀ ਗਿਣਤੀ ਵਿਚ ਸ਼ਾਮਲ ਹੋ ਗਏ। ਸੁੱਚਾ ਨੰਦ ਦਾ ਗਦਾਰ ਭਤੀਜਾ ਖਾਲਸਾ ਫੌਜ ਵਿਚ ਭੇਜ ਦਿੱਤਾ ਕਿ ਜਦ ਜੰਗ ਸਿਖਰ 'ਤੇ ਪੁੱਜੇ ਤਾਂ ਉਹ ਮੁਗਲ ਫੌਜ ਵਿਚ ਪਰਤ ਆਵੇ। ਇਸ ਤਰ੍ਹਾਂ ਖਾਲਸਾ ਭਾਜੜ ਵਿਚ ਪੈ ਜਾਵੇਗਾ। ਉਹ ਇਕ ਹਜਾਰ ਦੀ ਫੌਜ ਨਾਲ ਖਾਲਸਾ ਫੌਜ ਵਿਚ ਜਾ ਘੁਸਿਆ। ਜੇ ਦਾਉ ਲੱਗੇ ਤਾਂ ਬਾਬਾ ਜੀ ਨੂੰ ਵੀ ਮਾਰ ਮੁਕਾਏ। ਪਰ ਬਾਬਾ ਜੀ ਤਾਂ ਕੌਤਕ ਵੇਖ ਰਹੇ ਸਨ, ਉਸਦੀ ਮਾੜੀ ਨੀਅਤ ਨੂੰ ਤਾੜ ਗਏ ਅਤੇ ਵਿਸਾਹ ਨਾ ਖਾਧਾ।

ਦੋਵੇਂ ਫੌਜਾਂ ਟਾਕਰੇ ਲਈ ਅਗਾਂਹ ਵਧੀਆਂ। ਮੁਗਲ ਫੌਜ ਵੱਡੀ ਗਿਣਤੀ ਵਿਚ ਤੇ ਵੱਡੀਆਂ ਤੋਪਾਂ (ਜੰਬੂਰੇ) ਹਾਥੀ ਘੋੜੇ ਅਤੇ ਹਰ ਪ੍ਰਕਾਰ ਦਾ ਜੰਗੀ ਅਸਲਾ ਸੀ। ਦੂਸਰੇ ਪਾਸੇ ਖਾਲਸੇ ਕੋਲ ਨਾ ਤੋਪਾਂ ਨਾ ਹਾਥੀ ਅਤੇ ਨਾ ਹੀ ਬਹੁਤਾ ਜੰਗੀ ਸਮਾਨ ਸੀ। ਸਰਹਿੰਦ ਤੋਂ 10-12 ਕੋਹ ਦੀ ਵਿੱਥ ਤੇ ਚਪੜਚਿੜੀ ਵਿਚ 12 ਮਈ, 1710 ਨੂੰ ਬੜੀ ਸਖਤ ਜੰਗ ਹੋਈ। ਮੁੱਖ ਜੰਗ ਚਪੜਚਿੜੀ ਦੇ ਮੈਦਾਨ ਵਿਚ ਲੜੀ ਗਈ ਜੋ ਬਨੂੜ-ਖਰੜ ਸੜਕ ਉਤੇ ਖਰੜ ਤਹਿਸੀਲ ਵਿਚ ਹੈ। ਬਾਬਾ ਜੀ ਵਾਸਤੇ ਸਰਹਿੰਦ ਨਾਲ ਭਿੜਨਾ ਸੌਖਾ ਕੰਮ ਨਹੀਂ ਸੀ। ਇਹ ਸੂਬਾਈ ਰਾਜਧਾਨੀ ਸੀ। ਨਵਾਬ ਵਜ਼ੀਰ ਖਾਂ ਮੁਗਲ ਸਾਮਰਾਜ ਦਾ ਸ਼ਕਤੀਸ਼ਾਲੀ ਨਵਾਬ ਸੀ, ਜਿਸ ਕੋਲ ਬਹੁਤ ਵੱਡੀ ਫੌਜ ਸੀ। ਉਹ ਕਈ ਸਾਲਾਂ ਤੋਂ ਸੱਤਾ 'ਤੇ ਕਾਬਜ਼ ਸੀ। ਉਸ ਕੋਲ ਕਾਫੀ ਧੰਨ ਅਤੇ ਉਚੀ ਪਦਵੀ ਸੀ। ਉਸਨੇ ਬੜੀ ਤਿਆਰੀ ਕਰ ਰੱਖੀ ਸੀ।

ਬਾਬਾ ਜੀ ਨੇ ਆਪਣੀ ਫੌਜ ਨੂੰ ਸੰਗਠਿਤ ਕੀਤਾ। ਬਾਬਾ ਜੀ ਕੋਲ ਨਾ ਤੋਪਖਾਨਾ ਸੀ, ਨਾ ਕੋਈ ਹਾਥੀ, ਘੋੜੇ। ਖਾਲਸਾ ਫੌਜ ਕੋਲ ਲੰਬੇ ਬਰਛੇ, ਤੀਰ ਅਤੇ ਤਲਵਾਰਾਂ ਹੀ ਸਨ। ਬਾਬਾ ਜੀ ਆਪਣੀ ਫੌਜ ਨੂੰ ਦੋ ਦਲਾਂ ਵਿਚ ਵੰਡਿਆ। ਪਹਿਲੇ ਜਥੇ ਵਿਚ ਮਾਲਵੇ ਤੋਂ ਫਤਿਹ ਸਿੰਘ, ਕਰਮ ਸਿੰਘ, ਧਰਮ ਸਿੰਘ ਅਤੇ ਅਲੀ ਸਿੰਘ ਨੇ ਅਗਵਾਈ ਕੀਤੀ। ਮਝੈਲ ਸਿੰਘਾਂ ਵਿਚ ਬਾਬਾ ਬਿਨੋਦ ਸਿੰਘ, ਭਾਈ ਬਾਜ਼ ਸਿੰਘ, ਰਣ ਸਿੰਘ ਅਤੇ ਸ਼ਾਮ ਸਿੰਘ ਸਨ, ਜਿਨ੍ਹਾਂ ਦਾ ਦੂਸਰਾ ਜਥਾ ਸੀ। ਬਾਬਾ ਜੀ ਆਪ ਜੰਗੀ ਨਿਗਰਾਨੀ ਲਈ ਇਕ ਟਿੱਲੇ 'ਤੇ ਬੈਠ ਗਏ। ਜੰਗ ਦੀ ਪਹਿਲੀ ਮਾਰ ਹੇਠ ਹੀ ਖਾਲਸੇ ਦੇ ਉਹ ਸਾਥੀ ਭੱਜ ਗਏ ਜੋ ਸਿਰਫ ਲੁੱਟਮਾਰ ਲਈ ਹੀ ਆਣ ਰਲੇ ਸਨ।

_ਸ ਵੇਲੇ ਸੁੱਚਾ ਨੰਦ ਦਾ ਭਤੀਜਾ ਵੀ ਸਾਥੀਆਂ ਸਮੇਤ ਭੱਜ ਗਿਆ। ਸਿੰਘਾਂ ਨੇ ਛੇਤੀ ਹੀ ਉਸਨੂੰ ਘੇਰ ਕੇ ਸਾਥੀਆਂ ਸਮੇਤ ਮਾਰ ਮੁਕਾਇਆ।

ਤੁਰਕਾਂ ਦਾ ਜ਼ੋਰ ਪੈਂਦਾ ਵੇਖ ਕੇ ਬਾਬਾ ਜੀ ਨੇ ਤਲਵਾਰ ਧੂ ਲਈ। ਬਾਬਾ ਜੀ ਦੀ ਅਗਵਾਈ ਹੇਠ ਤੁਰਕਾਂ ਦੇ ਆਹੂ ਲੱਥੇ। ਸਿੰਘ ਵੀ ਬਹੁਤ ਸ਼ਹੀਦ ਹੋਏ। ਤੁਰਕੀ ਸੈਨਾ ਦਾ ਵੱਡਾ ਨੁਕਸਾਨ ਹੋਇਆ। ਵਜੀਰ ਖਾਂ ਨੇ ਬਾਬਾ ਬਾਜ ਸਿੰਘ ਤੇ ਹਮਲਾ ਕੀਤਾ। ਬਾਬਾ ਬਾਜ਼ ਸਿੰਘ ਨੇ ਵਜ਼ੀਰ ਖਾਂ ਦਾ ਨੇਜਾ ਖੋਹ ਕੇ ਉਸਦੇ ਘੋੜੇ ਨੂੰ ਜ਼ਖਮੀ ਕਰ ਦਿੱਤਾ। ਵਜੀਰ ਖਾਂ ਨੇ ਤੀਰ ਬਾਬਾ ਬਾਜ਼ ਸਿੰਘ ਦੀ ਬਾਂਹ ਵਿਚ ਖੋਭ ਦਿੱਤਾ। ਉਹ ਤਲਵਾਰ ਨਾਲ ਅੱਗੇ ਵਧਿਆ। ਭਾਈ ਫਤਿਹ ਸਿੰਘ ਕੋਲ ਖੜ੍ਹਾ ਸੀ। ਉਸਨੇ ਤਲਵਾਰ ਦਾ ਅਜਿਹਾ ਵਾਰ ਕੀਤਾ ਕਿ ਮੋਢੀ ਚੀਰ ਕੇ ਕਮਰ ਤੱਕ ਜਾ ਵੜਿਆ। ਉਹ ਉਥੇ ਹੀ ਡਿੱਗ ਗਿਆ। ਤੁਰਕੀ ਸੈਨਾ ਵਿਚ ਭਾਜੜ ਪੈ ਗਈ ਤੇ ਭੱਜ ਗਈ। ਘੋੜ ਸਵਾਰ ਅਤੇ ਪੈਦਲ ਬਹੁਤ ਸਾਰੇ ਲੋਕ ਖਾਲਸੇ ਦੀ ਤਲਵਾਰ ਹੇਠ ਆ ਗਏ। ਖਾਲਸੇ ਨੇ ਸਰਹਿੰਦ ਤੀਕ ਪਿੱਛਾ ਕੀਤਾ।

ਚਪੜਚਿੜੀ ਦੀ ਜਿੱਤ ਤੋਂ ਬਾਅਦ ਖਾਲਸਾ ਸਰਹਿੰਦ ਵੱਲ ਵਧਿਆ। ਬਾਬਾ ਜੀ ਨੇ 14 ਮਈ, 1710 ਨੂੰ ਰਸਮੀ ਤੌਰ 'ਤੇ ਸਰਹਿੰਦ ਇਲਾਕੇ ਦਾ ਨਿਯੰਤਰਣ ਲੈ ਲਿਆ। ਉਸ ਸਮੇਂ ਹੋਈਆਂ ਵਾਰਦਾਤਾਂ ਵਿਚ ਸ਼ਹਿਰ ਨੂੰ ਲੁੱਟਿਆ ਗਿਆ। ਹਕੂਮਤ ਦੇ ਸਿੰਘਾਂ ਵਿਰੁੱਧ ਵੈਰੀਆਂ ਨੂੰ ਵੱਢਿਆ ਗਿਆ। ਪਾਪੀ ਸੁੱਚਾ ਨੰਦ ਨੂੰ ਕਤਲ ਕੀਤਾ ਗਿਆ। ਬਹੁਤ ਸਾਰਿਆਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ। ਪਰ ਆਮ ਜਨ ਜੀਵਨ ਨੂੰ ਪ੍ਰਭਾਵਿਤ ਨਹੀਂ ਕੀਤਾ। ਸਰਹਿੰਦ ਦੀ ਇੱਟ ਨਾਲ ਇੱਟ ਖੜਕਾਈ ਗਈ। ਅਟਾਰੀਆਂ ਅਤੇ ਸ਼ਾਹੀ ਮਹੱਲ ਢਾਹੇ ਗਏ। ਸੁੱਚਾ ਨੰਦ ਦੀ ਹਵੇਲੀ ਦਾ ਸਫਾਇਆ ਕੀਤਾ। ਉਹਨਾਂ ਕੰਧਾਂ ਨੂੰ ਵੀ ਤਹਿ ਕੀਤਾ, ਜਿਹਨਾਂ ਵਿਚ ਛੋਟੇ ਦੋ ਸਾਹਿਬਜਾਦੇ ਚਿਣੇ ਗਏ ਸਨ। ਸਿੰਘਾਂ ਨੇ ਅਜਿਹੇ ਸੰਜਮ ਦਾ ਸਬੂਤ ਦਿੱਤਾ ਕਿ ਸ਼ੇਖ ਅਹਿਮਦ ਮੁਜੱਦਦ ਅਲਫ ਸਾਨੀ ਦੇ ਮੰਜਾਰ ਅਤੇ ਹੋਰ ਯਾਦਗਾਰਾਂ ਨੂੰ ਛੇੜਿਆ ਵੀ ਨਾ ਗਿਆ। ਇਹ ਸਿੱਖਾਂ ਦੀ ਪਹਿਲੀ ਖੇਤਰੀ ਜਿੱਤ ਸੀ। ਜਿਸਨੇ ਉਨ੍ਹਾਂ ਨੂੰ ਸਤਲੁਜ ਦੇ ਦੱਖਣ ਵਿਚ ਪੂਰੇ ਦੇਸ਼ ਦਾ ਕਬਜਾ ਦਿੱਲੀ ਦੇ ਨੇੜੇ ਤੱਕ ਦਿੱਤਾ। ਮਈ 24, 1710 ਨੂੰ ਬਾਬਾ ਜੀ ਨੇ ਪਟਿਆਲੇ ਨੂੰ ਇਕ ਸੁਤੰਤਰ ਰਾਜ ਦਾ ਪਹਿਲਾ ਕੇਂਦਰ ਬਣਾਇਆ। ਮਈ 27, 1710 ਨੂੰ ਸਰਹਿੰਦ ਸ਼ਹਿਰ ਵਿਚ ਇਕ ਵਿਸ਼ਾਲ ਇਕੱਤਰਤਾ ਵਿਚ ਬਾਬਾ ਜੀ ਨੇ ਸਰਹਿੰਦ ਸ਼ਹਿਰ ਵਿਚ ਸਿੱਖ ਰਾਜ ਸਥਾਪਤ ਕਰਨ ਅਤੇ ਮੁਗਲਾਂ ਦੇ ਸ਼ਾਸਨ ਨੂੰ ਖਤਮ ਕਰਨ ਦਾ ਐਲਾਨ ਕੀਤਾ। ਜਿਸਨੇ ਇਲਾਕੇ ਵਿਚ ਆਪਣੇ ਜ਼ੁਲਮਾਂ ਨਾਲ ਦਹਿਸ਼ਤ ਫੈਲਾਈ ਹੋਈ ਸੀ। ਬਾਬਾ ਜੀ ਨੇ ਮੁਖਲਿਸਪੁਰ ਦੇ ਪੁਰਾਣੇ ਸ਼ਾਹੀ ਕਿਲੇ ਦੀ ਮੁਰੰਮਤ ਕੀਤੀ, ਇਸਨੂੰ ਲੋਹਗੜ੍ਹ ਦਾ ਨਾਂ ਦਿੱਤਾ। ਉਥੇ ਆਪਣੀ ਰਾਜਧਾਨੀ ਸਥਾਪਤ ਕੀਤੀ।

ਬਾਬਾ ਬਾਜ਼ ਸਿੰਘ ਨੂੰ ਸਰਹਿੰਦ ਦਾ ਸੂਬਾ ਅਤੇ ਅਲੀ ਸਿੰਘ ਸਲੌਦੀ ਨੂੰ ਸਹਾਇਕ ਨਿਯੁਕਤ ਕੀਤਾ। ਭਾਈ ਫਤਿਹ ਸਿੰਘ ਨੂੰ ਸਮਾਣਾ ਸੌਂਪਿਆ। ਥਾਨੇਸਰ ਦਾ ਪ੍ਰਬੰਧ ਬਾਬਾ ਬਾਜ਼ ਸਿੰਘ ਦੇ ਭਰਾ ਰਾਮ ਸਿੰਘ ਅਤੇ ਬਾਬਾ ਬਿਨੋਦ ਸਿੰਘ ਨੂੰ ਦਿੱਤਾ। ਇਲਾਕੇ ਦੇ ਪਰਗਨਿਆਂ ਨੇ ਬਾਬਾ ਜੀ ਦੀ ਅਧੀਨਗੀ ਪ੍ਰਵਾਨ ਕਰ ਲਈ। ਕਰਨਾਲ ਤੋਂ ਲੁਧਿਆਣਾ ਤੱਕ ਸਾਰਾ ਇਲਾਕਾ ਸਿੱਖਾਂ ਦੇ ਕਬਜ਼ੇ ਵਿਚ ਸੀ। ਇਸਦੀ ਆਮਦਨ 36 ਲੱਖ ਰੁਪਏ ਸਾਲਾਨਾ ਸੀ।

ਸਰਹਿੰਦ ਦੀ ਜਿੱਤ ਦੀ ਯਾਦ ਵਿਚ ਫਤਹਿ ਬੁਰਜ਼ ਚਪੜਚਿੜੀ ਦੇ ਸਥਾਨ ਤੇ ਸਥਾਪਤ ਹੈ।

## ਇਫਟੂ ਅਤੇ ਪੇਂਡੂ ਮਜਦੂਰ ਯੂਨੀਅਨ ਨੇ ਬਲਾਚੌਰ ਵਿੱਚ ਮਨਾਇਆ ਕੌਮਾਂਤਰੀ ਮਜਦੂਰ ਦਿਹਾੜਾ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)** ਅੱਜ ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਆਨਜ (ਇਫਟੂ) ਅਤੇ ਪੇਂਡੂ ਮਜਦੂਰ ਯੂਨ-ਿਅਨ ਵੱਲੋਂ ਐਸ।ਸੀ ਧਰਮਸ਼ਾਲਾ ਬਲਾਚੌਰ ਵਿਖੇ ਕੌਮਾਂਤਰੀ ਮਜਦੂਰ ਦਿਵਸ ਮਨਾਇਆ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਇਫਟੂ ਦੇ ਸੂਬਾ ਸਹਾਇਕ ਸਕੱਤਰ ਅਵਤਾਰ ਸਿੰਘ ਤਾਰੀ, ਇਫਟੂ ਦੇ ਜਿਲ੍ਹਾ ਪ੍ਰਧਾਨ ਗੁਰਦਿਆਲ ਰੱਕੜ, ਉਸਾਰੀ ਮਿ-ਸਤਰੀ ਮਜਦੂਰ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਨਿਰਮਲ ਸਿੰਘ ਜੰਡੀ, ਹਰਦੀਪ ਪਨੇਸਰ, ਪੇਂਡੂ ਮਜਦੂਰ ਯੂਨੀਅਨ ਦੇ ਆਗੂ ਅਸ਼ੋਕ ਕੁਲਾਰ, ਬਗੀਚਾ ਸਿੰਘ ਸਹੂੰਗੜਾ ਅਤੇ ਮਨਜੀਤ ਬੇਦੀ ਨੇ ਕਿਹਾ ਕਿ ਮਜਦੂਰ ਦਿਹਾੜਾ ਸੰਸਾਰ ਮਜਦੂਰ ਜਮਾਤ ਦੀ ਆਨ ਅਤੇ ਸ਼ਾਨ ਦਾ ਪ੍ਰਤੀਕ ਹੈ ਜਿਸਨੇ ਦੁਨੀਆਂ ਭਰ ਦੇ ਮਜਦੂਰਾਂ ਨੂੰ ਸੰਘਰਸ਼ਾਂ ਦੀ ਨਵੀਂ ਦਿਸ਼ਾ ਪ੍ਰਦਾਨ ਕੀਤੀ। ਉਹਨਾਂ ਕਿਹਾ ਕਿ ਸੰਸਾਰ ਸਰਮਾਏਦਾਰੀ ਦਾ ਪ੍ਰਬੰਧ ਕਾਰਪੋਰੇਟੀ ਪ੍ਰਬੰਧ ਹੈ ਜੋ ਮਜਦੂਰ ਜਮਾਤ ਦੀ ਅੰਨ੍ਹੀ ਲੁੱਟ ਉੱਤੇ ਅਧ-ਾਰਿਤ ਹੈ। ਇਸ ਪ੍ਰਬੰਧ ਨੇ ਆਮ ਲੋਕਾਂ ਨੂੰ ਗਰੀਬੀ, ਮਹਿੰਗਾਈ, ਭੁੱਖਮਰੀ, ਜਬਰ, ਜੁਲਮ ਤੋਂ ਬਿਨਾਂ ਹੋਰ ਕੁੱਝ ਨਹੀਂ ਦਿੱਤਾ। ਉਹਨਾਂ ਕਿਹਾ ਕਿ ਭਾਜਪਾ-ਆਰ।ਐਸ।ਐਸ ਦੀ ਮੋਦੀ ਸਰਕਾਰ ਮਜਦੂਰ ਵਿਰੋਧੀ ਚਾਰ ਕਿਰਤ ਕੋਡ ਲਾਗੂ ਕਰਕੇ ਮਜਦੂਰਾਂ ਦਾ ਹੋਰ ਵੀ ਖੂਨ ਨਿਚੋੜਕੇ ਕਾਰਪੋਰੇਟਾਂ ਦੀ ਤਿਜੌਰੀਆਂ ਭਰਨ ਤੇ ਉਤਾਰੂ ਹੈ। ਜਨਤਕ ਅਦਾਰਿਆਂ ਨੂੰ ਕੌਡੀਆਂ ਦੇ ਭਾਅ ਵੇਚ ਰਹੀ ਹੈ। ਉਹਨਾਂ ਮਜਦੂਰ ਜਮਾਤ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਹੱਕਾਂ ਦੀ ਰਾਖੀ ਲਈ ਜਥੇਬੰਦ ਹੋਕੇ ਤਿੱਖੇ ਘੋਲ ਲੜਨ।



ਬਾਅਦ ਵਿੱਚ ਸ਼ਹਿਰ ਅੰਦਰ ਮੁਜਾਹਰਾ ਵੀ ਕੀਤਾ ਗਿਆ। ਇਸ ਮੌਕੇ ਅਸ਼ੋਕ ਕਲਾਰ ਤੇ ਪ੍ਰਦੀਪ ਕੌਲਗੜ੍ਹ ਨੇ ਇਨਕਲਾਬੀ ਗੀਤ ਪੇਸ਼ ਕੀਤੇ। ਇਸ ਮੌਕੇ ਹਰੀਸ਼ ਕੁਮਾਰ, ਮਦਨ ਨੱਥਾ ਨੰਗਲ, ਰਾਜ ਕੁਮਾਰ, ਕਮਲਜੀਤ ਸਿੰਘ, ਬੂਟਾ ਰਾਮ, ਮੋਹਣ ਲਾਲ, ਸਰਬਜੀਤ ਸਹੂੰਗੜਾ, ਭਜਨ ਲਾਲ, ਹਰਵਿੰਦਰ ਕੌਰ, ਸਮੇਤ ਸੈਂਕੜੇ ਮਜਦੂਰ ਸ਼ਾਮਲ ਸਨ।

## ਸਕੂਲ ਆਫ ਐਮੀਨੈਂਸ ਭੋਆ ਦੇ ਪ੍ਰਿੰਸੀਪਲ ਵੱਜੋਂ ਸ੍ਰੀ ਨਸੀਬ ਸਿੰਘ ਸੈਣੀ, ਪੀ ਈ ਐਸ ਨੇ ਸੰਭਾ਼ਲਿਆ ਚਾਰਜ

**ਪਠਾਨਕੋਟ, ਮਈ (ਰਾਜਿੰਦਰ ਸਿੰਘ ਰਾਜਨ)** ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਬੀਤੇ ਦਿਨੀ ਕੀਤੀਆਂ ਬਦਲੀਆਂ ਦੌਰਾਨ ਸਿੱਖਿਆ ਅਧਿਕਾਰੀਆਂ ਨੂੰ ਨਵੀਂਆਂ ਜਿੰਮੇਵਾਰੀਆਂ ਸੌਂਪੀਆਂ ਹਨ। ਇਸੇ ਤਹਿਤ ਸਕੂਲ ਆਫ ਐਮੀਨੈਂਸ, ਭੋਆ, ਜਿਲ੍ਹਾ ਪਠਾਨਕੋਟ ਵਿਖੇ ਸ੍ਰੀ ਨਸੀਬ ਸਿੰਘ ਸੈਣੀ ਨੇ ਬਤੌਰ ਪ੍ਰਿੰਸੀਪਲ ਕਾਰਜ ਭਾਰ ਸੰਭਾ਼ਲ ਲਿਆ ਹੈ। ਉਨ੍ਹਾਂ ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਦਾ ਧੰਨਵਾਦ ਕਰਦਿਆਂ ਭਰੋਸਾ ਦਿਲਾਇਆ ਕਿ ਉਹ ਸਕੂਲ ਦਾ ਪੱਧਰ ਹੋਰ ਉੱਚਾ ਚੁੱਕਣ ਅਤੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਹਰ ਸੰਭਵ ਕੋਸ਼ਿਸ਼ ਕਰਨਗੇ। ਪ੍ਰਿੰਸੀਪਲ ਨਸੀਬ ਸੈਣੀ ਇਸ ਤੋਂ ਪਹਿਲਾਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਧਾਰ ਕਲਾਂ ਵਿਖੇ ਤਾਇਨਾਤ ਸਨ। ਉਨ੍ਹਾਂ ਕਿਹਾ ਕਿ ਉਹ ਨਵੀਂ ਜ਼ਿੰਮੇਵਾਰੀ ਲਈ ਪੂਰੀ ਤਰ੍ਹਾਂ ਤਿਆਰ ਹਨ।



ਇਸ ਮੌਕੇ ਉਨ੍ਹਾਂ ਨਾਲ ਸਕੂਲ ਸਟਾਫ ਤੋਂ ਇਲਾਵਾ ਉਨ੍ਹਾਂ ਦੀ ਪਤਨੀ ਲਲਿਤਾ ਸੈਣੀ, ਸ੍ਰੀ ਹਰਿੰਦਰ ਸੈਣੀ, ਪ੍ਰਿੰਸੀਪਲ ਡਾਇਟ ਪਠਾਨਕੋਟ, ਪ੍ਰਿੰਸੀਪਲ ਦਰਸ਼ਨ ਸਿੰਘ, ਪ੍ਰਿੰਸੀਪਲ ਸੂਰਜ ਗੁਰੰਗ, ਪ੍ਰਿੰਸੀਪਲ ਪੰਕਜ ਮਹਾਜਨ, ਹੈਡਮਾਸਟਰ ਤੇਜਵੀਰ ਸਿੰਘ, ਰਜਿੰਦਰ ਕੁਮਾਰ ਜੂਨੀਅਰ ਅਸਿਸਟੈਂਟ ਹਾਜ਼ਰ ਸਨ।

# ‘ਦੁਨੀਆਂ ਦੇ ਕਿਰਤੀਆਂ ਦਾ ਅੰਤਰਰਾਸ਼ਟਰੀ ਕਿਰਤ ਦਿਵਸ’

‘ਮਜ਼ਦੂਰ ਦਿਵਸ’ 1 ਮਈ ਵਿਸ਼ਵ ਭਰ ਦੇ ਮਜ਼ਦੂਰ ਮਨਾਉਂਦੇ ਹਨ ਅਤੇ ਇਹ ਦਿਨ ਉਨ੍ਹਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ ਲਈ ਉਤਸ਼ਾਹਿਤ ਕਰਦਾ ਹੈ। ਇਸ ਦਿਨ ਦੀ ਸ਼ੁਰੂਆਤ ਮਜ਼ਦੂਰ ਯੂਨੀਅਨ ਅੰਦੋਲਨ, ਖਾਸ ਤੌਰ ’ਤੇ ਅੱਠ ਘੰਟੇ ਦੇ ਅੰਦੋਲਨ ਵਿਚ ਹੋਈ ਹੈ। ਮਈ ਦਿਵਸ ਵਜੋਂ ਪ੍ਰਸਿੱਧ ਇਹ ਦਿਨ ਭਾਰਤ, ਕਿਊਬਾ ਅਤੇ ਚੀਨ ਵਰਗੇ ਦੇਸ਼ਾਂ ਵਿਚ ਮਨਾਇਆ ਜਾਂਦਾ ਹੈ। ਇਸ ਦਿਨ ਵਿਸ਼ਵ ਭਰ ਦੇ ਲੋਕ ਮਜ਼ਦੂਰਾਂ ਦੇ ਹੱਕਾਂ ਲਈ ਅਤੇ ਉਨ੍ਹਾਂ ਨੂੰ ਸ਼ੋਸ਼ਣ ਤੋਂ ਬਚਾਉਣ ਲਈ ਰੋਸ ਪ੍ਰਦਰਸ਼ਨ ਅਤੇ ਮਾਰਚ ਕਰਕੇ ਇਹ ਦਿਵਸ ਮਨਾਉਂਦੇ ਹਨ। ਅੰਤਰ ਰਾਸ਼ਟਰੀ ਪੱਧਰ ’ਤੇ ਮਜ਼ਦੂਰ ਦਿਵਸ ਦੀ ਕਈ ਦੇਸ਼ਾਂ ਵਿਚ ਜਨਤਕ ਛੁੱਟੀ ਹੁੰਦੀ ਹੈ।

ਮਜ਼ਦੂਰ ਦਿਵਸ ਸੰਯੁਕਤ ਰਾਜ ਅਮਰੀਕਾ ਵਿਚ ਇਕ ਸੰਘੀ ਛੁੱਟੀ ਹੈ ਜੋ ਸਤੰਬਰ ਦੇ ਪਹਿਲੇ ਸੋਮਵਾਰ ਨੂੰ ਅਮਰੀਕੀ ਮਜ਼ਦੂਰ ਅੰਦੋਲਨ ਅਤੇ ਸੰਯੁਕਤ ਰਾਜ ਦੇ ਵਿਕਾਸ ਅਤੇ ਪ੍ਰਾਪਤੀਆਂ ਵਿਚ ਮਜ਼ਦੂਰਾਂ ਦੇ ਕੰਮਾਂ ਅਤੇ ਯੋਗਦਾਨ ਨੂੰ ਮਾਨਤਾ ਦੇਣ ਅਤੇ ਮਾਨਤਾ ਦੇਣ ਲਈ ਮਨਾਇਆ ਜਾਂਦਾ ਹੈ। ਜਿਸ ਦਿਨ ਇਹ ਤਿੰਨ ਦਿਨਾਂ ਦਾ ਵੀਕਐਂਡ ਆਉਂਦਾ ਹੈ, ਉਸ ਨੂੰ ਲੇਬਰ ਡੇਅ ਵੀਕਐਂਡ ਕਿਹਾ ਜਾਂਦਾ ਹੈ।

ਮਈ ਦਿਵਸ, ਜਿਸ ਨੂੰ ਮਜ਼ਦੂਰ ਦਿਵਸ ਜਾਂ ਅੰਤਰ ਰਾਸ਼ਟਰੀ ਮਜ਼ਦੂਰ ਦਿਵਸ ਵੀ ਕਿਹਾ ਜਾਂਦਾ ਹੈ। ਇਤਿਹਾਸਕ ਸੰਘਰਸ਼ਾਂ ਅਤੇ ਪ੍ਰਾਪਤੀਆਂ ਦੀ ਯਾਦ ਦਿਵਾਉਂਦਾ ਹੈ। ਵਰਕਰ ਅਤੇ ਮਜ਼ਦੂਰ ਅੰਦੋਲਨ, 1 ਮਈ ਨੂੰ ਕਈ ਦੇਸ਼ਾਂ ਵਿਚ ਮਨਾਇਆ ਗਿਆ, ਸੰਯੁਕਤ ਰਾਜ ਅਮਰੀਕਾ ਅਤੇ ਕੈਨੇਡਾ ਇਕ ਸਮਾਨ ਪਾਲਣਾ, ਜਿਸ ਨੂੰ ਕਿਹਾ ਜਾਂਦਾ ਹੈ ਮਜ਼ਦੂਰ ਦਿਵਸ, ਸਤੰਬਰ ਦੇ ਪਹਿਲੇ ਸੋਮਵਾਰ ਨੂੰ ਹੁੰਦਾ ਹੈ।

ਸਤੰਬਰ ਦੇ ਪਹਿਲੇ ਸੋਮਵਾਰ ਨੂੰ ਮਨਾਇਆ ਗਿਆ, ਮਜ਼ਦੂਰ ਦਿਵਸ ਅਮਰੀਕੀ ਕਾਮਿਆਂ ਦੀਆਂ ਸਮਾਜਿਕ ਅਤੇ ਆਰਥਿਕ ਪ੍ਰਾਪਤੀਆਂ ਦਾ ਸਾਲਾਨਾ ਜਸ਼ਨ ਹੈ। ਛੁੱਟੀ ਦੀ ਜੜ੍ਹ ਉਨੀਵੀਂ ਸਦੀ ਦੇ ਅਖੀਰ ਵਿਚ ਹੈ, ਜਦੋਂ ਮਜ਼ਦੂਰ ਕਾਰਕੁਨਾਂ ਨੇ ਅਮਰੀਕਾ ਦੀ ਤਾਕਤ, ਖੁਸ਼ਹਾਲੀ ਅਤੇ ਤੰਦਰੁਸਤੀ ਵਿਚ ਮਜ਼ਦੂਰਾਂ ਦੇ ਬਹੁਤ ਸਾਰੇ ਯੋਗਦਾਨਾਂ ਨੂੰ ਮਾਨਤਾ ਦੇਣ ਲਈ ਇਕ ਸੰਘੀ ਛੁੱਟੀ ਲਈ ਜ਼ੋਰ ਦਿੱਤਾ। ਇਸ ਦੀ ਸ਼ੁਰੂਆਤ ਮਜ਼ਦੂਰ ਯੂਨੀਅਨ ਅੰਦੋਲਨ ਵਿਚ ਹੋਈ, ਖਾਸ ਤੌਰ ’ਤੇ ਅੱਠ ਘੰਟੇ ਦੀ ਅੰਦੋਲਨ, ਜਿਸ ਨੂੰ ਅੱਠ ਘੰਟੇ ਕੰਮ, ਅੱਠ ਘੰਟੇ ਮਨੋਰੰਜਨ ਅਤੇ ਅੱਠ ਘੰਟੇ ਆਰਾਮ ਕਰਨ ਦੀ ਵਕਾਲਤ ਕੀਤੀ ਗਈ ਸੀ।

ਮਈ ਦਿਵਸ ਜਾਂ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦਾ ਇਕ ਖਾਸ ਇਤਿਹਾਸ ਹੈ। ਇਸ ਦਿਨ ਦਾ ਦੁਨੀਆਂ ਦੇ ਮਿਹਨਤਕਸ਼ ਮਜ਼ਦੂਰਾਂ ਲਈ ਵਿਸ਼ੇਸ਼ ਮਹੱਤਵ ਹੈ। ਇਸ ਦੀ ਸੰਯੁਕਤ ਰਾਜ ਅਮਰੀਕਾ ਵਿਚ ਮਜ਼ਦੂਰਾਂ ਦੇ ਕੰਮ 08 ਘੰਟੇ ਕਰਨ ਨੂੰ ਲੈ ਕੇ ਕੀਤੇ ਗਏ ਸੰਘਰਸ਼ ਨਾਲ ਹੋਈ ਸੀ। ਇਸ ਤੋਂ ਪਹਿਲਾਂ ਮਜ਼ਦੂਰਾਂ ਦੇ ਕੰਮ ਦੇ ਘੰਟੇ ਨਿਸ਼ਚਿਤ ਨਹੀਂ ਸਨ। ਉਨ੍ਹਾਂ ਕੋਲੋਂ 12 ਘੰਟੇ ਤੋਂ ਵੀ ਜ਼ਿਆਦਾ ਸਮਾਂ ਕੰਮ ਕਰਵਾਇਆ ਜਾਂਦਾ ਸੀ ਅਤੇ ਜੇਕਰ ਕੋਈ ਮਜ਼ਦੂਰ ਇਸ ਜ਼ਬਰ-ਜ਼ੁਲਮ ਖ਼ਿਲਾਫ਼ ਆਵਾਜ਼ ਉਠਾਉਂਦਾ ਸੀ ਤਾਂ ਉਸ ਨੂੰ ਕੰਮ ਤੋਂ ਕੱਢ ਦਿੱਤਾ ਜਾਂਦਾ ਸੀ। ਇਸ ਸ਼ੋਸ਼ਣ ਤੇ ਜ਼ਬਰ ਦੇ ਖ਼ਿਲਾਫ਼ ਅਮਰੀਕਾ ਵਿਚ 01 ਮਈ ਨੂੰ ਮਜ਼ਦੂਰ ਜਥੇਬੰਦੀਆਂ ਨੇ ਇਕ ਦਿਨ ਦੀ ਹੜਤਾਲ ਕੀਤੀ, ਜਿਸ ਨੂੰ ਜ਼ਬਰਦਸਤ ਸਮਰਥਨ ਮਿਲਿਆ। 04 ਮਈ 1886 ਈਸਵੀ ਨੂੰ ਸ਼ਿਕਾਗੋ ਵਿਚ ਜਦੋਂ ਮਜ਼ਦੂਰਾਂ ਦੇ ਸ਼ੋਸ਼ਣ ਨੂੰ ਰੋਕਣ ਲਈ ਮਜ਼ਦੂਰ ਇਕੱਠੇ ਹੋ ਕੇ ਮੰਗ ਕਰ ਰਹੇ ਸਨ ਕਿ ਇਸ ਦੌਰਾਨ ਕਿਸੇ ਵਿਅਕਤੀ ਨੇ ਬੰਬਾ ਚਲਾ ਦਿੱਤਾ ਅਤੇ ਬਾਅਦ ਵਿਚ ਪੁਲਿਸ ਫਾਇਰਿੰਗ ਵਿਚ 04 ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਕੁਝ ਪੁਲਿਸ ਵਾਲੇ ਵੀ ਮਾਰੇ ਗਏ। ਸਰਕਾਰ ਵੱਲੋਂ ਮਜ਼ਦੂਰ ਆਗੂਆਂ ਵਿਰੁੱਧ ਕਾਰਵਾਈ ਕਰਦਿਆਂ ਕਈ ਮਜ਼ਦੂਰਾਂ ਅਤੇ ਮਜ਼ਦੂਰ ਆਗੂਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ 08 ਮਜ਼ਦੂਰ ਆਗੂਆਂ ’ਤੇ ਮੁਕੱਦਮਾ ਚਲਾਇਆ ਗਿਆ। ਉਪਰੋਕਤ ਆਗੂਆਂ ਵਿਚੋਂ ਕਿਸੇ ਦਾ ਵੀ ਬੰਬ ਧਮਾਕੇ ਦਾ ਦੋਸ਼ੀ ਸਾਬਤ ਨਹੀਂ ਹੋਇਆ ਪਰ ਫਿਰ ਵੀ ਸੱਤ ਆਗੂਆਂ, ਜਿਨ੍ਹਾਂ ਵਿਚੋਂ ਕਿਸੇ ਦਾ ਵੀ ਬੰਬ ਧਮਾਕੇ ਦਾ ਦੋਸ਼ੀ ਸਾਬਤ ਨਹੀਂ ਹੋਇਆ ਪਰ ਫਿਰ ਵੀ ਸੱਤ ਆਗੂਆਂ, ਜਿਨ੍ਹਾਂ ਵਿਚੋਂ ਅਲਬਰਟ ਪਾਰਸਨਜ਼, ਆਗਸਟ ਸਪਾਈਜ਼, ਸੈਮੂਅਲ ਫੀਲਡਜ਼, ਮਾਈਕਲ ਸੁਆਬ, ਲੂਟੀਕਿੰਗ, ਅਡੌਲਫ ਫਿਸ਼ਰ ਤੇ ਜਾਰਜ ਐਨਗਿਲ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਅੱਠਵੇਂ ਆਗੂ ਆਸਕਾਰ ਨੀਵ ਨੂੰ 15 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ।

ਮਜ਼ਦੂਰ ਲਹਿਰ ਅਤੇ ਮਜ਼ਦੂਰ ਸੰਗਠਨ ਨੂੰ ਬਦਨਾਮ ਕਰਨ ਅਤੇ ਆਮ ਲੋਕਾਂ ਵਿਚ ਮਜ਼ਦੂਰ ਵਿਰੋਧੀ ਹਵਾ ਬਣਾਉਣ ਲਈ ਮਿੱਲ ਮਾਲਕਾਂ ਅਤੇ ਸਰਕਾਰ ਵੱਲੋਂ ਪਾਣੀ ਵਾਂਗ ਪੈਸਾ ਵਹਾ ਕੇ ਮਨੋਵਿਗਿਆਨਕ ਜੰਗ ਰਾਹੀਂ ਮੀਡੀਆ ਟਰਾਇਲ ਕੀਤਾ ਗਿਆ। ਉਪਰੋਕਤ ਨਾਜਾਇਜ਼ ਸਜ਼ਾਵਾਂ ਨੂੰ ਰੋਕਣ ਲਈ ਯੂਰਪ ਤੇ ਅਮਰੀਕਾ ਦੀਆਂ ਮਜ਼ਦੂਰ ਜਥੇਬੰਦੀਆਂ ਨੇ ਵੱਡੇ-ਵੱਡੇ ਰੋਸ ਮੁਜ਼ਾਹਰੇ ਵੀ ਕੀਤੇ ਪਰ ਸਰਕਾਰ ਨੇ ਬਚਾਓ ਪੱਖ ਦੀ ਕੋਈ ਵੀ ਦਲੀਲ ਨਹੀਂ ਸੁਣੀ। ਲੋਕਾਂ ਦੇ ਭਾਰੀ ਦਬਾਅ ਕਾਰਨ ਦੋ ਆਗੂਆਂ ਫੀਲਡਜ਼ ਅਤੇ ਸੁਆਬ ਦੀ ਮੌਤ ਦੀ ਸਜ਼ਾ ਨੂੰ ਘਟਾ ਕੇ ਉਮਰ ਕੈਦ ਵਿਚ ਤਬਦੀਲ ਕਰ ਦਿੱਤਾ ਗਿਆ, ਲੂਈ ਕਿੰਗ ਦੀ ਜੇਲ੍ਹ ਵਿਚ ਹੀ ਮੌਤ ਹੋ ਗਈ, ਅਲਬਰਟ ਪਾਰਸਨਜ਼ ਨੇ ਕਿਹਾ ਕਿ ’’ਤੁਸੀਂ ਸਾਨੂੰ ਮਾਰ ਕੇ ਸਾਡੇ ਕੋਲੋਂ ਸ਼ਬਦ ਤਾਂ ਖੋਹ ਸਕਦੇ ਹੋ, ਪਰ ਇਕ ਸਮਾਂ ਆਏਗਾ ਜਦੋਂ ਸਾਡੀ ਚੁੱਪ ਸਾਡੇ ਸ਼ਬਦਾਂ ਨਾਲੋਂ ਵੀ ਵੱਧ ਬੋਲੇਗੀ।’’ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਬਾਕੀ ਬਚੇ ਤਿੰਨ ਆਗੂਆਂ ਨੂੰ 1893 ਵਿਚ ਰਿਹਾਅ ਕਰ ਦਿੱਤਾ ਗਿਆ ਕਿਉਂਕਿ ਇਹਨਾਂ ਵਿਰੁੱਧ ਲੱਗੇ ਦੋਸ਼ ਸਾਬਤ ਨਹੀਂ ਸੀ ਹੋ ਸਕੇ। ਦੁਨੀਆਂ ਭਰ ਦੀ ਮਜ਼ਦੂਰ ਲਹਿਰ ਵੱਲੋਂ ਸ਼ਿਕਾਗੋ ਦੇ ਉਪਰੋਕਤ ਸ਼ਹੀਦਾਂ ਨੂੰ ਸ਼ਿਕਾਗੋ ਦੇ ਸ਼ਹੀਦ ਕਹਿ ਕੇ ਸਨਮਾਨਿਆ ਜਾਂਦਾ ਹੈ।

19ਵੀਂ ਸਦੀ ਦੇ ਅਖੀਰ ਵਿਚ ਜਿਵੇਂ ਕਿ ਟਰੇਡ ਯੂਨੀਅਨਾਂ ਅਤੇ ਮਜ਼ਦੂਰ ਲਹਿਰਾਂ ਵਿਚ ਵਾਧਾ ਹੋਇਆ। ਟਰੇਡ ਯੂਨੀਅਨਿਸਟਾਂ ਨੇ ਪ੍ਰਸਤਾਵ ਕੀਤਾ ਕਿ ਮਜ਼ਦੂਰ ਨੂੰ ਮਨਾਉਣ ਲਈ ਇਕ ਦਿਨ ਨਿਰਧਾਰਿਤ ਕੀਤਾ ਜਾਵੇ। ‘ਲੇਬਰ ਡੇ’ ਨੂੰ ਸੈਂਟਰਲ ਲੇਬਰ ਯੂਨੀਅਨ ਅਤੇ ਨਾਈਟਸ ਆਫ਼ ਲੇਬਰ ਦੁਆਰਾ ਉਤਸ਼ਾਹਿਤ ਕੀਤਾ ਗਿਆ ਸੀ, ਜਿਸ ਨੇ ਨਿਊਯਾਰਕ ਸਿਟੀ ਵਿਚ ਪਹਿਲੀ ਪਰੇਡ ਦਾ ਆਯੋਜਨ ਕੀਤਾ ਸੀ। 1887 ਵਿਚ, ਉਰੇਗਨ ਅਮਰੀਕਾ ਦਾ ਪਹਿਲਾ ਰਾਜ ਸੀ, ਜਿਸ ਨੇ ਇਸ ਨੂੰ ਇਕ ਸਰਕਾਰੀ ਜਨਤਕ ਛੁੱਟੀ ਬਣਾਇਆ ਸੀ। 1894 ਵਿਚ ਜਦੋਂ ਇਹ ਅਧਿਕਾਰਿਤ ਸੰਘੀ ਛੁੱਟੀ ਬਣ ਗਿਆ, ਅਮਰੀਕਾ ਦੇ ਤੀਹ ਰਾਜਾਂ ਨੇ ਅਧਿਕਾਰਿਤ ਤੌਰ ’ਤੇ ਮਜ਼ਦੂਰ ਦਿਵਸ ਮਨਾਇਆ।

ਕੈਨੇਡਾ ਦਾ ਮਜ਼ਦੂਰ ਦਿਵਸ ਵੀ ਸਤੰਬਰ ਦੇ ਪਹਿਲੇ ਸੋਮਵਾਰ ਨੂੰ ਮਨਾਇਆ ਜਾਂਦਾ ਹੈ। 80 ਤੋਂ ਵੱਧ ਦੇਸ਼ 1 ਮਈ ਨੂੰ ‘ਅੰਤਰਰਾਸ਼ਟਰੀ ਮਜ਼ਦੂਰ ਦਿਵਸ’ ਜਾਂ ’ਕਿਰਤੀਆਂ ਦੀ ਕਿਰਤ ਦਾ ਅੰਤਰ ਰਾਸ਼ਟਰੀ ਕਿਰਤ ਦਿਵਸ ਮਨਾਉਂਦੇ ਹਨ। ਮਈ ਦਿਵਸ ਦੀ ਪ੍ਰਾਚੀਨ ਯੂਰਪੀ ਛੁੱਟੀ 1 ਮਈ ਦਿਵਸ ਨੂੰ ਸਮਾਜਵਾਦੀ ਅਤੇ ਕਮਿਊਨਿਸਟ ਪਾਰਟੀਆਂ ਦੇ ਦੂਜੇ ਅੰਤਰ ਰਾਸ਼ਟਰੀ ਦੁਆਰਾ ਹੇਮਾਰਕੇਟ ਮਾਮਲੇ ਦੀ ਯਾਦ ਵਿਚ ਚੁਣਿਆ ਗਿਆ ਸੀ, ਜੋ ਕਿ 4 ਮਈ, 1886 ਨੂੰ ਸ਼ਿਕਾਗੋ ਵਿਚ ਹੋਇਆ ਸੀ।

19ਵੀਂ ਸਦੀ ਦੇ ਅਖੀਰ ਵਿਚ, ਜਿਵੇਂ ਕਿ ਟਰੇਡ ਯੂਨੀਅਨਾਂ ਅਤੇ ਮਜ਼ਦੂਰ ਅੰਦੋਲਨ ਆਪਣੀਆਂ ਹੱਕੀ ਮੰਗਾਂ ਮਨਵਾਉਣ ਲਈ ਵਧਦੇ ਗਏ, ਟ੍ਰੇਡ ਯੂਨੀਅਨਿਸਟਾਂ ਦੇ ਵਿਭਿੰਨ ਸਮੂਹਾਂ ਨੇ ਮਜ਼ਦੂਰਾਂ ਨੂੰ ਮਨਾਉਣ ਲਈ ਕਈ ਦਿਨ ਚੁਣੇ। ਸੰਯੁਕਤ ਰਾਜ ਵਿਚ, 1880 ਦੇ ਦਹਾਕੇ ਦੇ ਸ਼ੁਰੂ ਵਿਚ ਸਤੰਬਰ ਦੀ ਛੁੱਟੀ




ਨੂੰ ਲੇਬਰ ਡੇਅ ਕਿਹਾ ਜਾਂਦਾ ਹੈ।

ਘਟਨਾ ਦੇ ਮੂਲ ਦੇ ਵਿਕਲਪਿਤ ਖਾਤੇ ਮੌਜੂਦ ਹਨ। ਸਮਾਨ ਆਖਰੀ ਨਾਵਾਂ ਵਾਲੇ ਦੋ ਆਦਮੀਆਂ ਦੇ ਵੰਸ਼ਜ ਦਾ ਦਾਅਵਾ ਹੈ ਕਿ ਉਨ੍ਹਾਂ ਦੇ ਪੜਦਾਦਾ ਛੁੱਟੀਆਂ ਦੇ ਅਸਲ ਪਿਤਾ ਸਨ।

ਮਜ਼ਦੂਰ ਦਿਵਸ ਦੇ ਇਕ ਸ਼ੁਰੂਆਤੀ ਇਤਿਹਾਸ ਦੇ ਅਨੁਸਾਰ, ਇਹ ਘਟਨਾ 1882 ਵਿਚ ਨਿਊਯਾਰਕ ਸਿਟੀ ਵਿਚ ਬੁਲਾਈ ਗਈ ਨਾਈਟਸ ਆਫ਼ ਲੇਬਰ ਦੀ ਇਕ ਜਨਰਲ ਅਸੈਂਬਲੀ ਦੇ ਸਬੰਧ ਵਿਚ ਸ਼ੁਰੂ ਹੋਈ ਸੀ। ਇਸ ਗੁਪਤ ਨਾਈਟਸ ਅਸੈਂਬਲੀ ਦੇ ਸਬੰਧ ਵਿਚ, ਵੱਖ-ਵੱਖ ਮਜ਼ਦੂਰ ਸੰਗਠਨਾਂ ਦੀ ਇਕ ਜਨਤਕ ਪਰੇਡ ਨਿਊਯਾਰਕ ਦੀ ਸੈਂਟਰਲ ਲੇਬਰ ਯੂਨੀਅਨ ਦੀ ਸਰਪ੍ਰਸਤੀ ਹੇਠ 5 ਸਤੰਬਰ ਨੂੰ ਆਯੋਜਿਤ ਕੀਤਾ ਗਿਆ ਸੀ। ਯੂਨੀਅਨ ਦੇ ਸਕੱਤਰ ਮੈਥਿਊ ਮੈਗੁਇਰ ਨੂੰ ਸਭ ਤੋਂ ਪਹਿਲਾਂ ਪ੍ਰਸਤਾਵਿਤ ਕਰਨ ਦਾ ਸਿਹਰਾ ਜਾਂਦਾ ਹੈ ਕਿ ਇਸ ਸਫਲ ਜਨਤਕ ਪ੍ਰਦਰਸ਼ਨ ਦੇ ਨਤੀਜੇ ਵਜੋਂ ਬਾਅਦ ਵਿਚ ਹਰ ਸਤੰਬਰ ਦੇ ਪਹਿਲੇ ਸੋਮਵਾਰ ਨੂੰ ਰਾਸ਼ਟਰੀ ਮਜ਼ਦੂਰ ਦਿਵਸ ਦੀ ਛੁੱਟੀ ਰੱਖੀ ਜਾਵੇ।

ਇਕ ਵਿਕਲਪਿਕ ਥੀਸਿਸ ਇਹ ਮੰਨਦਾ ਹੈ ਕਿ ਲੇਬਰ ਡੇਅ ਦਾ ਵਿਚਾਰ ਅਮਰੀਕੀ ਫੈਡਰੇਸ਼ਨ ਆਫ਼ ਲੇਬਰ ਦੇ ਉਪ ਪ੍ਰਧਾਨ ਪੀਟਰ ਜੇ. ਮੈਕਗੁਇਰ ਦੇ ਦਿਮਾਗ ਦੀ ਉਪਜ ਸੀ, ਜਿਸ ਨੇ ਟਰਾਂਟੋ ਦੀ ਫੇਰੀ ਤੋਂ ਬਾਅਦ, ਜਿੱਥੇ ਉਸ ਨੇ ਮਈ ਵਿਚ ਮਜ਼ਦੂਰਾਂ ਦਾ ਜਸ਼ਨ ਮਨਾਉਂਦੇ ਪਰੇਡਾਂ ਨੂੰ ਦੇਖਿਆ ਸੀ, ਨੇ 1882 ਦੀ ਬਸੰਤ ਵਿਚ ਸ਼ੁਰੂਆਤੀ ਪ੍ਰਸਤਾਵ ਨੂੰ ਅੱਗੇ ਰੱਖਿਆ ਸੀ। ਮੈਕਗੁਇਰ ਦੇ ਅਨੁਸਾਰ 8 ਮਈ, 1882 ਨੂੰ ਉਸਨੇ ਨਿਊਯਾਰਕ ਸਿਟੀ ਵਿਚ ਨਵੀਂ ਕੇਂਦਰੀ ਮਜ਼ਦੂਰ ਯੂਨੀਅਨ ਨੂੰ ਇਕ ਪ੍ਰਸਤਾਵ ਦਿੱਤਾ ਕਿ ਇਕ ਦਿਨ ਨਿਰਧਾਰਿਤ ਕੀਤੀ ਜਾਵੇ। ਮਜ਼ਦੂਰ ਜਮਾਤਾਂ ਲਈ ਆਮ ਛੁੱਟੀ। ਮੈਕਗੁਇਰ ਦੇ ਅਨੁਸਾਰ ਉਸ ਨੇ ਅੱਗੇ ਸਿਫਾਰਸ਼ ਕੀਤੀ ਕਿ ਸਮਾਗਮ ਦੀ ਸ਼ੁਰੂਆਤ ਸੰਗਠਿਤ ਮਜ਼ਦੂਰਾਂ ਦੀ ਏਕਤਾ ਅਤੇ ਤਾਕਤ ਦੇ ਜਨਤਕ ਪ੍ਰਦਰਸ਼ਨ ਵਜੋਂ ਇਕ ਸਟ੍ਰੀਟ ਪਰੇਡ ਨਾਲ ਹੋਣੀ ਚਾਹੀਦੀ ਹੈ। ਮਾਰਚ ਦੇ ਬਾਅਦ ਇਕ ਪਿਕਨਿਕ ਦੇ ਨਾਲ, ਜਿਸ ਵਿਚ ਹਿੱਸਾ ਲੈਣ ਵਾਲੀਆਂ ਸਥਾਨਕ ਯੂਨੀਅਨਾਂ ਇਕ ਫੰਡਰੇਜ਼ਰ ਵਜੋਂ ਟਿਕਟਾਂ ਵੇਚ ਸਕਦੀਆਂ ਹਨ। ਮੈਕਗੁਇਰ ਦੇ ਅਨੁਸਾਰ, ਉਸਨੇ ਚੌਥੀ ਜੁਲਾਈ ਅਤੇ ਥੈਂਕਸਗਿਵਿੰਗ ਜਨਤਕ ਛੁੱਟੀਆਂ ਦੇ ਵਿਚਕਾਰ ਬੈਠ ਕੇ, ਅਨੁਕੂਲ ਮੌਸਮ ਅਤੇ ਕੈਲੰਡਰ ਵਿਚ ਮਿਤੀ ਦੀ ਜਗ੍ਹਾ ਦੇ ਕਾਰਨ, ਅਜਿਹੇ ਜਨਤਕ ਜਸ਼ਨ ਲਈ ਇਕ ਆਦਰਸ਼ ਮਿਤੀ ਵਜੋਂ ਸਤੰਬਰ ਦੇ ਪਹਿਲੇ ਸੋਮਵਾਰ ਨੂੰ ਸੁਝਾਅ ਦਿੱਤਾ।

ਮਜ਼ਦੂਰ ਦਿਵਸ ਪਿਕਨਿਕਾਂ ਅਤੇ ਹੋਰ ਜਨਤਕ ਇਕੱਠਾਂ ਵਿਚ ਪ੍ਰਮੁੱਖ ਮਜ਼ਦੂਰ ਨੇਤਾਵਾਂ ਦੁਆਰਾ ਅਕਸਰ ਭਾਸ਼ਣ ਦਿੱਤੇ ਜਾਂਦੇ ਹਨ।

1909 ਵਿਚ ਅਮਰੀਕਨ ਫੈਡਰੇਸ਼ਨ ਆਫ਼ ਲੇਬਰ ਕਨਵੈਨਸ਼ਨ ਨੇ ਮਜ਼ਦੂਰ ਦਿਵਸ ਤੋਂ ਪਹਿਲਾਂ ਵਾਲੇ ਐਤਵਾਰ ਨੂੰ ’ਲੇਬਰ ਐਤਵਾਰ’ ਵਜੋਂ ਮਨੋਨੀਤ ਕੀਤਾ, ਜੋ ਕਿ ਮਜ਼ਦੂਰ ਅੰਦੋਲਨ ਦੇ ਅਧਿਆਤਮਕ ਅਤੇ ਵਿਦਿਅਕ ਪਹਿਲੂਆਂ ਨੂੰ ਸਮਰਪਿਤ ਹੈ। ਇਹ ਸੈਕੰਡਰੀ ਤਾਰੀਖ਼ ਪ੍ਰਸਿੱਧ ਸੱਭਿਆਚਾਰ ਵਿਚ ਮਹੱਤਵਪੂਰਨ ਖਿੱਚ ਪ੍ਰਾਪਤ ਕਰਨ ਵਿਚ ਅਸਫਲ ਰਹੀ, ਹਾਲਾਂਕਿ ਕੁਝ ਚਰਚ ਇਸ ਨੂੰ ਸਵੀਕਾਰ ਕਰਦੇ ਰਹਿੰਦੇ ਹਨ।

ਸਮਾਗਮ ਦੀ ਪ੍ਰਸਿੱਧੀ ਦੇਸ਼ ਭਰ ਵਿਚ ਫੈਲ ਗਈ। 1887 ਵਿਚ, ’ਓਰੇਗਨ ਲੇਬਰ ਡੇਅ’ ਨੂੰ ਅਧਿਕਾਰਿਤ ਜਨਤਕ ਛੁੱਟੀ ਬਣਾਉਣ ਵਾਲਾ ਸੰਯੁਕਤ ਰਾਜ ਦਾ ਪਹਿਲਾ ਰਾਜ ਬਣ ਗਿਆ। 1894 ਤੱਕ, ਅਮਰੀਕਾ ਦੇ ਤੀਹ ਰਾਜ ਪਹਿਲਾਂ ਹੀ ਅਧਿਕਾਰਿਤ ਤੌਰ ’ਤੇ ਮਜ਼ਦੂਰ ਦਿਵਸ ਮਨਾ ਰਹੇ ਸਨ। ਉਸ ਸਾਲ, ਕਾਂਗਰਸ ਨੇ ਸਤੰਬਰ ਦੇ ਪਹਿਲੇ ਸੋਮਵਾਰ ਨੂੰ ਮਜ਼ਦੂਰ ਦਿਵਸ ਵਜੋਂ ਮਾਨਤਾ ਦੇਣ ਅਤੇ ਇਸ ਨੂੰ ਅਧਿਕਾਰਿਤ ਸੰਘੀ ਛੁੱਟੀ ਬਣਾਉਣ ਵਾਲਾ ਬਿਲ ਪਾਸ ਕੀਤਾ। ਰਾਸ਼ਟਰਪਤੀ ਗਰੋਵਰ ਕਲੀਵਲੈਂਡ ਨੇ 28 ਜੂਨ ਨੂੰ ਬਿਲ ’ਤੇ ਦਸਤਖ਼ਤ ਕੀਤੇ। 1930 ਦੇ ਦਹਾਕੇ ਦੇ ਅਖੀਰ ਤੱਕ, ਯੂਨੀਅਨਾਂ ਕਰਮਚਾਰੀਆਂ ਨੂੰ ਹੜਤਾਲ ਕਰਨ ਲਈ ਉਤਸ਼ਾਹਿਤ ਕਰ ਰਹੀਆਂ ਸਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਨ੍ਹਾਂ ਨੂੰ ਦਿਨ ਦੀ ਛੁੱਟੀ ਮਿਲੇ। ਅਮਰੀਕਾ ਦੇ ਸਾਰੇ ਰਾਜ, ਡਿਸਟ੍ਰਿਕਟ ਆਫ਼ ਕੋਲੰਬੀਆ ਅਤੇ ਸੰਯੁਕਤ ਰਾਜ ਦੇ ਪ੍ਰਦੇਸ਼ਾਂ ਨੇ ਬਾਅਦ ਵਿਚ ਲੇਬਰ ਡੇਅ ਨੂੰ ਇਕ ਕਾਨੂੰਨੀ ਛੁੱਟੀ ਬਣਾ ਦਿੱਤਾ ਹੈ।

ਮਜ਼ਦੂਰ ਦਿਵਸ ਬਨਾਮ ਮਈ ਦਿਵਸ: ਇਕ ਮਈ ਦੀ ਤਾਰੀਖ਼ (ਇਕ ਪ੍ਰਾਚੀਨ ਯੂਰਪੀਅਨ ਲੋਕ ਛੁੱਟੀ ਜਿਸਨੂੰ ਮਈ ਦਿਵਸ ਵਜੋਂ ਜਾਣਿਆ ਜਾਂਦਾ ਹੈ) 1886 ਵਿਚ ਮਜ਼ਦੂਰਾਂ ਦੇ ਜਸ਼ਨ ਲਈ ਇਕ ਵਿਕਲਪਿਕ ਛੁੱਟੀ ਵਜੋਂ ਉਭਰਿਆ, ਬਾਅਦ ਵਿਚ ਅੰਤਰ ਰਾਸ਼ਟਰੀ ਮਜ਼ਦੂਰ ਦਿਵਸ ਵਜੋਂ ਜਾਣਿਆ ਜਾਣ ਲੱਗਾ। ਇਸ ਤਾਰੀਖ਼ ਦੀ ਸ਼ੁਰੂਆਤ ਅਮਰੀਕਨ ਫੈਡਰੇਸ਼ਨ ਆਫ਼ ਲੇਬਰ ਦੀ 1885 ਦੀ ਕਨਵੈਨਸ਼ਨ ਤੋਂ ਹੋਈ ਸੀ, ਜਿਸਨੇ 1 ਮਈ, 1886 ਤੋਂ ਅੱਠ ਘੰਟੇ ਦੇ ਦਿਨ ਨੂੰ ਲਾਗੂ ਕਰਨ ਲਈ ਇਕ ਮਤਾ ਪਾਸ ਕੀਤਾ ਸੀ। ਖੂਨੀ ਹੇਮਾਰਕੇਟ ਮਾਮਲੇ ਦੀ ਤਾਰੀਖ਼ ਦੀ ਨੇੜਤਾ 4 ਮਈ, 1886 ਨੇ ਮਈ ਫਸਟ ਦੀ ਰੈਡੀਕਲ ਸਾਖ ਨੂੰ ਹੋਰ ਵਧਾ ਦਿੱਤਾ।

ਇਸ ਸਮੇਂ ਮਜ਼ਦੂਰ ਯੂਨੀਅਨਾਂ ਵਿਚ ਇਸ ਗੱਲ ਨੂੰ ਲੈ ਕੇ ਅਸਹਿਮਤੀ ਸੀ ਕਿ ਮਜ਼ਦੂਰਾਂ ਨੂੰ ਛੁੱਟੀਆਂ ਕਦੋਂ ਮਨਾਉਣੀਆਂ ਚਾਹੀਦੀਆਂ ਹਨ, ਕੁਝ ਨੇ ਸਤੰਬਰ-ਮਾਰਚ ਅਤੇ ਪਿਕਨਿਕ ਦੀ ਤਾਰੀਖ਼ ’ਤੇ ਲਗਾਤਾਰ ਜੋਰ ਦੇਣ ਦੀ ਵਕਾਲਤ ਕੀਤੀ ਜਦੋਂ ਕਿ 1 ਮਈ ਦੀ ਵਧੇਰੇ ਸਿਆਸੀ ਤੌਰ ’ਤੇ ਚਾਰ ਵਾਲੀ ਮਿਤੀ ਦ ਅਹੁਦੇ ਦੀ ਮੰਗ ਕੀਤੀ। ਕੰਜ਼ਰਵੇਟਿਵ ਡੈਮੋਕਰੇਟਿਕ, ਰਾਸ਼ਟਰਪਤੀ ਗਰੋਵਰ ਕਲੀਵਲੈਂਡ ਉਹਨਾਂ ਲੋਕਾਂ ਵਿਚੋਂ ਇਕ ਸਨ ਜੋ 1 ਮਈ ਨੂੰ ਮਜ਼ਦੂਰਾਂ ਦੀ ਛੁੱਟੀ ਹੇਮਾਰਕੇਟ ਮਾਮਲੇ ਦੀ ਯਾਦਗਾਰ ਬਣਦੇ ਹਨ ਅਤੇ ਸਮਾਜਵਾਦੀ ਅਤੇ ਅਰਾਜਕਤਾਵਾਦੀ ਅੰਦੋਲਨਾਂ ਨੂੰ ਮਜ਼ਦੂਰ ਕਰਨਗੇ ਜੋ ਵਿਸ਼ਵ ਭਰ ਵਿਚ 1 ਮਈ ਦੇ ਸਮਾਰੋਹ ਦਾ ਸਮਰਥਨ ਕਰਦੇ ਹਨ। 1887 ਵਿਚ, ਉਸ ਨੇ ਜਨਤਕ ਤੌਰ ’ਤੇ ਸਤੰਬਰ ਮਜ਼ਦੂਰ ਦਿਵਸ ਦੀ ਛੁੱਟੀ ਨੂੰ ਘੱਟ ਭੜਕਾਊ ਵਿਕਲਪ ਵਜੋਂ ਸਮਰਥਨ ਕੀਤਾ, ਰਸਮੀ ਤੌਰ ’ਤੇ ਉਸਨੇ 1894 ਵਿਚ ਦਸਤਖ਼ਤ ਕੀਤੇ ਕਾਨੂੰਨ ਰਾਹੀਂ ਸੰਯੁਕਤ ਰਾਜ ਸੰਘੀ ਛੁੱਟੀ ਵਜੋਂ ਤਾਰੀਖ਼ ਨੂੰ ਅਪਣਾਇਆ।

1950 ਦੇ ਦਹਾਕੇ ਦੇ ਮੱਧ ਤੋਂ, ਸੰਯੁਕਤ ਰਾਜ ਅਮਰੀਕਾ ਨੇ 1 ਮਈ ਨੂੰ ਵਫ਼ਾਦਾਰੀ ਦਿਵਸ ਅਤੇ ਕਾਨੂੰਨ ਦਿਵਸ ਮਨਾਇਆ ਹੈ। ਮਜ਼ਦੂਰ ਦਿਵਸ ਦੇ ਉਲਟ, ਨਾ ਤਾਂ ਕਾਨੂੰਨੀ ਜਨਤਕ ਛੁੱਟੀਆਂ ਹਨ (ਉਸ ਵਿਚ ਸਰਕਾਰੀ ਏਜੰਸੀਆਂ ਅਤੇ ਜ਼ਿਆਦਾਤਰ ਕਾਰੋਬਾਰ ਉਹਨਾਂ ਨੂੰ ਮਨਾਉਣ ਲਈ ਬੰਦ ਕਰਦੇ ਹਨ) ਅਤੇ ਇਸ ਲਈ ਮੁਕਾਬਲਤਨ ਰਿਹਾ ਹੈ। ਅਸਪਸ਼ਟ ਵਫ਼ਾਦਾਰੀ ਦਿਵਸ ਰਸਮੀ ਤੌਰ ’ਤੇ ਕੁਝ ਸ਼ਹਿਰਾਂ ਵਿਚ ਮਨਾਇਆ ਜਾਂਦਾ ਹੈ, ਜਦੋਂ ਕਿ ਕੁਝ ਬਾਰ ਐਸੋਸੀਏਸ਼ਨਾਂ ਕਾਨੂੰਨ ਦੇ ਰਾਜ ਦਾ ਜਸ਼ਨ ਮਨਾਉਣ ਲਈ ਕਾਨੂੰਨ ਦਿਵਸ ਸਮਾਗਮਾਂ ਦਾ ਆਯੋਜਨ ਕਰਦੀਆਂ ਹਨ।

ਮਜ਼ਦੂਰ ਦਿਵਸ ਨੂੰ ‘ਗਰਮੀਆਂ ਦਾ ਅਣਅਧਿਕਾਰਿਤ ਅੰਤ’ ਕਿਹਾ ਜਾਂਦਾ ਹੈ ਕਿਉਂਕਿ ਇਹ ਸਭਿਆਚਾਰਕ ਗਰਮੀ ਦੇ ਮੌਸਮ ਦੇ ਅੰਤ ਨੂੰ ਦਰਸਾਉਂਦਾ ਹੈ। ਬਹੁਤ ਸਾਰੇ ਲੇਬਰ ਡੇਅ ਵੀਕਐਂਡ ਨੂੰ ਖਤਮ ਹੋਣ ਵਾਲੇ ਦੋ ਹਫਤਿਆਂ ਦੌਰਾਨ ਆਪਣੀਆਂ ਦੋ-ਹਫਤਿਆਂ ਦੀਆਂ ਛੁੱਟੀਆਂ ਲੈਂਦੇ ਹਨ। ਬਹੁਤ ਸਾਰੀਆਂ ਪਤਝੜ ਦੀਆਂ ਗਤੀਵਿਧੀਆਂ, ਜਿਵੇਂ ਕਿ ਸਕੂਲ ਅਤੇ ਖੇਡਾਂ, ਇਸ ਸਮੇਂ ਤੋਂ ਸ਼ੁਰੂ ਹੁੰਦੀਆਂ ਹਨ।

ਸੰਯੁਕਤ ਰਾਜ ਵਿਚ, ਬਹੁਤ ਸਾਰੇ ਸਕੂਲੀ ਜ਼ਿਲ੍ਹਿਆਂ ਵਿਚ ਲੇਬਰ ਡੇਅ ਛੁੱਟੀ ਵਾਲੇ ਹਫਤੇ ਦੇ ਦੁਆਲੇ ਕਲਾਸਾਂ ਮੁੜ ਸ਼ੁਰੂ ਹੁੰਦੀਆਂ ਹਨ। ਕੁਝ ਹਫਤੇ ਪਹਿਲਾਂ ਸ਼ੁਰੂ ਹੁੰਦੇ ਹਨ, ਲੇਬਰ ਡੇ ਵੀਕਐਂਡ ਨੂੰ ਸਕੂਲ ਕੈਲੰਡਰ ਦਾ ਪਹਿਲਾ ਤਿੰਨ-ਦਿਨ ਵੀਕਐਂਡ ਬਣਾਉਂਦੇ ਹਨ, ਜਦੋਂ ਕਿ ਦੂਸਰੇ ਲੇਬਰ ਡੇਅ ਤੋਂ ਬਾਅਦ ਮੰਗਲਵਾਰ ਨੂੰ ਵਾਪਸ ਆਉਂਦੇ ਹਨ। ਮਿਡਵੈਸਟ ਦੇ ਬਹੁਤ ਸਾਰੇ ਜ਼ਿਲ੍ਹੇ ਮਜ਼ਦੂਰ ਦਿਵਸ ਤੋਂ ਬਾਅਦ ਸਕੂਲ ਸ਼ੁਰੂ ਕਰਨ ਦੀ ਚੋਣ ਕਰ ਰਹੇ ਹਨ।

ਖਰੀਦਦਾਰੀ ਕਰਨ ਦੇ ਸਮੇਂ ਦੇ ਨਾਲ ਵੱਡੀ ਗਿਣਤੀ ਵਿਚ ਸੰਭਾਵੀ ਗਾਹਕਾਂ ਦਾ ਫਾਇਦਾ ਉਠਾਉਣ ਲਈ, ਲੇਬਰ ਡੇ ਸੰਯੁਕਤ ਰਾਜ ਵਿਚ ਬਹੁਤ ਸਾਰੇ ਰਿਟੇਲਰਾਂ ਦੁਆਰਾ ਛੋਟਾਂ ਅਤੇ ਭੱਤਿਆਂ ਲਈ ਇਕ ਮਹੱਤਵਪੂਰਨ ਸ਼ਨੀਵਾਰ ਬਣ ਗਿਆ ਹੈ, ਖਾਸ ਕਰਕੇ ਬੈਕ-ਟੂ-ਸਕੂਲ ਵਿੱਕਰੀ ਲਈ। ਕੁਝ ਪ੍ਰਚੂਨ ਵਿਕਰੇਤਾ ਦਾਅਵਾ ਕਰਦੇ ਹਨ ਕਿ ਇਹ ਸਾਲ ਦੀ ਸਭ ਤੋਂ ਵੱਡੀ ਵਿਕਰੀ ਮਿਤੀਆਂ ਵਿਚੋਂ ਇਕ ਹੈ, ਕ੍ਰਿਸਮਿਸ ਸੀਜ਼ਨ ਦੇ ਬਲੈਕ ਫ੍ਰਾਈਡੇ ਤੋਂ ਬਾਅਦ ਦੂਜੇ ਨੰਬਰ ’ਤੇ ਹੈ।

ਭਾਰਤ ਵਿਚ, ਮਈ ਦਿਵਸ ਪਹਿਲੀ ਵਾਰ 1 ਮਈ, 1923 ਨੂੰ ਮਨਾਇਆ ਗਿਆ ਸੀ, ਜਦੋਂ ਹਿੰਦੁਸਤਾਨ ਦੀ ਮਜ਼ਦੂਰ ਕਿਸਾਨ ਪਾਰਟੀ ਦੀ ਪਹਿਲਕਦਮੀ ਅਤੇ ਕਾਮਰੇਡ ਸਿੰਗਾਵੇਲਰ (ਪੂਰਾ ਨਾਂ ਸਿੰਗਾਵੇਲਰ ਚੇਤਿਆਰ) ਨੇ ਜਸ਼ਨਾਂ ਦੀ ਅਗਵਾਈ ਕੀਤੀ ਸੀ। ਦੋ ਮੀਟਿੰਗਾਂ ਵਿਚ ਇਕ ਟ੍ਰਿਪਲੀਕੇਨ ਬੀਚ ’ਤੇ ਅਤੇ ਦੂਜੀ ਮਦਰਾਸ ਹਾਈਕੋਰਟ ਦੇ ਸਾਹਮਣੇ ਬੀਚ ’ਤੇ- ਕਾਮਰੇਡ, ਜੋ ਮਦਰਾਸ ਪ੍ਰੈਜ਼ੀਡੈਂਸੀ ਵਿਚ ਸਵੈ-ਮਾਣ ਲਹਿਰ ਦੇ ਨੇਤਾਵਾਂ ਵਿਚੋਂ ਇਕ ਵਜੋਂ ਜਾਣਿਆ ਜਾਂਦਾ ਹੈ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਅਧਿਕਾਰਾਂ ਲਈ ਆਪਣੀ ਲੜਾਈ ਲਈ ਜਾਣਿਆ ਜਾਂਦਾ ਹੈ, ਨੇ ਇਕ ਮਤਾ ਪਾਸ ਕੀਤਾ। ਮਤੇ ਵਿਚ ਕਿਹਾ ਗਿਆ ਹੈ ਕਿ ਸਰਕਾਰ ਹਰ ਕਿਸੇ ਨੂੰ ਮਜ਼ਦੂਰ ਦਿਵਸ ’ਤੇ ਰਾਸ਼ਟਰੀ ਛੁੱਟੀ ਦੀ ਆਗਿਆ ਦੇਵੇ।

ਮਈ ਦਿਵਸ ਜਾਂ ਅੰਤਰ ਰਾਸ਼ਟਰੀ ਮਜ਼ਦੂਰ ਦਿਵਸ ਭਾਰਤ ਸਮੇਤ ਪੂਰੀ ਦੁਨੀਆਂ ’ਚ 1 ਮਈ ਨੂੰ ਮਨਾਇਆ ਜਾਂਦਾ ਹੈ। ਜ਼ਿਆਦਾਤਰ ਦੇਸ਼ਾਂ ਦੀ ਤਰ੍ਹਾਂ, ਮਈ ਦਿਵਸ ’ਤੇ ਜਨਤਕ ਅਤੇ ਸਰਕਾਰੀ ਦਫ਼ਤਰ, ਸਕੂਲ ਅਤੇ ਕਾਲਜ ਬੰਦ ਰਹਿੰਦੇ ਹਨ। ਇਹ ਸੰਯੁਕਤ ਰਾਜ ਵਿਚ 1886 ਵਿਚ ਬਦਨਾਮ ਹੇਮਾਰਕੇਟ ਮਾਮਲੇ ਦੀ ਯਾਦ ਦਿਵਾਉਂਦਾ ਹੈ, ਹਾਲਾਂਕਿ ਭਾਰਤ ਵਿਚ, ਇਹ ਦਿਨ ਸਿਰਫ਼ 1923 ਵਿਚ ਪ੍ਰਮੁੱਖਤਾ ਵਿਚ ਆਇਆ ਸੀ।


ਪ੍ਰੋ: ਐਚ.ਐਲ.ਕਪੂਰ

ਭਾਰਤ ਵਿਚ ਮਈ ਦਿਵਸ ਦੀ ਬਹੁਤ ਮਹੱਤਤਾ ਹੈ। ਮਈ ਦਿਵਸ ਸਮਾਜ ਲਈ ਅਤੇ ਮਜ਼ਦੂਰਾਂ ਦੇ ਅਧਿਕਾਰਾਂ ਦੀ ਉਲੰਘਣਾ, ਕੰਮ ਦੀਆਂ ਮਾੜੀਆਂ ਸਥਿਤੀਆਂ ਅਤੇ ਕੰਮ ਦੇ ਭਿਆਨਕ ਘੰਟਿਆਂ ਦੇ ਵਿਰੁੱਧ ਵਿਰੋਧ ਕਰਨਾ ਸ਼ੁਰੂ ਕੀਤਾ ਸੀ। ਮਈ ਦਿਵਸ 19ਵੀਂ ਸਦੀ ਦੇ ਅੰਤ ਵਿਚ ਮਜ਼ਦੂਰਾਂ ਦੇ ਸੰਘਰਸ਼ਾਂ ਅਤੇ ਉਸ ਤੋਂ ਬਾਅਦ ਦੇ ਸਸ਼ਕਤੀਕਰਨ ਦਾ ਸਮਾਨਾਰਥੀ ਹੈ।

ਇਹ ਉਹ ਦਿਨ ਸੀ ਜਦੋਂ ਇਕ ਪੁਲਿਸ ਟੁਕੜੀ ਨੇ 16 ਘੰਟੇ ਕੰਮ ਕਰਨ ਵਾਲੇ ਦਿਨ ਦੀ ਬਜਾਏ 8 ਘੰਟੇ ਕੰਮ ਦਿਵਸ ਦੀ ਮੰਗ ਕਰ ਰਹੇ ਘੱਟੋ ਘੱਟ ਦੋ ਹੜਤਾਲੀ ਵਰਕਰਾਂ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਸੀ। ਸ਼ਾਂਤਮਈ ਪ੍ਰਦਰਸ਼ਨਕਾਰੀਆਂ ਦੇ ਬਦਨਾਮ ਕਤਲ ਤੋਂ ਬਾਅਦ, ਹੋਰ ਕਰਮਚਾਰੀ ਵਿਰੋਧ ਪ੍ਰਦਰਸ਼ਨਾਂ ਵਿਚ ਸ਼ਾਮਲ ਹੋਏ ਅਤੇ ਇਹ ਸਿਰਫ਼ 1916 ਵਿਚ ਹੀ ਸੀ ਜਦੋਂ ਅਮਰੀਕਾ ਨੇ ਅੱਠ ਘੰਟੇ ਦੇ ਕੰਮ ਦੇ ਸਮੇਂ ਨੂੰ ਮਾਨਤਾ ਦਿੱਤੀ। ਹਾਲਾਂਕਿ ਭਾਰਤ ਵਿਚ 1 ਮਈ 1923 ਤੋਂ ਹਿੰਦੁਸਤਾਨ ਦੀ ਮਜ਼ਦੂਰ ਕਿਸਾਨ ਪਾਰਟੀ ਦੀ ਪਹਿਲਕਦਮੀ ਅਤੇ ਕਾਮਰੇਡ ਸਿੰਗਵੇਲਰ ਦੁਆਰਾ ਜਸ਼ਨਾਂ ਦੀ ਅਗਵਾਈ ਕਰਨ ਤੋਂ ਬਾਅਦ ਲੋਕਾਂ ਨੇ ਇਹ ਦਿਨ ਮਨਾਉਣਾ ਸ਼ੁਰੂ ਕੀਤਾ। ਇਕ ਮਤਾ ਜਿਸ ਵਿਚ ਕਿਹਾ ਗਿਆ ਹੈ ਕਿ ਸਰਕਾਰ ਹਰ ਇਕ ਨੂੰ ਮਜ਼ਦੂਰ ਦਿਵਸ ’ਤੇ ਰਾਸ਼ਟਰੀ ਛੁੱਟੀ ਦੀ ਆਗਿਆ ਦੇਵੇ। ਉਦੋਂ ਤੋਂ ਹਰ ਸਾਲ ਮਈ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਮਜ਼ਦੂਰ ਯੂਨੀਅਨਾਂ ਦੇ ਆਗੂਆਂ ਵੱਲੋਂ ਦਿੱਤੇ ਭਾਸ਼ਣ ਅਤੇ ਸਭਿਆਚਾਰਕ ਸਮਾਗਮ ਆਮ ਹਨ। ਇਸ ਦਿਨ ਸਕੂਲ, ਕਾਲਜ ਅਤੇ ਦਫ਼ਤਰ ਆਮ ਤੌਰ ’ਤੇ ਬੰਦ ਰਹਿੰਦੇ ਹਨ।

ਭਾਰਤ ਵਿਚ ਪਹਿਲੀ ਵਾਰ ਮਈ ਦਿਵਸ 1923 ਵਿਚ ਤਾਮਿਲਨਾਡੂ ਦੀ ਰਾਜਧਾਨੀ ਚੇਨਈ ਵਿਚ ਮਨਾਇਆ ਗਿਆ। ਵਰਤਮਾਨ ਵਿਚ, ਦੇਸ਼ ਭਰ ਵਿਚ ਵਪਾਰਕ ਐਸੋਸੀਏਸ਼ਨਾਂ ਦੁਆਰਾ ਪਰੇਡਾਂ ਦਾ ਆਯੋਜਨ ਕੀਤਾ ਜਾਵੇਗਾ। ਵਿਦਿਆਰਥੀਆਂ ਨੂੰ ਕੰਮਕਾਜੀ ਭਾਈਚਾਰੇ ਲਈ ਸਮਾਨਤਾ ਦੀ ਸਾਰਥਿਕਤਾ ਨੂੰ ਸਮਝਾਉਣ ਲਈ ਮੁਕਾਬਲੇ ਕਰਵਾਏ ਜਾਣਗੇ। ਆਏ ਦਿਨ ਸਿਆਸਤਦਾਨਾਂ ਵੱਲੋਂ ਭਾਸ਼ਣ ਦਿੱਤੇ ਜਾਣਗੇ। ਮਈ ਦਿਵਸ ਮਜ਼-ਦੂਰਾਂ ਦੇ ਹੱਕਾਂ ਲਈ ਮਨਾਇਆ ਜਾਂਦਾ ਹੈ। ਅੰਤਰ ਰਾਸ਼ਟਰੀ ਲੇਬਰ ਆਰਗ਼ੇਨਾਈਜ਼ੇਸ਼ਨ ਇਸ ਦਿਨ ਨੂੰ ਮਨਾਉਣ ਲਈ ਵੱਖ-ਵੱਖ ਸਮਾਗਮਾਂ ਅਤੇ ਪ੍ਰੋਗਰਾਮਾਂ ਦਾ ਆਯੋਜਨ ਕਰਦਾ ਹੈ।

ਮਈ ਦਿਵਸ ਅੰਤਰ ਰਾਸ਼ਟਰੀ ਪੱਧਰ ’ਤੇ ਮਨਾਇਆ ਜਾਂਦਾ ਹੈ। 1 ਮਈ ਨੂੰ ਬੈਂਕ ਛੁੱਟੀ ਦੀ ਪੁਸ਼ਟੀ ਨਹੀਂ ਕੀਤੀ ਗਈ ਹੈ। ਇਸਦੀ ਬਜਾਏ, ਇਹ ਹਰ ਸਾਲ ਮਈ ਦੇ ਪਹਿਲੇ ਸੋਮਵਾਰ ਨੂੰ ਮਨਾਇਆ ਜਾਂਦਾ ਹੈ। 20ਵੀਂ ਸਦੀ ਵਿਚ ਮਈ ਦਿਵਸ ਨੂੰ ਸੋਵੀਅਤ ਯੂਨੀਅਨ ਦੀ ਅਧਿਕਾਰਿਤ ਤਾਰੀਖ਼ ਦਿੱਤੀ ਗਈ ਸੀ। ਇੰਗਲੈਂਡ ਦੇ ਜਸ਼ਨਾਂ ਵਿਚ ਮੌਰਿਸ ਦਾ ਨੱਚਣਾ ਅਤੇ ਮੇਪੋਲ ਦੇ ਦੁਆਲੇ ਨੱਚਣਾ ਸ਼ਾਮਲ ਹੈ। ਜਰਮਨੀ ਵਿਚ, 1933 ਵਿਚ ਮਜ਼ਦੂਰ ਦਿਵਸ ਨੂੰ ਸਰਕਾਰੀ ਛੁੱਟੀ ਵਜੋਂ ਘੋਸ਼ਿਤ ਕੀਤਾ ਗਿਆ ਸੀ। ਇਹ ਭਾਰਤ ਵਿਚ ਇਕ ਛੁੱਟੀ ਹੈ ਅਤੇ ਕਈ ਰਾਜਾਂ ਵਿਚ ਮਨਾਇਆ ਜਾਂਦਾ ਹੈ। ਭਾਰਤ ਵੱਖ-ਵੱਖ ਨਾਵਾਂ ਨਾਲ ਮਜ਼ਦੂਰ ਦਿਵਸ ਮਨਾਉਂਦਾ ਹੈ। ਹਿੰਦੀ ਵਿਚ ਇਸ ਨੂੰ ਕਾਮਗਾਰ ਦਿਨ ਕਿਹਾ ਜਾਂਦਾ ਹੈ। ਮਰਾਠੀ ਵਿਚ ਇਸ ਨੂੰ ਕਾਮਗਾਰ ਦਿਨ ਅਤੇ ਤਾਮਿਲ ਵਿਚ ਉਝਾਈਪਾਲਰ ਧੀਨਾਮ ਕਿਹਾ ਜਾਂਦਾ ਹੈ।

ਮਈ ਦਿਵਸ ਜਾਂ ਮਜ਼ਦੂਰ ਦਿਵਸ ਜਾਂ ਅੰਤਰ ਰਾਸ਼ਟਰੀ ਮਜ਼ਦੂਰ ਦਿਵਸ ਸਵੀਡਨ, ਫਰਾਂਸ, ਪੋਲੈਂਡ, ਫਿਨਲੈਂਡ, ਨਾਰਵੇ, ਸਪੇਨ, ਜਰਮਨੀ, ਇਟਲੀ ਆਦਿ ਸਮੇਤ ਸਾਰੇ ਯੂਰਪੀਅਨ ਦੇਸ਼ਾਂ ਵਿਚ ਦੇਸ਼ ਵਿਆਪੀ ਛੁੱਟੀ ਹੈ। ਪਨਾਮਾ, ਕਿਊਬਾ, ਮੈਕਸੀਕੋ, ਗੁਆਨਾ, ਪੇਰੂ, ਉਰੂਗਵੇ, ਬ੍ਰਾਜੀਲ, ਅਰਜਨਟੀਨਾ ਅਤੇ ਚਿਲੀ ਵੀ ਇਹ ਦਿਨ ਮਨਾਉਂਦੇ ਹਨ। ਕੈਨੇਡਾ, ਸੰਯੁਕਤ ਰਾਜ ਅਮਰੀਕਾ ਅਤੇ ਆਸਟ੍ਰੇਲੀਆ ਵਿਚ ਮਈ ਦਿਵਸ ਸਾਲ ਦੇ ਵੱਖ-ਵੱਖ ਸਮੇਂ ਮਨਾਇਆ ਜਾਂਦਾ ਹੈ।

ਮਈ ਦਿਵਸ ਜਾਂ ਮਜ਼ਦੂਰ ਦਿਵਸ ਮਜ਼ਦੂਰ ਵਰਗ ਨੂੰ ਸਨਮਾਨ ਦੇਣ ਲਈ ਮਨਾਇਆ ਜਾਂਦਾ ਹੈ। ਜਿਸ ਨੂੰ ਕਦੇ ਦਿਨ ਵਿਚ 8 ਘੰਟੇ ਤੋਂ ਵੱਧ ਕੰਮ ਕਰਨ ਲਈ ਕਿਹਾ ਜਾਂਦਾ ਸੀ ਅਤੇ ਘੱਟ ਤਨਖਾਹ ਦਿੱਤੀ ਜਾਂਦੀ ਸੀ। ਇਹ ਦਿਨ ਵਿਸ਼ੇਸ਼ ਤੌਰ ’ਤੇ ਮਜ਼ਦੂਰਾਂ ਨੂੰ ਸਮਰਪਿਤ ਹੈ, ਜਿਨ੍ਹਾਂ ਨੂੰ ਆਪਣੇ ਅਧਿਕਾਰਾਂ ਬਾਰੇ ਪਤਾ ਹੋਣਾ ਚਾਹੀਦਾ ਹੈ। ਕਿਸੇ ਵੀ ਹਾਲਤ ਵਿਚ ਕਰਮਚਾਰੀਆਂ ਨੂੰ ਦਿਨ ਵਿਚ 8 ਘੰਟੇ ਤੋਂ ਵੱਧ ਕੰਮ ਕਰਨ ਲਈ ਨਹੀਂ ਕਿਹਾ ਜਾਣਾ ਚਾਹੀਦਾ ਹੈ। ਕੰਮ ਦਾ ਸਮਾਂ ਵਧਾਇਆ ਜਾ ਸਕਦਾ ਹੈ, ਪਰ ਨਿਯਮਿਤ ਮਜ਼ਦੂਰੀ ਤੋਂ ਇਲਾਵਾ ਵਾਧੂ ਮਿਹਨਤਾਨਾ ਦਿੱਤਾ ਜਾਣਾ ਚਾਹੀਦਾ ਹੈ। ਮਈ ਦਿਵਸ ਅਸਲ ਵਿਚ ਵਿਸ਼ਵ ਭਰ ਦੇ ਮਜ਼ਦੂਰਾਂ ਲਈ ਇਕ ਤਿਉਹਾਰ ਹੈ ਅਤੇ ਇਹ ਉਹਨਾਂ ਦਾ ਸਨਮਾਨ ਕਰਦਾ ਹੈ। ਇਹ ਇਕ ਰਵਾਇਤੀ ਉਤਰੀ ਗੋਲਿਸਫਾਇਰ ਬਸੰਤ ਤਿਉਹਾਰ ਵੀ ਹੈ।

# ਡਾ. ਅੰਬੇਡਕਰ ਵਰ੍ਹੇਗੰਢ 'ਤੇ ਪ੍ਰਸਿੱਧ ਭਾਰਤੀ ਮੈਗਜ਼ੀਨ ਆਊਟਲੁੱਕ ਦੀ ਖੋਜ
# 50 ਦਲਿਤਾਂ ਦੀਆਂ ਅੰਬਰਾਂ 'ਤੇ ਉਡਾਰੀਆਂ ਦੀ ਕਹਾਣੀ
# ਸਾਡਾ ਦਲਿਤ ਹਰ ਇੰਚ 'ਤੇ ਇੱਕ ਹੀਰੋ

## ਸਾਲ 2012 'ਚ ਸਰਵੇ ਦੌਰਾਨ ਡਾ. ਭੀਮ ਰਾਓ ਅੰਬੇਡਕਰ ਨੂੰ ਮਹਾਨ ਭਾਰਤੀ ਐਲਾਨਿਆ, ਪੰਜਾਬ 'ਚੋਂ ਲਾਹੌਰੀ ਰਾਮ ਬਾਲੀ ਤੇ ਗਿੰਨੀ ਮਾਹੀ

ਆਊਟਲੁੱਕ ਅੰਗਰੇਜੀ-ਹਿੰਦੀ ਭਾਰਤ ਦਾ ਪ੍ਰਸਿੱਧ ਖੋਜ ਭਰਪੂਰ ਤੇ ਲੱਖਾਂ ਪਾਠਕਾਂ ਦੁਆਰਾ ਪੜ੍ਹਿਆ ਜਾਣ ਵਾਲਾ ਮੈਗਜ਼ੀਨ ਹੈ। ਅਪ੍ਰੈਲ 2021 ਦਾ ਡਾ. ਅੰਬੇਡਕਰ ਦੀ ਜਨਮ ਵਰ੍ਹੇਗੰਢ 'ਤੇ ਖਾਸ 50 ਦਲਿਤ ਜਿਹਨਾਂ ਨੇ ਭਾਰਤ ਦੇ ਨਵਨਿਰਮਾਣ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਦਾ ਵਰਣਨ ਕੀਤਾ। ਇਸ ਖੋਜ ਭਰਪੂਰ ਅੰਕ ਦੀ ਸਰਾਹਨਾ ਕੀਤੀ ਜਾਣੀ ਚਾਹੀਦੀ ਹੈ। ਸਮੁੱਚੀ ਟੀਮ ਦੀ ਮਿਹਨਤ ਝਲਕਦੀ ਹੈ, ਪਰ 50 ਤੋਂ ਵੱਧ ਹੋਰ ਵੀ ਸੈਂਕੜੇ ਨਾਮ ਰਹਿ ਗਏ ਹਨ। ਜਿਹਨਾਂ ਦੀਆਂ ਪ੍ਰਾਪਤੀਆਂ ਸਮਾਜ, ਦੇਸ਼ ਤੇ ਕੌਮਾਂਤਰੀ ਪੱਧਰ 'ਤੇ ਹਨ, ਨੂੰ ਅਗਲੇ ਸਮੇਂ ਆਪਣੇ ਕਾਰਜ ਖੇਤਰ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ।

ਮੈਗਜ਼ੀਨ ਦੀ ਸੰਪਾਦਕੀ "ਸਾਡਾ ਦਲਿਤ ਹਰ ਇੰਚ ਇੱਕ ਹੀਰੋ" ਨਾਮੀ ਹੈ। ਜਿਸ ਨੇ ਡਾ. ਭੀਮ ਰਾਓ ਅੰਬੇਡਕਰ ਜੀ ਦੇ ਧੂਮਧਾਮ ਨਾਲ ਮਨਾਏ ਜਾ ਰਹੇ ਜਨਮ ਦਿਹਾੜੇ ਦੀ ਗੱਲ ਕੀਤੀ ਹੈ ਕਿ ਕਿਵੇਂ ਸੰਵਿਧਾਨ ਦੇ ਪਿਤਾ, ਜਿਸ ਨੇ ਦੇਸ਼ ਦੇ ਸੱਭ ਤੋਂ ਮਸ਼ਹੂਰ ਦਲਿਤ ਪ੍ਰਤੀਕ ਵਜੋਂ ਭਾਰਤ ਦੀ ਲੰਮੇ ਸਮੇਂ ਤੋਂ ਬਣੀ ਪ੍ਰਣਾਲੀ ਨੂੰ ਮਿਟਾਉਣਾ ਚਾਹਿਆ। ਜਿਸ ਨੇ ਸਾਡੇ ਨਾਗਰਿਕਾਂ ਦੇ ਵੱਡੇ ਹਿੱਸੇ ਨੂੰ ਇਨਕਾਰ, ਵਾਂਝਾ ਕੀਤਾ, ਵਾਂਝਾ ਰੱਖਿਆ? ਦਲਿਤਾਂ ਦੀ ਆਬਾਦੀ 1.3 ਅਰਬ ਆਬਾਦੀ ਦੇ ਇੱਕ ਚੌਥਾਈ ਤੋਂ ਘੱਟ ਨਹੀਂ ਹੈ। ਦਲਿਤਾਂ ਨਾਲ ਅਪਰਾਧ, ਬਲਾਤਕਾਰ, ਸ਼ੋਸ਼ਣ ਦੀ ਸਥਿਤੀ ਬਦਲ ਰਹੀ ਹੈ। ਮੈਗਜ਼ੀਨ ਨੇ ਹਰ ਵਿਤਕਰੇ ਨੂੰ ਡੂੰਘੇ ਲਫ਼ਜ਼ਾਂ ਵਿੱਚ ਬਿਆਨ ਕਰਦਿਆਂ ਸੰਸਾਰ ਪ੍ਰਸਿੱਧ ਹਾਰਵਰਡ ਯੂਨੀਵਰਸਿਟੀ ਦੇ ਦਲਿਤ ਅਤੇ ਪ੍ਰਸਿੱਧ ਵਿਦਵਾਨ ਸੂਰਜ ਯੇਂਗੜੇ ਦਾ ਸੁਝਾਅ ਸ਼ਾਮਿਲ ਕੀਤਾ ਹੈ ਕਿ ਅਸੀਂ ਪ੍ਰੇਰਣਾਦਾਇਕ ਸ਼ਖਸੀਅਤਾਂ ਨੂੰ ਮਨਾਉਂਦੇ ਤਾਂ ਹਾਂ ਪ੍ਰੰਤੂ ਟ੍ਰੇਡਮਾਰਕ ਪ੍ਰੇਸ਼ਾਨੀ ਵਿੱਚ ਡੁੱਬਣ ਦੀ ਬਜਾਏ ਸਾਨੂੰ ਸ਼ਕਤੀਸ਼ਾਲੀ ਵਿਚਾਰਾਂ ਨੇ ਬੈਠਣ (ਇਕੱਠੇ ਹੋਣ) ਲਈ ਪ੍ਰੇਰਿਤ ਕੀਤਾ। ਉਹਨਾਂ ਅੱਗੇ ਕਿਹਾ ਕਿ ਦਲਿਤਾਂ ਦੀਆਂ ਪ੍ਰਾਪਤੀਆਂ 'ਤੇ ਸਮਾਜ ਨੂੰ ਨਾਜ਼ ਹੈ। ਮੈਗਜ਼ੀਨ ਨੇ ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਅਤੇ ਚੰਦਰਸ਼ੇਖਰ ਵਾਰੇ ਵੀ ਟਿੱਪਣੀ ਕੀਤੀ ਹੈ।







ਦਲਿਤਾਂ ਵਾਰੇ ਮੈਗਜ਼ੀਨ ਵਾਲੇ ਖੋਜ ਕਰਤੇ ਮੁੱਖ ਸੰਪਾਦਕ ਰੂਬਨ ਬੈਨਰਜੀ ਨੇ 50 ਦਲਿਤਾਂ ਦੀ ਸ਼ਲਾਘਾ ਕਰਦਿਆਂ ਲਿਖਿਆ ਕਿ ਕੁੱਝ ਮਸ਼ਹੂਰ, ਕੁੱਝ ਅਣਸੁਣੇ ਅਤੇ ਜਨਤਕ ਦ੍ਰਿਸ਼ਟੀਕੋਣ ਤੋਂ ਲਏ ਹਨ। ਬਾਲੀਵੁੱਡ ਦੀ ਜਾਨ ਕਹੇ ਜਾਣ ਵਾਲੇ ਕਾਮੇਡੀਅਨ ਜ਼ੌਹਨੀ ਲਿਵਰ, ਹਿਮਾ ਦਾਸ ਖਿਡਾਰਨ ਕੌਮੀ ਰਿਕਾਰਡ ਬਣਾਉਣ ਵਾਲੇ ਅਤੇ ਪੰਜਾਬ ਅੰਬੇਡਕਰੀ ਪੱਤਰਕਾਰ ਲਾਹੌਰੀ ਰਾਮ ਬਾਲੀ ਜਿਹਨਾਂ ਨੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਜੀਵਨ ਤੇ ਮਿਸ਼ਨ ਵਾਰੇ ਜੀਵਨੀ ਲਿਖੀ ਹੈ (ਇਸ ਤੋਂ ਪਹਿਲਾਂ ਲੇਖਕ ਧਨੰਜੇ ਕੀਰ ਨੇ ਡਾ. ਅੰਬੇਡਕਰ, ਜੀਵਨ ਅਤੇ ਮਿਸ਼ਨ (1954) ਵਾਰੇ ਬਾਬਾ ਸਾਹਿਬ ਦੇ ਜਿਊਂਦੇ-ਜੀਅ ਜੋ ਪੁਸਤਕ ਲਿਖੀ ਉਹ ਬਾਬਾ ਸਾਹਿਬ ਨੇ ਖੁਦ ਵੀ ਪੜ੍ਹੀ ਸੀ ਅਤੇ ਇਹ ਕਿਤਾਬ ਵੱਖ-ਵੱਖ ਭਾਸ਼ਾਵਾਂ ਵਿੱਚ ਅੱਜ ਵੀ ਉਪਲੱਬਧ ਹੈ)। ਅੰਬੇਡਕਰਾਈਟ ਚਿੰਤਨ ਉਹਨਾਂ ਦਾ ਮੁੱਖ ਵਿਸ਼ਾ ਰਿਹਾ ਹੈ। ਉਹ ਭੀਮ ਪੱਤ੍ਰਿਕਾ ਦੇ ਮੁੱਖ ਸੰਪਾਦਕ ਹਨ। ਪੰਜਾਬ ਤੋਂ ਹੀ ਉੱਭਰਦੀ ਮਿਸ਼ਨਰੀ ਗਾਇਕਾ ਗਿੰਨੀ ਮਾਹੀ ਨੇ ਜਦ ਜਰਮਨ ਦੀ ਸੰਸਦ ਵਿੱਚ "ਮੈਂ ਧੀ ਹਾਂ ਬਾਬਾ ਸਾਹਿਬ ਦੀ" ਗੀਤ ਗਾਇਆ ਤੇ ਇੰਝ ਲੱਗਾ ਸਾਰਾ ਵਿਸ਼ਵ ਇਸ ਗਾਇਕਾ ਤੇ ਬਾਬਾ ਸਾਹਿਬ ਦੀਆਂ ਕੁਰਬਾਨੀਆਂ ਦਾ ਕਾਇਲ ਹੋ ਗਿਆ। ਸਾਫ਼-ਸੁੱਥਰੀ ਗਾਇਕੀ ਦੀਆਂ ਬਾਰੀਕੀਆਂ ਨੂੰ ਜਾਣ ਰਹੀ ਗਿੰਨੀ ਮਾਹੀ ਨੇ ਇੱਕ ਹੋਰ ਗੀਤ ਦਲਿਤਾਂ ਦਾ ਇੱਕ ਪ੍ਰਮੁੱਖ ਜਾਤ ਜਿਸ ਦੇ ਪੰਜਾਬ-ਭਾਰਤ ਵਿੱਚ ਤਮਾਮ ਨਾਮ ਹੈ "ਕੁਰਬਾਨੀ ਦੇਣੋ ਡਰਦੇ ਨੀ ਰਹਿੰਦੇ ਆ ਤਿਆਰ, ਹੈਗੇ ਅਸਲੇ ਦੇ ਨਾਲੋਂ ਵੱਧ ਡੇਂਜਰ ਚਮਾਰ" ਗਿੰਨੀ ਮਾਹੀ ਉਰਫ ਗੁਰਕੰਵਲ ਭਾਰਤੀ ਆਪਣੇ ਭਾਈਚਾਰੇ ਦੀਆਂ ਪ੍ਰੇਸ਼ਾਨੀਆਂ, ਵਿਤਕਰੇ, ਹਿੰਸਾ, ਬੇਇਨਸਾਫੀਆਂ ਨੂੰ ਆਪਣੇ ਗੀਤਾ ਰਾਹੀਂ ਕੇਂਦਰਿਤ ਕਰਦੀ ਹੈ। ਉਹ ਇੱਕ ਦਲਿਤ ਆਵਾਜ਼ ਹੈ।

"ਹਨੇਰੇ ਤੋਂ ਰੌਸ਼ਨੀ ਵੱਲ" ਸਿਰਲੇਖ ਵਿੱਚ ਜਿਹਨਾਂ 50 ਦਲਿਤ ਹਸਤੀਆਂ ਵਿੱਚ :- (1) ਹਿਮਾ ਦਾਸ ਅੰਤਰ-ਰਾਸ਼ਟਰੀ ਖਿਡਾਰਨ ਜਿਸ ਨੇ 5 ਗੋਲਡ ਮੈਡਲ ਜਿੱਤ ਕੇ ਪੂਰੀ ਦੁਨੀਆਂ ਵਿੱਚ ਭਾਰਤ ਦੇਸ਼ ਦਾ ਨਾਮ ਰੌਸ਼ਨ ਕੀਤਾ। (2) ਜ਼ੌਹਨੀ ਲਿਵਰ ਕਾਮੇਡੀ ਐਕਟਰ (3) ਚੰਦਰ ਭਾਨ ਪ੍ਰਸਾਦ ਸਮਾਜ ਸ਼ਾਸਤਰੀ, (4) ਸਿਕੰਦਰ ਕੁਮਾਰ ਅਕੈਡਮਿਕ, (5) ਜੋਤੀ ਕੁਮਾਰੀ ਵਿਦਿਆਰਥੀ ਜਿਸ ਨੇ ਸਾਲ 2020 ਵਿੱਚ ਕੋਵਿਡ-19 ਲਾਕਡਾਊਨ ਦੌਰਾਨ ਆਪਣੇ ਜ਼ਖਮੀ/ਬਿਮਾਰ ਪਿਤਾ ਨੂੰ ਸਾਈਕਲ ਚਲਾ ਕੇ ਸਿਰਫ 8 ਦਿਨਾਂ ਵਿੱਚ 1200 ਕਿਲੋਮੀਟਰ ਗੁੜਗਾਉਂ (ਹਰਿਆਣਾ) ਤੋਂ ਦਰਭੰਗਾ (ਬਿਹਾਰ) ਆਪਣੇ ਜੱਦੀ ਪਿੰਡ ਲੈ ਕੇ ਗਈ ਸੀ। ਇਸ ਲਈ 'ਦ ਨਿਊਯਾਰਕ ਟਾਈਮਜ਼ੈ ਨੇ "ਸ਼ੇਰ ਦਿਲ ਲੜਕੀ" ਦਾ ਖਿਤਾਬ ਦਿੱਤਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਾਲ ਪੁਰਸਕਾਰ ਨਾਲ ਸਨਮਾਨਿਤ ਕੀਤਾ। (6) ਮਨੋਰੰਜਨ ਬਿਆਪਾਰੀ ਲੇਖਕ (7) ਮਾਰੀ ਸੇਲਵਰਾਜ ਫਿਲਮ ਮੇਕਰ (8) ਗੱਦਾਰ ਬਲਾਦੀਰ ਕਵੀ (9) ਨੀਰਜ ਗਾਇਵਨ ਫਿਲਮ ਮੇਕਰ (10) ਅਰਿਵੂ ਰੈਪਰ (11) ਵਿਨੋਦ ਕਾਂਬਲੀ ਕ੍ਰਿਕਟਰ (12) ਸੁਜਾਤਾ ਸੁਰੀਪੱਲੀ ਅਕੈਡਮਿਕ ਕਾਰਜਕਰਤਾ (13) ਰਾਧਿਕਾ ਵੇਮੁਲਾ ਕਾਰਜਕਰਤਾ (14) ਆਨੰਦ ਤੇਲਤੁੰਬਦੇ ਵਿਦਵਾਨ ਕਾਰਜਕਰਤਾ (15) ਰਾਜਾ ਨਾਇਕ ਬਿਜਨੈੱਸਮੈਨ (16) ਰਨਜੀਤ ਫਿਲਮ ਮੇਕਰ (17) ਡਾ. ਦਾਸਰੀ ਪ੍ਰਸਾਦ ਰਾਓ ਸਰਜਨ (18) ਪ੍ਰਿੰਸੀਪਲ ਸਿਵਾਕਾਮੀ (ਆਈ.ਏ.ਐਸ.) ਵਿਦਵਾਨ, ਲੇਖਕ, ਰਾਜਨੀਤੀਕਾਰ (19) ਨਾਗਰਾਜ ਮੰਜੂਲ ਫਿਲਮ ਮੇਕਰ (20) ਸੁਧੀਰ ਰਾਜਭਰ ਫੋਟੋਗ੍ਰਾਫਰ (21) ਵਿਨੇ ਬਾਂਬੋਲੇ ਜਾਇੰਟ ਜਨਰਲ ਮੈਨੇਜਰ, ਏਅਰ ਇੰਡੀਆ (22) ਅਸ਼ੋਕ ਦਾਸ ਸੰਪਾਦਕ ਦਲਿਤ ਦਸਤਕ ਮੈਗਜ਼ੀਨ ਜਿਹੜਾ ਦਲਿਤਾਂ, ਬਹੁਜਨਾਂ ਦੀਆਂ ਸਮੱਸਿਆਵਾਂ, ਉਹਨਾਂ ਦੀ ਤਰੱਕੀ ਅਤੇ ਖੁਸ਼ਹਾਲੀ ਦਾ ਖੈਰਖੁਆਹ ਹੈ (23) ਲਾਹੌਰ ਰਾਮ ਬਾਲੀ ਸੰਪਾਦਕ (24) ਸੁਸ਼ਰਤ ਜਾਦਵ ਮਨੋਵਿਗਿਆਨਕ (25) ਅਸਵਤੀ ਰਾਜਪਨ ਦਲਿਤ ਕਾਰਜਕਰਤਾ (26) ਸੁਖਦਿਓ ਥੁਰਾਤ ਅਕੈਡਮਿਕ (27) ਭਾਰਤੀ ਪ੍ਰਭੂ ਕਾਰਜਕਰਤਾ (28) ਸੱਤਪਾਲ ਮੁੰਮਨ ਕਾਰਜਕਰਤਾ (29) ਕਾਦੂਬਾਈ ਖਰਾਤ ਲੋਕ ਗਾਇਕਾ (30) ਦਿਸ਼ਾ ਪਿੰਕੀ ਸ਼ੇਖ ਟ੍ਰਾਂਸਜੈਂਡਰ ਕਾਰਜਕਰਤਾ (31) ਸੁਮਿਤ ਚੌਹਾਨ ਮੀਡੀਆ ਪਰਸਨ ਜਿਸ ਨੇ ਭਾਰਤ ਵਿੱਚ ਜਿਸ ਜਗ੍ਹਾ 'ਤੇ ਅਜੇ ਵੀ ਸਰਵਵਿਆਪੀ ਜਾਤੀ ਦਾ ਦਬਦਬਾ ਬਣਿਆ ਹੋਇਆ ਹੈ। ਉਹ ਭਾਰਤੀ ਮੀਡੀਆ ਵਿੱਚ ਆਵਾਜ਼ ਰਹਿਤ ਦਲਿਤਾਂ ਲਈ ਇੱਕ ਦੁਰਲੱਭ ਆਵਾਜ ਹੈ।

ਅੰਬੇਡਕਰਾਈਟ ਪੱਤਰਕਾਰ ਅਤੇ ਜਾਤੀ ਕਾਰਜਕਰਤਾ, ਉਹ "ਦ ਸ਼ੂਦਰ" (ਜੋ ਨਿਊਜ਼ਬੀਕ ਦੇ ਰੂਪ ਵਿੱਚ ਪ੍ਰਕਾਸ਼ਿਤ ਕੀਤਾ ਜਾਂਦਾ ਹੈ) ਦਾ ਸੰਸਥਾਪਕ ਅਤੇ ਸੰਪਾਦਕ ਹੈ। ਜਿਹੜਾ ਇੱਕ ਅਜਿਹਾ ਮੰਚ ਹੈ, ਜਿਸ ਰਾਹੀਂ 16 ਪ੍ਰਤੀਸ਼ਤ ਭਾਰਤੀਆਂ ਜੋ ਹਜਾਰਾਂ ਸਾਲਾਂ ਤੋਂ ਜਾਤ ਦੀ ਪੌੜੀ ਦੇ ਸਭ ਤੋਂ ਹੇਠਲੇ ਪੌਡੇ 'ਤੇ ਧਕੇਲੇ ਗਏ ਹਨ, ਦੀਆਂ ਚਿੰਤਾਵਾਂ ਨੂੰ ਦਰਸਾਉਣ ਦਾ ਯਤਨ ਕਰਦਾ ਹੈ। ਤਕਰੀਬਨ ਇੱਕ ਦਹਾਕੇ ਤੱਕ ਮੀਡੀਆ ਦੀਆਂ ਪ੍ਰਮੁੱਖ ਸੰਸਥਾਵਾਂ ਨਾਲ ਕੰਮ ਕਰਨ ਤੋਂ ਬਾਅਦ, ਉਸਨੇ ਕੌਮੀ ਬਹੁਜਨ ਮੀਡੀਆ ਦੀ ਸਥਾਪਨਾ ਕੀਤੀ ਤਾਂ ਜੋ ਜ਼ਾਲਿਮ ਵਰਗ ਨੂੰ ਆਪਣੀ ਜ਼ਮੀਰ ਦੀ ਪੱਤਰਕਾਰੀ ਰਾਹੀਂ ਜ਼ਾਹਿਰ ਕੀਤਾ ਜਾ ਸਕੇ ਅਤੇ ਇਹ ਲੋਕਾਂ ਦੇ ਸਮਰਥਨ ਨਾਲ, ਕਾਰਪੋਰੇਟ ਸਮਰਥਨ ਨੂੰ ਰੋਕਦਾ ਹੈ। (32) ਵਾਮਨ ਮੇਸ਼ਰਾਮ ਪ੍ਰਧਾਨ ਬਾਮਸੇਫ (33) ਮਨੋਹਰ ਮੌਲੀ ਬਿਸਵਾਸ ਸੰਪਾਦਕ ਦਲਿਤ ਮਿਰਰ (34) ਡਾ. ਆਰ.ਐਸ. ਪਰਵੀਨ ਕੁਮਾਰ ਆਈ.ਪੀ.ਐਸ. ਅਫ਼ਸਰ (35) ਰਾਹੁਲ ਅਨਵੀਕਾਰ ਲੋਕ ਗਾਇਕ (36) ਅਮਨ ਕਾਂਬਲੇ ਮੀਡੀਆ ਪਰਸਨ (37) ਰਾਮਾ ਫੌਸਟੀਨਾ ਸੂਸੈਰਾਜ ਲੇਖਕ (38) ਪ੍ਰਦੁੰਮਣ ਕੁਮਾਰ ਮਹਾਨੰਦਿਆ ਚਿੱਤਰਕਾਰ (39) ਗਿੰਨੀ ਮਾਹੀ ਗਾਇਕਾ (40) ਮਾਰਟਿਨ ਮੈਕਵਾਨ ਬਾਨੀ ਨਵਸਰਜਨ ਟਰੱਸਟ (41) ਆਸ਼ਾ ਕੋਟਾਲ ਕਾਰਜਕਰਤਾ (42) ਭਾਨਵਰ ਮੇਘਵੰਸ਼ੀ ਕਾਰਜਕਰਤਾ (43) ਰਾਹੁਲ ਪ੍ਰਧਾਨ ਰਾਜਨੀਤੀਕਾਰ (44) ਮਾਲਵਿਕਾ ਰਾਜ ਚਿੱਤਰਕਾਰ (45) ਇਲਾਇਆਰਾਜਾ ਕੰਪੋਜ਼ਰ (46) ਗੋਪਾਲ ਗੁਰੂ ਅਕੈਡਮਿਕ (47) ਨਾਓਮੀ ਜੈਨੂਮਾਲਾ ਮਾਡਲ (48) ਵੇਦ ਪ੍ਰਕਾਸ਼ ਪੱਤਰਕਾਰ ਤੇ ਕਾਰਜਕਰਤਾ (49) ਡਾ. ਮੁਡਨਾਕਡੂ ਚਿੰਨਾਸਵਾਮੀ ਕੰਨੜ ਲੇਖਕ (50) ਦੇਵਾਨੁਰੁ ਮਹਾਂਦੇਵਾ ਲੇਖਕ ਸ਼ਾਮਿਲ ਹਨ।

ਆਊਟਲੁੱਕ ਮੈਗਜ਼ੀਨ ਇੱਕ ਅਜਿਹਾ ਭਾਰਤੀ ਮੈਗਜ਼ੀਨ ਹੈ ਜਿਸ ਦਾ ਵੱਡੇ ਪੱਧਰ 'ਤੇ ਨੋਟਿਸ ਲਿਆ ਜਾਂਦਾ ਹੈ। ਇਸ ਤੋਂ ਪਹਿਲਾਂ ਸਾਲ 2012 ਵਿੱਚ ਇਸ ਮੈਗਜ਼ੀਨ ਨੇ ਖੋਜ ਭਰਪੂਰ 'ਤੇ ਨਾਮਵਰ ਅਦਾਰਿਆਂ ਤੇ ਚੈਨਲਾਂ ਨਾਲ ਰਲ਼ ਕੇ 1947 ਤੋਂ ਬਾਅਦ ਭਾਰਤ ਵਿੱਚ ਸੱਭ ਤੋਂ ਮਹਾਨ ਆਗੂ ਕੌਣ ਸੀ? ਵਾਰੇ ਆਨਲਾਈਨ ਵੋਟਿੰਗ ਕਰਵਾਈ ਸੀ, ਜਿਸ ਵਿੱਚ 100 ਭਾਰਤੀਆਂ ਨੂੰ ਸ਼ਾਮਿਲ ਕੀਤਾ ਸੀ। ਜਿਸ ਵਿੱਚ ਲੱਗਭੱਗ 2 ਕਰੋੜ ਵੋਟਰਾਂ ਨੇ ਭਾਗ ਲਿਆ। ਆਨਲਾਈਨ ਵੋਟਿੰਗ ਦੌਰਾਨ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੂੰ ਸੱਭ ਤੋਂ ਵੱਧ ਵੋਟਾਂ ਹਾਸਿਲ ਹੋਈਆਂ। ਜਿਸ ਦੇ ਆਧਾਰ 'ਤੇ ਚੋਟੀ ਦੇ ਪੱਤਰਕਾਰਾਂ, ਖੋਜਕਾਰਾਂ ਤੇ ਸਰਵੇ ਦੀ ਡੂੰਘਾਈਆਂ ਨੂੰ ਛੂਹਣ ਵਾਲੀ ਜਿਊਰੀ ਨੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੂੰ ਸੱਭ ਤੋਂ ਮਹਾਨ ਭਾਰਤੀ ਦੇ ਖਿਤਾਬ ਨਾਲ ਨਿਵਾਜਿਆ। ਇਸ ਸਰਵੇ ਵਿੱਚ ਸੀ. ਐਨ. ਐਨ., ਆਈ. ਬੀ. ਐਨ, ਦ ਹਿਸਟਰੀ ਚੈਨਲ ਅਤੇ ਟੀ. ਵੀ. 18 ਆਦਿ ਸ਼ਾਮਿਲ ਸਨ।

ਅਖੀਰ ਵਿੱਚ ਕਹਿਣਾ ਹੋਵੇ ਤਾਂ ਭਾਰਤੀ ਖੋਜ ਪੱਤਰਕਾਰੀ ਵਿੱਚ ਜਿਵੇਂ ਕੌਮਾਂਤਰੀ-ਅੰਤਰਰਾਸ਼ਟਰੀ ਪੱਧਰ 'ਤੇ ਟਾਈਮ ਵਰਗੇ ਮੈਗਜ਼ੀਨ ਨੇ ਆਪਣਾ ਭਰੋਸਾ 98 ਸਾਲ ਤੋਂ 3 ਲੱਖ 40 ਹਜਾਰ ਤੋਂ ਵੱਧ ਪਾਠਕਾਂ ਤੱਕ ਬਣਾਇਆ ਹੋਇਆ ਹੈ।


ਸੰਤੋਖ ਸਿੰਘ ਜੱਸੀ
91-70876–19800

ਇਸੇ ਤਰ੍ਹਾਂ ਅਕਤੂਬਰ 1995 ਨੂੰ ਆਊਟਲੁੱਕ ਮੈਗਜ਼ੀਨ ਵਿਨੋਦ ਮਹਿਤਾ ਨਾਮ ਦੇ ਮੁੱਖ ਸੰਪਾਦਕ ਨੇ ਸ਼ੁਰੂ ਕੀਤਾ ਹੋਇਆ ਹੈ। ਜਿਸ ਦਾ ਮੁੱਖ ਦਫ਼ਤਰ ਦਿੱਲੀ ਵਿੱਚ ਸਥਿਤ ਹੈ। ਜਿਸ ਦੀ ਸਕਕਿਊਲੇਸ਼ਨ ਲੱਖਾਂ ਵਿੱਚ ਹੈ। ਜਿਸ ਦੇ ਅੰਤਰਰਾਸ਼ਟਰੀ ਪੱਧਰ 'ਤੇ ਪੱਤਰਕਾਰੀ ਖੇਤਰ ਵਿੱਚ ਐਵਾਰਡ ਪ੍ਰਾਪਤ ਕੀਤਾ।

ਦਲਿਤਾਂ ਦੇ ਪੱਖ, ਦੁੱਖਾਂ, ਪ੍ਰੇਸ਼ਾਨੀਆਂ, ਬਾਬਾ ਸਾਹਿਬ ਦੇ 132 ਸਾਲ ਪਹਿਲਾਂ ਜੀਵਨ ਸੰਘਰਸ਼ 'ਤੇ ਕੰਮ ਕਰਨਾ, ਸੱਚਮੁੱਚ ਪੱਤਰਕਾਰੀ ਦਾ ਮਾਣ ਵਧਿਆ ਹੈ, ਆਦਾਬ, ਸਲਾਮ।

ਜੇਕਰ ਇਤਿਹਾਸ 'ਤੇ ਪਿਛਲਝਾਤ ਮਾਰੀਏ ਤਾਂ ਮਨੁੱਖ ਇਤਿਹਾਸ 10 ਹਜਾਰ ਸਾਲ ਤੋਂ ਮੰਨਿਆ ਜਾਂਦਾ ਹੈ ਤੇ 5 ਹਜਾਰ ਸਾਲਾਂ ਤੋਂ ਭਾਰਤ ਦੇ ਅੱਜ ਕਹੇ ਜਾਣ ਵਾਲੇ ਦਲਿਤਾਂ (ਮਹਾਨੀ ਸਨਮਾਨਯੋਗ ਨਾਮ) 'ਤੇ ਜ਼ਿੰਦਗੀ ਦੇ ਹਰ ਪਹਿਲੂ, ਹਰ ਪਲ ਵਿਤਕਰੇ ਜਾਰੀ ਹਨ। ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੂੰ ਮਰਨ ਉਪਰੰਤ 34 ਸਾਲ ਬਾਅਦ "ਭਾਰਤ ਰਤਨ" ਦੇਰੀ ਨਾਲ ਦੇਣ ਪਿੱਛੇ ਕਿਹੜੇ ਕਾਰਨ ਹਨ ? ਦਰਅਸਲ ਭਾਰਤ ਦੀ ਇਹੋ ਜਿਹੀ ਮਾਨਸਿਕਤਾ ਦੇ ਕਾਰਨ ਕਰੋੜਾਂ ਲੋਕਾਂ ਦਾ ਸਨਮਾਨ ਕਰਨਾ ਅਜੇ ਵੀ ਬਾਕੀ ਹੈ।

ਇਸੇ ਤਰ੍ਹਾਂ ਵਿਸ਼ਵ ਪ੍ਰਸਿੱਧ ਅਮਰੀਕਨ ਮੈਗਜ਼ੀਨ "ਟਾਈਮ" ਨੇ ਆਪਣੇ ਇੱਕ ਸਰਵੇ ਵਿੱਚ ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਜੀ ਨੂੰ ਚੱਟਾਨ ਵਾਂਗ ਫੈਸਲੇ ਲੈਣ ਵਾਲੀ (ਆਇਰਨ ਲੇਡੀ) ਦੇ ਖਿਤਾਬ ਨਾਲ ਨਿਵਾਜਿਆ। ਜਿਸ ਨੂੰ ਦਲਿਤਾਂ ਦੀ ਰਾਣੀ ਕਿਹਾ ਗਿਆ।

ਭਾਰਤ ਤੇ ਵਿਦੇਸ਼ ਵਿੱਚ ਵਧੀ ਚੇਤਨਤਾ, ਪੜ੍ਹਾਈ-ਲਿਖਾਈ ਕਾਰਨ ਭਾਰਤੀ ਵਿਵਸਥਾ ਤੇ ਦਬਾਉ ਤਾਂ ਬਣਿਆ ਹੈ। ਪਰ ਅਜੇ ਦਿੱਲੀ ਦੂਰ ਹੈ ? ਲੋੜ ਹੈ ਸਾਨੂੰ ਭਾਰਤੀ ਚਾਹੇ ਉਹ ਦੇਸ਼ ਦੇ ਕਿਸੇ ਵੀ ਕੋਨੇ ਵਿੱਚ ਬੈਠੇ ਹਨ। ਚਾਹੇ ਵਿਦੇਸ਼ ਵਿੱਚ "ਸੱਤਾ ਦੀ ਚਾਬੀ" ਬਿਨ੍ਹਾਂ ਹਨੇਰੇ ਤੋਂ ਸੂਰਜ ਤੱਕ ਪਹੁੰਚਿਆ ਜਾਣਾ ਮੁਸ਼ਕਿਲ ਹੈ।

ਏਕੇ ਨਾਲ ਹੀ ਬੇਗਮਪੁਰਾ ਵਸਣਾ ਹੈ। ਜਿਵੇਂ ਲੋਕਤੰਤਰ ਵਿੱਚ ਦਬਾਓ ਬਣਾਉਣ ਲਈ ਵਿਸ਼ੇਸ਼ ਸਮੂਹ (ਸੰਗਠਨ) ਦੀ ਲੋੜ ਹੈ। ਉਸੇ ਤਰ੍ਹਾਂ ਸਮਾਜ ਨੂੰ ਇਕੱਠੇ ਹੋ ਕੇ ਇੱਕ ਲੜੀ 'ਚ ਇਕੱਠੇ ਹੋਣ ਦੀ ਲੋੜ ਹੈ ਨਹੀਂ ਤਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਚਾਨਣ-ਮੁਨਾਰਾ, ਰੌਸ਼ਨੀ ਬਣਨ ਦੀ ਥਾਂ ਹਨੇਰਾ ਛੱਡ ਜਾਵਾਂਗੇ?

ਕੀ ਅਸੀਂ ਅਜਿਹੇ ਇਤਿਹਾਸ ਦੇ ਪਾਤਰ ਬਣਨਾ ਚਾਹਾਂਗੇ? ਸ਼ਾਇਦ ਨਹੀਂ। ਇਸ ਲਈ ਆਓ ਅੰਤਰ ਝਾਤ ਪਾਈਏ ਕਿ ਅਸੀਂ ਸੱਚਮੁੱਚ ਸਮਾਜ, ਦੇਸ਼ ਲਈ ਕੁੱਝ ਕਰਦੇ ਵੀ ਹਾਂ ਜਾਂ ਫਿਰ ਲੋਪਾ-ਪੋਚੀ ਕਰਦੇ ਰਹਾਂਗੇ।

ਪ੍ਰਤਿਭਾਸ਼ਾਲੀ (ਜੀਨੀਅਸ) ਮਨੁੱਖ ਦਾ ਜੰਮਣਾਂ ਅਮੀਰਾਂ ਜਾਂ ਵਿਦੇਸ਼ਾਂ 'ਚ ਹੀ ਦਰਜ ਨਹੀਂ ਹੋਇਆ, ਉਹ ਭਾਰਤ ਦਾ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਵੀ ਹੋ ਸਕਦਾ ਹੈ। ਲੋੜ ਹੈ ਆਜਾਦੀ ਦੀ, ਖੁੱਲ੍ਹੇ ਵਿਚਾਰਾਂ ਦੀ, ਮਿਹਨਤ ਦੀ। ਕੀ ਅਸੀਂ ਕਰ ਸਕਦੇ ਹਾਂ ? ਇਹ ਸਵਾਲ ਮੇਰੇ, ਤੁਹਾਡੇ ਅਤੇ ਸਭ ਲਈ ਹੈ।

ਆਓ ਉੱਠੋ, ਜਾਗੋ ਹੰਭਲਾ ਮਾਰੀਏ। ਤੀਲਾ-ਤੀਲਾ ਇਕੱਠਾ ਹੋ ਕੇ ਝਾੜੂ ਬਣ ਜਾਂਦਾ ਹੈ। ਆਪਣੀ ਮੰਜਿਲ 'ਤੇ ਪੁੱਜਣ ਲਈ ਹਾਥੀ ਵਾਂਗ ਮਸਤ ਚਾਲੇ ਤੁਰਨਾ ਪੈਂਦਾ ਹੈ। ਚਲੋ, ਉੱਠੋ, ਜਾਗੋ ਤੁਹਾਡਾ ਸ਼ੁੱਭ ਸਵੇਰਾ ਇੰਤਜ਼ਾਰ ਕਰ ਰਿਹਾ ਹੈ।

# ਸੁਡਾਨ 'ਚ ਫੌਜ ਅਤੇ ਅਰਧ ਸੈਨਿਕ ਬਲਾਂ ਦੀ ਆਪਸੀ ਖਾਨਾਜੰਗੀ ਜਾਰੀ

ਸੁਡਾਨ ਦੀ ਰਾਜਧਾਨੀ ਖਾਰਤੂਮ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਚੱਲ ਰਹੀ ਲੜਾਈ, ਇੱਥੋਂ ਦੀ ਮਿਲਟਰੀ ਲੀਡਰਸ਼ਿਪ ਵਿੱਚ ਸੱਤਾ ਨੂੰ ਲੈ ਕੇ ਚੱਲ ਰਹੀ ਅੰਦਰੂਨੀ ਖਿੱਚੋਤਾਣ ਦਾ ਨਤੀਜਾ ਹੈ। ਇਹ ਝੜਪਾਂ ਇੱਥੋਂ ਦੀ ਸੈਨਾ ਅਤੇ ਰੈਪਿਡ ਸਪੋਰਟ ਫੋਰਸ ਵਜੋਂ ਜਾਣੇ ਜਾਂਦੇ ਅਰਧ-ਸੈਨਿਕ ਬਲਾਂ ਵਿਚਕਾਰ ਹੋ ਰਹੀਆਂ ਹੈ। ਸੁਡਾਨ ਉੱਤਰ-ਪੂਰਬ ਅਫ਼ਰੀਕਾ ਵਿੱਚ ਸਥਿਤ ਹੈ ਅਤੇ 19 ਲੱਖ ਵਰਗ ਕਿਲੋਮੀਟਰ ਖੇਤਰ ਨਾਲ ਮਹਾਂਦੀਪ ਦਾ ਸਭ ਤੋਂ ਵੱਡਾ ਦੇਸ਼ ਹੈ। ਇਹ ਦੁਨੀਆ ਦੇ ਸਭ ਤੋਂ ਗਰੀਬ ਦੇਸ਼ਾਂ ਵਿੱਚੋਂ ਇੱਕ ਹੈ। ਇੱਥੋਂ ਦੇ 460 ਲੱਖ ਲੋਕ ਔਸਤਨ ਸਲਾਨਾ 750 ਡਾਲਰ ਪ੍ਰਤੀ ਵਿਅਕਤੀ ਦੀ ਆਮਦਨ ਨਾਲ ਗੁਜ਼ਾਰਾ ਕਰਦੇ ਹਨ। ਸੁਡਾਨ ਦੀ ਵਧੇਰੇ ਅਬਾਦੀ ਮੁਸਲਿਮ ਹੈ ਅਤੇ ਦੇਸ਼ ਦੀ ਅਧਿਕਾਰਤ ਭਾਸ਼ਾ ਅਰਬੀ ਅਤੇ ਅੰਗਰੇਜ਼ੀ ਹਨ।



### ਸੁਡਾਨ ਵਿੱਚ ਕੌਣ ਕਿਸ ਨਾਲ ਲੜ ਰਿਹਾ ਹੈ?

ਸਾਲ 2021 ਦੇ ਤਖ਼ਤਾ ਪਲਟ ਤੋਂ ਲੈ ਕੇ, ਸੁਡਾਨ ਨੂੰ ਦੋ ਫ਼ੌਜੀ ਅਫ਼ਸਰਾਂ ਦੀ ਅਗਵਾਈ ਵਾਲੀ ਕਾਊਂਸਲ ਆਫ ਜਨਰਲਜ਼ ਚਲਾ ਰਹੀ ਹੈ। ਇਹ ਅਫ਼ਸਰ ਤਾਜ਼ਾ ਵਿਵਾਦ ਦਾ ਕੇਂਦਰ ਵੀ ਹਨ। ਜਨਰਲ ਅਬਦੇਲ ਫਤਾਹ ਅਲ-ਬੁਰਹਾਨ, ਜੋ ਕਿ ਸੈਨਾ ਦੇ ਮੁਖੀ ਹਨ ਅਤੇ ਰਾਸ਼ਟਰਪਤੀ ਵਜੋਂ ਦੇਸ਼ ਦੀ ਕਮਾਨ ਉਨ੍ਹਾਂ ਦੇ ਹੱਥ ਹੈ। ਉਨ੍ਹਾਂ ਦੇ ਡਿਪਟੀ ਵਜੋਂ ਰੈਪਿਡ ਸਪੋਰਟ ਫੋਰਸ ਦੇ ਲੀਡਰ ਜਨਰਲ ਮੁਹੰਮਦ ਹਮਦਾਂ ਡਾਗਾਲੋ ਹਨ ਜਿਨ੍ਹਾਂ ਨੂੰ ਹੇਮੇਡਟੀ ਵਜੋਂ ਵੀ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਦੇਸ਼ ਦੀ ਦਿਸ਼ਾ ਨਾਲ ਅਸਹਿਮਤੀ ਜ਼ਾਹਿਰ ਕੀਤੀ ਅਤੇ ਨਾਗਰਿਕ ਰਾਜ ਵੱਲ ਕਦਮ ਦੀ ਪੇਸ਼ਕਸ਼ ਕੀਤੀ। ਅਸਲ ਮਸਲਾ ਬਣਿਆ ਅਰਧ-ਸੈਨਿਕ ਬਲ ਆਰਐੱਸਐੱਫ ਦੇ ਆਰਮੀ ਵਿੱਚ ਰਲੇਵੇਂ ਦੀ ਯੋਜਨਾ ਨਾਲ ਅਤੇ ਇਸ ਸਵਾਲ ਨਾਲ ਕਿ ਨਵੀਂ ਫੋਰਸ ਦੀ ਅਗਵਾਈ ਕੌਣ ਕਰੇਗਾ।ਸੁਡਾਨ ਵਿੱਚ ਲੜਾਈ ਸ਼ੁਰੂ ਕਿਉਂ ਹੋਈ? ਕਈ ਦਿਨਾਂ ਦੇ ਤਣਾਅ ਤੋਂ ਬਾਅਦ ਗੋਲੀਬਾਰੀ 15 ਅਪ੍ਰੈਲ ਨੂੰ ਸ਼ੁਰੂ ਹੋਈ। ਤਣਾਅ ਆਰਐੱਸਐੱਫ ਦੇ ਮੈਂਬਰਾਂ ਨੂੰ ਦੇਸ਼ ਵਿੱਚ ਮੁੜ ਤੈਨਾਤ ਕਰਨ ਨੂੰ ਲੈ ਕੇ ਸੀ, ਕਿਉਂਕਿ ਇਸ ਕਦਮ ਨੂੰ ਸੈਨਾ ਨੇ ਆਪਣੇ ਲਈ ਖ਼ਤਰੇ ਵਜੋਂ ਦੇਖਿਆ। ਉਮੀਦ ਸੀ ਕਿ ਗੱਲਬਾਤ ਰਾਹੀਂ ਸਥਿਤੀ ਨਾਲ ਨਜਿੱਠਿਆ ਜਾ ਸਕੇਗਾ, ਪਰ ਅਜਿਹਾ ਨਹੀਂ ਹੋਇਆ। ਇਹ ਵਿਵਾਦ ਹੈ ਕਿ ਪਹਿਲਾ ਫ਼ਾਇਰ ਕਿਸ ਨੇ ਕੀਤਾ ਪਰ ਦੇਸ਼ ਦੇ ਕਈ ਹਿੱਸਿਆਂ ਵਿੱਚ ਇਹ ਲੜਾਈ ਤੇਜ਼ੀ ਨਾਲ ਵਧ ਗਈ। ਵਿਸ਼ਵ ਸਿਹਤ ਸੰਗਠਨ ਮੁਤਾਬਕ, ਇਸ ਲੜਾਈ ਵਿੱਚ ਚਾਰ ਸੌ ਤੋਂ ਵੱਧ ਨਾਗਰਿਕਾਂ ਦੀ ਜਾਨ ਚਲੀ ਗਈ ਹੈ।

### ਨਾਗਰਿਕ ਇਸ ਵਿੱਚ ਕਿਵੇਂ ਫਸ ਗਏ?

ਇਹ ਲੜਾਈ ਵਧੇਰੇ ਸ਼ਹਿਰੀ ਖੇਤਰਾਂ ਵਿੱਚ ਹੋ ਰਹੀ ਹੈ ਅਤੇ ਨਾਗਰਿਕ ਇਸ ਦੇ ਪੀੜਤ ਬਣ ਰਹੇ ਹਨ। ਚੰਗੀ ਤਰ੍ਹਾਂ ਸਪਸ਼ਟ ਨਹੀਂ ਹੈ ਕਿ ਆਰਐੱਸਐੱਫ ਦੇ ਬੇਸ ਕਿੱਥੇ ਹਨ, ਪਰ ਜਾਪਦਾ ਹੈ ਕਿ ਉਨ੍ਹਾਂ ਦੇ ਲੜਾਕੇ ਸੰਘਣੀ ਅਬਾਦੀ ਵਾਲੇ ਖੇਤਰਾਂ ਵਿੱਚ ਦਾਖ਼ਲ ਹੋ ਗਏ ਹਨ। ਸੁਡਾਨ ਦੀ ਹਵਾਈ ਸੈਨਾ ਨੇ ਛੇ ਮਿਲੀਅਨ ਤੋਂ ਵੱਧ ਅਬਾਦੀ ਵਾਲੀ ਇੱਥੋਂ ਦੀ ਰਾਜਧਾਨੀ ਵਿੱਚ ਹਵਾਈ ਹਮਲੇ ਕੀਤੇ, ਜਿਸ ਵਿੱਚ ਨਾਗਰਿਕਾਂ ਦੀ ਜਾਨ ਗਈ ਹੋ ਸਕਦੀ ਹੈ। ਕਈ ਵਾਰ ਸੀਜ਼ਫਾਇਰ ਦਾ ਐਲਾਨ ਵੀ ਹੋਇਆ ਤਾਂ ਜੋ ਲੋਕਾਂ ਨੂੰ ਇਸ ਲੜਾਈ ਤੋਂ ਬਚਣ ਦਾ ਮੌਕਾ ਦਿੱਤਾ ਜਾਵੇ, ਪਰ ਅਸਲ ਵਿੱਚ ਅਜਿਹਾ ਦੇਖਿਆ ਨਹੀਂ ਗਿਆ।

### ਰੈਪਿਡ ਸਪੋਰਟ ਫੋਰਸ ਕੀ ਹੈ?

ਆਰਐੱਸਐੱਫ ਸਾਲ 2013 'ਚ ਹੋਂਦ ਵਿੱਚ ਲਿਆਂਦੀ ਗਈ ਸੀ। ਉਦੋਂ ਤੋਂ ਜਨਰਲ ਡਾਗਾਲੋ ਨੇ ਸ਼ਕਤੀਸ਼ਾਲੀ ਫੋਰਸ ਬਣਾਈ ਹੈ ਜਿਸ ਨੇ ਯਮਨ ਅਤੇ ਲੀਬੀਆ ਦੇ ਝਗੜਿਆਂ ਵਿਚ ਦਖ਼ਲ ਦਿੱਤਾ। ਜਨਰਲ ਡਾਗਾਲੋ ਨੇ ਸੁਡਾਨ ਦੀਆਂ ਕੁਝ ਸੋਨੇ ਦੀਆਂ ਖਦਾਣਾਂ 'ਤੇ ਕੰਟਰੋਲ ਕਰਕੇ ਆਰਥਿਕ ਹਿਤ ਵੀ ਵਿਕਸਿਤ ਕੀਤੇ। ਆਰਐੱਸਐੱਫ 'ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਇਲਜ਼ਾਮ ਵੀ ਲੱਗਦੇ ਰਹੇ ਹਨ। ਜੂਨ 2019 ਵਿੱਚ 120 ਤੋਂ ਵੱਧ ਪ੍ਰਦਰਸ਼ਨਕਾਰੀਆਂ ਦਾ ਕਤਲੇਆਮ ਵੀ ਇਨ੍ਹਾਂ ਇਲਜ਼ਾਮਾਂ ਵਿੱਚ ਸ਼ਾਮਲ ਹੈ। ਸੈਨਾ ਤੋਂ ਬਾਹਰ ਇੰਨੀ ਤਾਕਤਵਰ ਫੋਰਸ ਨੂੰ ਦੇਸ਼ ਵਿੱਚ ਅਸਥਿਰਤਾ ਦੇ ਧੁਰੇ ਵਜੋਂ ਦੇਖਿਆ ਜਾਂਦਾ ਰਿਹਾ ਹੈ।

### ਮਿਲਟਰੀ ਕੋਲ ਸੁਡਾਨ ਦੀ ਕਮਾਨ ਕਿਉਂ ਹੈ?



ਇਹ ਲੜਾਈ ਲੰਬੇ ਸਮੇਂ ਤੱਕ ਰਾਸ਼ਟਰਪਤੀ ਰਹੇ ਓਮਰ ਅਲ-ਬਸ਼ੀਰ ਨੂੰ 2019 ਵਿੱਚ ਸੱਤਾ ਤੋਂ ਲਾਹੇ ਜਾਣ ਦੇ ਬਾਅਦ ਤੋਂ ਚੱਲ ਰਹੇ ਤਣਾਅ ਦੀ ਤਾਜ਼ਾ ਘਟਨਾ ਹੈ। ਓਮਰ ਅਲ-ਬਸ਼ੀਰ ਨੇ 1989 ਦੇ ਤਖ਼ਤਾਪਲਟ ਬਾਅਦ ਕਮਾਨ ਸੰਭਾਲੀ ਸੀ। ਉਨ੍ਹਾਂ ਦੇ ਤਿੰਨ ਦਹਾਕਿਆਂ ਤੋਂ ਵੀ ਲੰਬੇ ਰਾਜ ਤੋਂ ਛੁਟਕਾਰਾ ਪਾਉਣ ਲਈ ਲੋਕ ਸੜਕਾਂ 'ਤੇ ਉਤਰ ਪਰਦਰਸ਼ਨ ਕਰ ਲੱਗੇ ਸੀ ਅਤੇ ਇੱਥੋਂ ਦੀ ਸੈਨਾ ਨੇ ਓਮਰ ਅਲ-ਬਸ਼ੀਰ ਨੂੰ ਕੁਰਸੀ ਤੋਂ ਲਾਹੁਣ ਲਈ ਤਖ਼ਤਾਪਲਟ ਕਰ ਦਿੱਤਾ ਸੀ। ਪਰ ਨਾਗਰਿਕ ਲਗਾਤਾਰ ਲੋਕਤੰਤਰ ਲਿਆਉਣ ਦੀ ਮੁਹਿੰਮ ਚਲਾਉਂਦੇ ਰਹੇ। ਫਿਰ ਜੁਆਇੰਟ ਮਿਲਟਰੀ-ਨਾਗਰਿਕ ਸਰਕਾਰ ਦੀ ਸਥਾਪਨਾ ਹੋਈ ਪਰ ਉਸ ਨੂੰ ਅਕਤੂਬਰ 2021 ਦੇ ਤਖ਼ਤਾਪਲਟ ਦੌਰਾਨ ਸੱਤਾ ਤੋਂ ਲਾਹ ਦਿੱਤਾ ਗਿਆ। ਉਸ ਵੇਲੇ ਜਨਰਲ ਬੁਰਹਾਨ ਹੱਥ ਕਮਾਨ ਆਈ ਅਤੇ ਉਦੋਂ ਤੋਂ ਜਨਰਲ ਬੁਰਹਾਨ ਅਤੇ ਜਨਰਲ ਡਾਗਾਲੋ ਵਿਚਕਾਰ ਦੁਸ਼ਮਣੀ ਡੂੰਘੀ ਹੁੰਦੀ ਗਈ। ਪਿਛਲੇ ਦਸੰਬਰ ਵਿੱਚ ਵਾਪਸ ਨਾਗਰਿਕਾਂ ਦੇ ਹੱਥ ਵਿਚ ਸੱਤਾ ਦੇਣ ਲਈ ਢਾਂਚੇ 'ਤੇ ਸਹਿਮਤੀ ਬਣੀ ਪਰ ਇਸ ਨੂੰ ਅੰਤਿਮ ਰੂਪ ਦੇਣ ਵਿੱਚ ਸਫ਼ਲਤਾ ਨਾ ਮਿਲੀ।ਦੋਹੇਂ ਧਿਰਾਂ ਚਾਹੁੰਦੀਆਂ ਕੀ ਹਨ? ਜਨਰਲ ਡਾਗਾਲੋ ਨੇ ਕਈ ਟਵੀਟ ਕਰਕੇ ਕਿਹਾ ਹੈ ਕਿ ਜਨਰਲ ਬੁਰਹਾਨ ਦੀ ਸਰਕਾਰ 'ਕੱਟੜਪੰਥੀ ਇਸਲਾਮੀ' ਸੀ ਜਦਕਿ ਆਰਐੱਸਐੱਫ ਸੁਡਾਨ ਦੇ ਲੋਕਾਂ ਲਈ ਲੜ ਰਹੀ ਹੈ ਤਾਂ ਕਿ ਲੋਕਤਾਂਤਰਿਕ ਢਾਂਚਾ ਸੁਨਿਸ਼ਚਿਤ ਕੀਤਾ ਜਾ ਸਕੇ ਜਿਸ ਨੂੰ ਇੱਥੋਂ ਦੇ ਲੋਕ ਲੰਬੇ ਸਮੇਂ ਤੋਂ ਤਰਸ ਰਹੇ ਹਨ। ਆਰਐੱਸਐੱਫ ਦੇ ਬੇਰਹਿਮੀ ਭਰੇ ਟਰੈਕ ਰਿਕਾਰਡ ਕਰਕੇ ਕਈ ਲੋਕ ਜਨਰਲ ਡਾਗਾਲੋ ਦੀਆਂ ਇਨ੍ਹਾਂ ਗੱਲਾਂ 'ਤੇ ਯਕੀਨ ਨਹੀਂ ਕਰ ਪਾ ਰਹੇ। ਜਨਰਲ ਬੁਰਹਾਨ ਨੇ ਕਿਹਾ ਹੈ ਕਿ ਉਹ ਨਾਗਰਿਕ ਰਾਜ ਵੱਲ ਮੁੜਨ ਦੇ ਵਿਚਾਰ ਨੂੰ ਸਮਰਥਨ ਦਿੰਦੇ ਹਨ ਪਰ ਉਹ ਇੱਕ ਚੁਣੀ ਹੋਈ ਸਰਕਾਰ ਹੱਥ ਹੀ ਸੱਤਾ ਦੇਣਗੇ। ਸ਼ੱਕ ਹਨ ਕਿ ਦੋਹੇਂ ਜਨਰਲ ਹੀ ਆਪੋ-ਆਪਣੀ ਸੱਤਾ ਨਹੀਂ ਛੱਡਣਾ ਚਾਹੁੰਦੇ ਅਤੇ ਕੁਰਸੀ ਨਾਲ ਜੁੜੇ ਪ੍ਰਭਾਵ ਅਤੇ ਦੌਲਤ ਨੂੰ ਛੱਡਣ ਦੀ ਇੱਛਾ ਨਹੀਂ ਰੱਖਦੇ।

### ਦੂਜੇ ਦੇਸ਼ ਕੀ ਕਰ ਰਹੇ ਹਨ ?

ਡਰ ਹੈ ਕਿ ਲੜਾਈ ਦੇਸ਼ ਦੇ ਹੋਰ ਟੁਕੜੇ ਕਰ ਸਕਦੀ ਹੈ, ਹੋਰ ਵੀ ਬੁਰੇ ਸਿਆਸੀ ਝਟਕੇ ਆ ਸਕਦੇ ਹਨ। ਮੁੜ ਨਾਗਰਿਕ ਰਾਜ ਦੀ ਬਹਾਲੀ ਦੀ ਕੋਸ਼ਿਸ਼ ਵਿੱਚ ਭੂਮਿਕਾ ਨਿਭਾ ਰਹੇ ਡਿਪਲੋਮੈਟ ਕੋਸ਼ਿਸ਼ ਕਰ ਰਹੇ ਹਨ ਦੋਹੇਂ ਜਨਰਲ ਗੱਲਬਾਤ ਜ਼ਰੀਏ ਮਸਲਾ ਨਿਬੇੜਨ। ਜਿਵੇਂ ਹੀ ਲੜਾਈ ਸ਼ੁਰੂ ਹੋਈ, ਤਾਂ ਕੀਨੀਆ, ਦੱਖਣੀ ਸੁਡਾਨ ਅਤੇ ਡਿਰਬਾਊਟੀ ਦੇ ਰਾਸ਼ਟਰਪਤੀ ਨੂੰ ਖਾਰਤੂਮ ਵਿੱਚ ਭੇਜਣ 'ਤੇ ਸਹਿਮਤੀ ਹੋਈ, ਪਰ ਇਹ ਮਿਸ਼ਨ ਸਿਰੇ ਨਹੀਂ ਚੜ੍ਹਿਆ। ਯੂਕੇ, ਯੂਐੱਸ ਅਤੇ ਯੂਰਪੀਅਨ ਯੂਨੀਅਨ ਨੇ ਵੀ ਸੀਜ਼ਫਾਇਰ ਅਤੇ ਇਸ ਸੰਕਟ ਨੂੰ ਗੱਲਬਾਤ ਰਾਹੀਂ ਹੱਲ ਕਰਨ ਦਾ ਸੱਦਾ ਦਿੱਤਾ ਹੈ। ਕਈ ਦੇਸ਼ ਹੁਣ ਇੱਥੋਂ ਆਪਣੇ ਨਾਗਰਿਕਾਂ ਨੂੰ ਬਾਹਰ ਕੱਢਣ ਦੀਆਂ ਕੋਸ਼ਿਸ਼ਾਂ ਵਿੱਚ ਲੱਗੇ ਹਨ।

## .ਗਦਰ ਪਾਰਟੀ ਸਥਾਪਨਾ ਦਿਵਸ ਸਮਾਗਮ ਨੇ ਦਿੱਤਾ ਸੱਦਾ

# ਸਾਮਰਾਜੀ ਅਤੇ ਫ਼ਿਰਕੂ ਹੱਲੇ ਖਿਲਾਫ਼ ਜੂਝਣ ਲਈ ਵਿਚਾਰਧਾਰਕ ਅਤੇ ਲੋਕ ਸੰਗਰਾਮ ਕਰਨਾ ਜ਼ਰੂਰੀ







**ਜਲੰਧਰ-** ਗ਼ਦਰ ਪਾਰਟੀ ਦੇ 110ਵੇਂ ਸਥਾਪਨਾ ਦਿਵਸ ਸਮਾਗਮ ਨੇ ਗ਼ਦਰ ਪਾਰਟੀ ਦੀ ਸਾਮਰਾਜਵਾਦ ਵਿਰੋਧੀ, ਧਰਮ-ਨਿਰਪੱਖ, ਹਰ ਵੰਨਗੀ ਦੀ ਗ਼ੁਲਾਮੀ, ਵਿਤਕਰੇ, ਦਾਬੇ ਅਤੇ ਜ਼ਬਰ ਸਿਤਮ ਤੋਂ ਮੁਕਤ ਸਾਂਝੀਵਾਲਤਾ ਵਾਲਾ ਨਿਜ਼ਾਮ ਸਿਰਜਣ ਨੂੰ ਪ੍ਰਨਾਈ ਸੋਚ ਨੂੰ ਲੋਕਾਂ ਤੱਕ ਲਿਜਾਣ ਅਤੇ ਚੇਤਨ ਲੋਕ ਲਹਿਰ ਉਸਾਰਨ ਦਾ ਹੋਕਾ ਦਿੱਤਾ।

ਦੇਸ਼ ਭਗਤ ਯਾਦਗਾਰ ਕੰਪਲੈਕਸ ਦੇ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ 'ਚ ਹੋਏ ਸਮਾਗਮ ਦਾ ਆਗਾਜ਼ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਕ੍ਰਿਸ਼ਨਾ ਕੁਮਾਰੀ ਵੱਲੋਂ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਨਾਲ ਹੋਇਆ। ਸਮਾਗਮ ਮੌਕੇ ਮੰਚ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਕਮੇਟੀ ਮੈਂਬਰ ਕ੍ਰਿਸ਼ਨਾ ਕੁਮਾਰੀ, ਮੰਗਤ ਰਾਮ ਪਾਸਲਾ, ਰਮਿੰਦਰ ਪਟਿਆਲਾ, ਡਾ. ਪਰਮਿੰਦਰ ਸਿੰਘ ਅਤੇ ਅਮੋਲਕ ਸਿੰਘ ਸਸ਼ੋਭਤ ਸਨ।

ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਾਬਕਾ ਪ੍ਰਧਾਨ ਬਾਬਾ ਭਗਤ ਸਿੰਘ ਬਿਲਗਾ ਜੀ ਦੀ ਪੁਸਤਕ 'ਅਣਫੋ.ਲੇ ਵਰਕੇ' ਦਾ ਮਾਸਟਰ ਮਲਕੀਤ ਸਿੰਘ ਵੱਲੋਂ ਕੀਤਾ ਅੰਗਰੇਜ਼ੀ ਅਨੁਵਾਦ 'ਅਣਐਕਸਪਲੋਰਡ ਪੇਜ਼ਜ ਆਫ਼ ਗ਼ਦਰ ਮੂਵਮੈਂਟ' ਕਮੇਟੀ ਮੈਂਬਰ ਕੁਲਬੀਰ ਸਿੰਘ ਸੰਘੇੜਾ ਅਤੇ ਸੁਰਿੰਦਰ ਕੌਰ ਨੇ ਲੋਕ ਅਰਪਣ ਕੀਤਾ।

ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਨੇ ਜੀ ਆਇਆਂ ਸ਼ਬਦਾਂ ਮੌਕੇ ਕਿਹਾ ਕਿ ਗ਼ਦਰ ਪਾਰਟੀ ਦੀ ਇਨਕਲਾਬੀ ਵਿਰਾਸਤ ਨੂੰ ਬੁਲੰਦ ਕਰਨਾ ਸਮੇਂ ਦੀ ਤੀਬਰ ਲੋੜ ਹੈ। ਉਹਨਾਂ ਕਿਹਾ ਕਿ ਅਜੇਹੇ ਸਮਾਗਮ ਹਾਲ ਤੋਂ ਬਾਹਰ ਉਹਨਾਂ ਦੀਆਂ ਵਾਰਸ ਸੰਸਥਾਵਾਂ ਨੂੰ ਵੀ ਕਰਨ ਦੀ ਲੋੜ ਹੈ।

ਕਮੇਟੀ ਮੈਂਬਰ ਕ੍ਰਿਸ਼ਨਾ ਕੁਮਾਰੀ ਨੇ ਸਮਾਗਮ 'ਚ ਬੋਲਦਿਆਂ ਗ਼ਦਰ ਪਾਰਟੀ 'ਚ ਔਰਤਾਂ ਵੱਲੋਂ ਪਾਏ ਅਹਿਮ ਯੋਗਦਾਨ ਦਾ ਜ਼ਿਕਰ ਕਰਦਿਆਂ ਅਜੋਕੇ ਸਮੇਂ ਲੋਕ ਲਹਿਰ 'ਚ ਔਰਤਾਂ ਨੂੰ ਪਿੜ੍ਹ ਮੱਲਣ ਲਈ ਅੱਗੇ ਆਉਣ ਦਾ ਸੱਦਾ ਦਿੱਤਾ। ਉਹਨਾਂ ਕਿਹਾ ਕਿ ਔਰਤਾਂ ਨੇ ਨਿੱਗਰ ਯੋਗਦਾਨ ਸਦਕਾ ਹੀ ਸਾਮਰਾਜਵਾਦ ਦਾ ਡਟਵਾਂ ਵਿਰੋਧ ਕਰਨਾ ਅਤੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਨੂੰ ਅਮਲੀ ਜਾਮਾ ਪਹਿਨਾਇਆ ਜਾ ਸਕਦਾ ਹੈ।

ਕਮੇਟੀ ਮੈਂਬਰ ਮੰਗਤ ਰਾਮ ਪਾਸਲਾ ਨੇ ਗ਼ਦਰ ਪਾਰਟੀ ਦੀ ਇਤਿਹਾਸਕ ਪ੍ਰਸੰਗਕਤਾ ਉਪਰ ਜੋਰ ਦਿੰਦੇ ਹੋਏ ਕਿਹਾ ਕਿ ਵਿਚਾਰ-ਚਰਚਾ ਦਾ ਆਪਣਾ ਯੋਗਦਾਨ ਹੈ ਪਰ ਸਮਾਜਕ ਤਬਦੀਲੀ ਲਈ ਪੈਰੀਂ ਬਿਆਈਆਂ ਅਤੇ ਅੱਟਣਾਂ ਭਰੇ ਹੱਥਾਂ ਵਾਲੇ ਮਿਹਨਤਕਸ਼ਾਂ ਦੇ ਕਾਫ਼ਲਿਆਂ ਨੂੰ ਜਦੋ-ਜਹਿਦ ਦੇ ਮੈਦਾਨ 'ਚ ਲਿਆਉਣਾ ਜਰੂਰੀ ਹੈ।

ਕਮੇਟੀ ਮੈਂਬਰ ਸੁਖਵਿੰਦਰ ਸਿੰਘ ਸੇਖੋਂ ਨੇ ਬੋਲਦਿਆਂ ਕਿਹਾ ਕਿ ਕਾਰਪੋਰੇਟ ਘਰਾਣਿਆਂ ਅਤੇ ਫ਼ਿਰਕਾ-ਪ੍ਰਸਤੀ ਦੇ ਹੱਲੇ ਸਾਡੇ ਇਤਿਹਾਸ, ਕੁਦਰਤੀ ਸੋਮਿਆਂ, ਜ਼ਿੰਦਗੀ ਦੇ ਸਭਨਾਂ ਖੇਤਰਾਂ ਉਪਰ ਦੂਰ-ਪ੍ਰਭਾਵ ਪਾ ਰਹੇ ਹਨ। ਇਹਨਾਂ ਨੂੰ ਲੱਕ ਤੋੜਵੀਂ ਹਾਰ ਦੇਣ ਲਈ ਸੂਝਵਾਨ, ਚੇਤਨ ਜਨਤਕ ਲਹਿਰ ਉਸਾਰਨਾ ਗ਼ਦਰੀ ਦੇਸ਼ ਭਗਤਾਂ ਦੀ ਸੋਚ 'ਤੇ ਪਹਿਰਾ ਦੇਣਾ ਹੈ।

ਕਮੇਟੀ ਮੈਂਬਰ ਰਮਿੰਦਰ ਪਟਿਆਲਾ ਨੇ ਕਿਹਾ ਕਿ ਸਾਮਰਾਜ ਅਤੇ ਉਸਦੇ ਹਿੱਤ ਪਾਲਕ ਨਿਜ਼ਾਮ ਨੂੰ ਹਰਾਉਣ ਲਈ ਲੋਕਾਂ ਨੂੰ ਸੜਕਾਂ, ਗਲੀਆਂ ਵਿੱਚ ਹੱਕੀ ਜਦੋ-ਜਹਿਦ ਲਈ ਨਿੱਤਰਨਾ ਪਵੇਗਾ। ਉਹਨਾਂ ਕਿਹਾ ਕਿ ਦਿੱਲੀ ਕਿਸਾਨ ਮੋਰਚੇ ਦਾ ਟਰੈਕਟਰ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਜਦੋ-ਜਹਿਦ ਇਸਦਾ ਮਿਸਾਲੀ ਚਿੰਨ੍ਹ ਹੈ। ਕਮੇਟੀ ਮੈਂਬਰ ਡਾ. ਪਰਮਿੰਦਰ ਸਿੰਘ ਨੇ ਕਿਹਾ ਕਿ ਗ਼ਦਰ ਪਾਰਟੀ ਦੀ ਵਿਲੱਖਣ ਸ਼ਕਤੀਸ਼ਾਲੀ ਅਤੇ ਇਨਕਲਾਬੀ ਤਾਕਤ ਇਹ ਹੈ ਕਿ ਇਸ ਵਿੱਚ ਬੌਧਿਕ ਅਤੇ ਲੋਕ ਸ਼ਕਤੀ ਦੀ ਮਜ਼ਬੂਤ ਕੜੀ ਕੰਮ ਕਰਦੀ ਸੀ। ਅਜੋਕੇ ਸਮੇਂ ਧਰਤੀ ਹੇਠਲੇ ਅਤੇ ਉਪਰਲੇ ਸਭਨਾਂ ਸੋਮਿਆਂ ਉਪਰ ਸਾਮਰਾਜੀ ਤਾਕਤਾਂ ਮੁਕੰਮਲ ਜੱਫਾ ਮਾਰ ਰਹੀਆਂ ਹਨ। ਉਹਨਾਂ ਕਿਹਾ ਕਿ ਹਰ ਵੰਨਗੀ ਦੇ ਫ਼ਿਰਕੂ ਅਤੇ ਹਕੂਮਤੀ ਹਮਲਿਆਂ ਖਿਲਾਫ਼ ਲੋਕਾਂ ਦੀ ਆਪਣੀ ਤਾਕਤ ਖੜ੍ਹੀ ਕਰਨਾ ਸਮੇਂ ਦੀ ਲੋੜ ਹੈ। ਗ਼ਦਰੀ ਦੇਸ਼ ਭਗਤਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਲੋਕ-ਤਾਕਤ ਉਸਾਰਨਾ ਜਰੂਰੀ ਹੈ।

ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਗ਼ਦਰ ਪਾਰਟੀ ਦੇ ਸਥਾਪਨਾ ਦਿਹਾੜੇ ਮੌਕੇ ਸਾਨੂੰ ਅਹਿਦ ਕਰਨ ਦੀ ਲੋੜ ਹੈ ਕਿ ਸਾਨੂੰ ਵਿਚਾਰਧਾਰਕ ਅਤੇ ਜੱਥੇਬੰਦਕ ਤੌਰ 'ਤੇ ਮਜ਼ਬੂਤ ਹੋਣ ਦੀ ਲੋੜ ਹੈ। ਉਹਨਾਂ ਕਿਹਾ ਕਿ ਭਵਿੱਖ ਅੰਦਰ ਚੌਤਰਫ਼ੀਆਂ ਚੁਣੌਤੀਆਂ ਸਰ ਕਰਨ ਲਈ ਇਹਨਾਂ ਦੋਵੇਂ ਮੋਰਚਿਆਂ ਤੇ ਤਕੜਾਈ ਕਰਨਾ ਜਰੂਰੀ ਹੈ। ਉਹਨਾਂ ਨੇ ਗ਼ਦਰੀ ਬਾਬਾ ਜਵਾਲਾ ਸਿੰਘ ਆਡੀਟੋਰੀਅਮ ਦੀ ਮੁਰੰਮਤ ਲਈ ਸਹਾਇਤਾ ਦਾ ਵੇਰਵਾ ਦੱਸਦਿਆਂ ਧੰਨਵਾਦ ਕਰਦੇ ਹੋਏ ਸਹਾਇਤਾ ਲਈ ਅਪੀਲ ਕੀਤੀ।

ਇਸ ਮੌਕੇ ਜਲ੍ਹਿਆਂਵਾਲਾ ਬਾਗ਼ ਦੀ ਇਤਿਹਾਸਕ ਵਿਰਾਸਤ ਦੇ ਮੂਲ ਸਰੂਪ ਨੂੰ ਬਹਾਲ ਕਰਨ, ਗੁਰਸ਼ਰਨ ਭਾਅ ਜੀ ਦੇ ਅੰਮ੍ਰਿਤਸਰ ਸਥਿਤ ਜੱਦੀ ਘਰ ਨੂੰ ਯਾਦਗਾਰ ਵਜੋਂ ਸੰਭਾਲਣ, ਬੁੱਧੀਜੀਵੀਆਂ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਮੂਹ ਕੈਦੀਆਂ ਨੂੰ ਰਿਹਾਅ ਕਰਨ ਦੇ ਮਤੇ ਹੱਥ ਖੜ੍ਹੇ ਕਰਕੇ ਪਾਸ ਕੀਤੇ ਗਏ। ਸਮਾਗਮ ਨੇ ਇਸ ਵਿਚਾਰ ਨੂੰ ਵੀ ਹੱਥ ਖੜ੍ਹੇ ਕਰਕੇ ਹੁੰਗਾਰਾ ਭਰਿਆ ਕਿ ਭਵਿੱਖ 'ਚ ਫ਼ਿਰਕੂ ਸਦਭਾਵਨਾ ਅਤੇ ਸਾਂਝੀਵਾਲਤਾ ਦੇ ਸੰਦਰਭ 'ਚ ਬਾਬਾ ਸ਼ੇਖ਼ ਫਰੀਦ ਜੀ ਦੇ 850ਵੇਂ ਜਨਮ ਦਿਹਾੜੇ ਦੇ ਹਵਾਲੇ ਨਾਲ ਵਿਚਾਰ-ਗੋਸ਼ਟੀਆਂ ਕਰਨਾ ਅਤੀ ਜ਼ਰੂਰੀ ਹੈ।

ਅੱਜ ਦੇ ਸਮਾਗਮ 'ਚ ਵੱਖ-ਵੱਖ ਮਿਹਨਤਕਸ਼ ਤਬਕਿਆਂ ਅਤੇ ਸਾਹਿਤਕ, ਸਭਿਆਚਾਰਕ, ਤਰਕਸ਼ੀਲ ਅਤੇ ਜਮਹੂਰੀ ਸੰਸਥਾਵਾਂ ਦੇ ਪ੍ਰਤੀਨਿੱਧਾਂ ਸਮੇਤ ਔਰਤਾਂ ਦੀ ਭਰਵੀਂ ਸ਼ਮੂਲੀਅਤ ਸੀ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਵਿੱਤ ਸਕੱਤਰ ਸੀਤਲ ਸਿੰਘ ਸੰਘਾ, ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਰਣਜੀਤ ਸਿੰਘ ਔਲਖ, ਪ੍ਰਗਟ ਸਿੰਘ ਜਾਮਾਰਾਏ, ਬਲਬੀਰ ਕੌਰ ਬੁੰਡਾਲਾ, ਵਿਜੈ ਬੰਬੇਲੀ, ਹਰਦੇਵ ਅਰਸ਼ੀ, ਡਾ. ਤੇਜਿੰਦਰ ਵਿਰਲੀ ਅਤੇ ਡਾ. ਸੈਲੇਸ਼ ਵੀ ਸਾਥੀਆਂ ਸਮੇਤ ਹਾਜ਼ਰ ਸਨ। ਸਮਾਗਮ ਦਾ ਮੰਚ-ਸੰਚਾਲਨ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ।

# ਪੰਜਾਬੀ ਸਿਨਮਾ ਦੇ ਮਾਣ 'ਚ ਵਾਧਾ ਕਰੇਗੀ ਫ਼ਿਲਮ 'ਨਿਡਰ'

**ਹਰਜਿੰਦਰ ਸਿੰਘ ਜਵੰਦਾ**

ਪੰਜਾਬੀ ਸਿਨਮਾ ਪਿਛਲੇ ਕੁਝ ਸਮੇਂ ਤੋਂ ਵੱਖ-ਵੱਖ ਫਿਲਮਾਂ ਸਦਕਾ ਲਗਾਤਾਰ ਸਫਲਤਾ ਵੱਲ ਵੱਡੀਆਂ ਪੁਲਾਂਘਾਂ ਪੁੱਟ ਰਿਹਾ ਹੈ। ਸਫਲਤਾ ਦੀ ਇਸੇ ਲੜੀ ਨੂੰ ਅੱਗੇ ਤੌਰਨ ਲਈ ਇਕ ਹੋਰ ਫ਼ਿਲਮ "ਨਿਡਰ' ਤਿਆਰ ਹੈ। ਪੰਜਾਬੀ ਸਿਨੇਮੇ ਦੇ





ਇਤਿਹਾਸ ਦੀ ਇਹ ਆਪਣੇ ਕਿਸਮ ਦੀ ਪਹਿਲੀ ਫ਼ਿਲਮ ਹੋਵੇਗੀ ਜੋ ਇੱਕੋ ਸਮੇਂ ਤਿੰਨ ਭਾਸ਼ਾਵਾਂ ਪੰਜਾਬੀ, ਹਿੰਦੀ ਅਤੇ ਤੇਲਗੂ ਵਿੱਚ ਰਿਲੀਜ ਹੋਵੇਗੀ। 12 ਮਈ ਨੂੰ ਦੁਨੀਆ ਭਰ ਵਿੱਚ ਰਿਲੀਜ਼ ਹੋ ਰਹੀ ਇਸ ਫ਼ਿਲਮ ਜ਼ਰੀਏ ਹਿੰਦੀ ਸਿਨਮਾ ਦੇ ਨਾਮਵਾਰ ਅਦਾਕਾਰ ਮੁਕੇਸ਼ ਰਿਸ਼ੀ ਦੇ ਬੇਟੇ ਰਾਘਵ ਰਿਸ਼ੀ ਸਿਲਵਰ ਸਕਰੀਨ 'ਤੇ ਆਗਮਨ ਕਰਨ ਜਾ ਰਹੇ ਹਨ।

ਇਸ ਫ਼ਿਲਮ ਵਿੱਚ ਪਹਿਲੀ ਵਾਰ ਮੁਕੇਸ਼ ਰਿਸ਼ੀ ਤੇ ਰਾਘਵ ਰਿਸ਼ੀ ਪਿਓ-ਪੁੱਤ ਦੀ ਜੋੜੀ ਨਜ਼ਰ ਆਵੇਗੀ। ਇਸ ਫ਼ਿਲਮ ਨੂੰ ਹਰ ਪੱਖੋਂ ਬੇਹਤਰੀਨ ਬਣਾਉਣ ਲਈ ਨਿਰਦੇਸ਼ਕ ਮਨਦੀਪ ਸਿੰਘ ਚਾਹਲ ਨੇ ਬੇਹੱਦ ਮਿਹਨਤ ਕੀਤੀ ਹੈ। 'ਗੇੜੀ ਰੂਟ ਪ੍ਰੋਡੋਕਸ਼ਨ' ਦੇ ਬੈਨਰ ਹੇਠ ਬਣਾਈ ਗਈ ਇਸ ਫ਼ਿਲਮ ਦੀ ਸ਼ੂਟਿੰਗ ਚੰਡੀਗੜ੍ਹ, ਮੁਹਾਲੀ, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਦੀਆਂ ਵੱਖ ਵੱਖ ਲੋਕੇਸ਼ਨਾਂ ਤੇ ਕੀਤੀ ਗਈ ਹੈ। ਇਸ ਫ਼ਿਲਮ ਵਿੱਚ ਰਾਘਵ ਰਿਸ਼ੀ ਦੇ ਨਾਲ ਅਦਾਕਾਰ ਕੁਲਨੂਰ ਬਰਾੜ ਬਤੌਰ ਹੀਰੋਇਨ ਨਜ਼ਰ ਆਵੇਗੀ।

ਫ਼ਿਲਮ ਵਿੱਚ ਵਿੰਦੂ ਦਾਰਾ ਸਿੰਘ, ਦੀਪ ਮਨਦੀਪ, ਵਿਕਰਮਜੀਤ ਵਿਰਕ, ਰੋਜ਼ ਕੌਰ, ਸਤਵੰਤ ਕੌਰ, ਸਰਦਾਰ ਸੋਹੀ, ਮਲਕੀਤ ਰੌਣੀ, ਮਿੰਟੂ ਕਾਪਾ, ਸ਼ਵਿੰਦਰ ਮਾਹਲ, ਮਨਿੰਦਰ ਕੈਲੀ, ਯੁਵਰਾਜ਼ ਔਲਖ, ਪਾਲੀ ਮਾਂਗਟ ਸਮੇਤ ਕਈ ਹੋਰ ਕਲਾਕਾਰ ਵੀ ਮਹੱਤਵਪੂਰਨ ਭੂਮਿਕਾਵਾਂ 'ਚ ਨਜ਼ਰ ਆਉਣਗੇ।

ਫ਼ਿਲਮ ਦਾ ਸਟੋਰੀ-ਸਕਰੀਨ ਪਲੇ ਮਾਰੂਖ਼ ਮਿਰਜ਼ਾ ਬੇਗ ਨੇ ਲਿਖਿਆ ਹੈ, ਜਦਕਿ ਸੰਵਾਦ ਲੇਖਕ ਸੁਰਮੀਤ ਮਾਵੀ ਨੇ ਲਿਖੇ ਹਨ ਬਾਲੀਵੁੱਡ ਵਿਚ ਪ੍ਰਭਾਵਸ਼ਾਲੀ ਦਿੱਖ ਰੱਖਦੇ ਐਕਟਰ ਵਜੋਂ ਮਾਣਮੱਤੀ ਪਹਿਚਾਣ ਬਣਾ ਚੁੱਕੇ ਅਦਾਕਾਰ ਮੁਕੇਸ਼ ਰਿਸ਼ੀ ਦੱਸਦੇ ਹਨ ਕਿ ਪੰਜਾਬ ਪ੍ਰਤੀ ਉਨ੍ਹਾਂ ਦੀਆਂ ਭਾਵਨਾਵਾਂ ਹਮੇਸ਼ਾ ਕੋਮਲ ਰਹੀਆਂ ਹਨ, ਇਸੇ ਮੱਦੇਨਜ਼ਰ ਉਨ੍ਹਾਂ ਦੀ ਖ਼ਵਾਹਿਸ਼ ਸੀ ਕਿ ਉਨ੍ਹਾਂ ਦਾ ਬੇਟਾ ਇਸੇ ਸਿਨੇਮਾ ਨਾਲ ਜੁੜੀ ਫ਼ਿਲਮ ਦੁਆਰਾ ਆਪਣੇ ਫ਼ਿਲਮ ਕਰੀਅਰ ਦਾ ਆਗਾਜ਼ ਕਰੇ।

ਉਨ੍ਹਾਂ ਦੱਸਿਆ ਕਿ ਬਾਪ ਅਤੇ ਬੇਟੇ ਦੀ ਭਾਵਨਾਤਮਕ ਸਾਂਝ ਆਧਾਰਿਤ ਇਹ ਫ਼ਿਲਮ ਰਿਸ਼ਤਿਆਂ ਦੀ ਕਦਰ ਕਰਨਾ ਵੀ ਸਿਖਾਵੇਗੀ। ਉਕਤ ਫ਼ਿਲਮ ਵਿਚ ਰਾਘਵ ਰਿਸ਼ੀ ਇਕ ਅਜਿਹੇ ਸਧਾਰਨ ਪਰ ਨਿਡਰ ਨੌਜਵਾਨ ਦਾ ਕਿਰਦਾਰ ਪਲੇ ਕਰ ਰਹੇ ਹਨ, ਜਿਸ ਨੂੰ ਇਕ ਅਜਿਹੇ ਮਿਸ਼ਨ ਲਈ ਸਮਰਪਿਤ ਹੋਣਾ ਪੈਂਦਾ ਹੈ, ਜੋ ਉਸ ਲਈ ਬਹੁਤ ਸਾਰੀਆਂ ਚੁਣੌਤੀਆਂ ਭਰਿਆ ਸਾਬਿਤ ਹੁੰਦਾ ਹੈ। ਪਰ ਇਸ ਦੌਰਾਨ ਸਾਹਮਣੇ ਆਉਣ ਵਾਲੇ ਹਰ ਖ਼ਤਰਨਾਕ ਪੜ੍ਹਾਅ ਦਾ ਇਹ ਨੌਜਵਾਨ ਬਹੁਤ ਹੀ ਸੂਝਬੂਝ ਅਤੇ ਦਲੇਰੀ ਨਾਲ ਆਪਣੇ ਜ਼ਜ਼ਬਿਆਂ ਨੂੰ ਅੰਜ਼ਾਮ ਦਿੰਦਾ ਹੈ। ਨਿਰਦੇਸ਼ਕ ਮਨਦੀਪ ਸਿੰਘ ਚਾਹਲ ਮੁਤਾਬਕ ਇਹ ਫ਼ਿਲਮ ਪੰਜਾਬੀ ਦੀਆਂ ਉਨ੍ਹਾਂ ਫਿਲਮਾਂ ਵਿੱਚੋਂ ਹੋਵੇਗੀ ਜਿੰਨਾ ਰੁਝਾਨ ਤੋਂ ਵੱਖ ਹੋ ਕੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ ਹੈ।

ਇਸ ਫ਼ਿਲਮ ਦੀ ਕਹਾਣੀ ਦੇ ਨਾਲ ਨਾਲ ਦਰਸ਼ਕਾਂ ਨੂੰ ਇਸਦਾ ਸੰਗੀਤ ਵੀ ਬੇਹੱਦ ਪਸੰਦ ਆਵੇਗਾ। ਇਸ ਦਾ ਸੰਗੀਤ ਗੁਰਮੀਤ ਸਿੰਘ ਤੇ ਸਨੀ ਇੰਦਰ ਨੇ ਤਿਆਰ ਕੀਤਾ ਹੈ। ਦਲੇਰ ਮਹਿੰਦੀ , ਫਿਰੋਜ ਖਾਨ, ਨਵਰਾਜ ਹੰਸ, ਅਸੀਸ ਕੌਰ ਸਮੇਤ ਕਈ ਨਾਮੀਂ ਗਾਇਕਾਂ ਨੇ ਫ਼ਿਲਮ ਲਈ ਗੀਤ ਗਾਏ ਹਨ। 12 ਮਈ ਨੂੰ ਦੁਨੀਆਭਰ ਦੇ ਸਿਨੇਮਾਘਰਾਂ ਵਿੱਚ ਰਿਲੀਜ਼ ਹੋਣ ਜਾ ਰਹੀ ਇਸ ਫ਼ਿਲਮ ਤੋਂ ਫ਼ਿਲਮ ਦੀ ਟੀਮ ਦੇ ਨਾਲ ਨਾਲ ਪੰਜਾਬੀ ਇੰਡਸਟਰੀ ਨੂੰ ਵੱਡੀਆਂ ਆਸਾਂ ਹਨ।

# ਤੂੰਬੀ ਦਾ ਜਨਮਦਾਤਾ ਲੋਕ ਗਾਇਕ ਯਮਲਾ ਜੱਟ

**ਕੁਲਦੀਪ ਸਾਹਿਲ**

ਤੂੰਬੀ ਅਤੇ ਸੁਰੀਲੀ ਆਵਾਜ਼ ਦੇ ਬਾਦਸ਼ਾਹ ਵਜੋਂ ਜਾਣੇ ਜਾਂਦੇ ਇਸ ਮਹਾਨ ਗਾਇਕ ਦਾ ਜਨਮ 28 ਮਾਰਚ 1910 ਨੂੰ ਮਾਤਾ ਹਰਨਾਮ ਕੌਰ ਤੇ ਪਿਤਾ ਖਹਿਰਾ ਰਾਮ ਦੇ ਘਰ ਚੱਕ ਨੰਬਰ 384 ਟੋਭਾ ਟੇਕ ਸਿੰਘ ਲਾਇਲਪੁਰ ਪਾਕਿਸਤਾਨ ਵਿੱਚ ਹੋਇਆ ਸੀ। 1947 ਵਿੱਚ ਜਦੋਂ ਭਾਰਤ ਪਾਕਿਸਤਾਨ ਦੀ ਵੰਡ ਹੋਈ ਤਾਂ ਉਨ੍ਹਾਂ ਦਾ ਪੂਰਾ ਪਰਿਵਾਰ ਜਵਾਹਰ ਨਗਰ ਲੁਧਿਆਣਾ ਵਿੱਚ ਆ ਕੇ ਵੱਸ ਗਿਆ ਸੀ।

ਲਾਲ ਚੰਦ ਯਮਲਾ ਜੱਟ ਨੂੰ ਬਚਪਨ ਤੋਂ ਹੀ ਗਾਉਣ ਦਾ ਸ਼ੌਕ ਸੀ ਇਸ ਲਈ ਉਸ ਨੇ ਸੰਗੀਤ ਦਾ ਹਰ ਵੱਲ ਸਿੱਖਣ ਲਈ ਪੰਡਿਤ ਦਿਆਲ ਤੇ ਚੌਧਰੀ ਮਜਿਦ ਨੂੰ ਆਪਣਾ ਉਸਤਾਦ ਧਾਰਿਆ। ਉਸ ਦੇ ਗੀਤਾਂ ਦੀ ਪਹਿਲੀ ਰਿਕਾਰਡਿੰਗ 1952 ਨੂੰ ਐਚ।ਐਮ।ਵੀ। ਕੰਪਨੀ ਨੇ ਕੀਤੀ ਸੀ ਜਿਸ ਦੇ ਸਾਰੇ ਗੀਤ ਬਹੁਤ ਮਕਬੂਲ ਹੋਏ ਸਨ। ਲਾਲ ਚੰਦ ਯਮਲਾ ਜੱਟ ਆਪਣੀ ਤੁਰਲੇ ਵਾਲੀ ਪੱਗ ਅਤੇ ਤੂੰਬੀ ਦੇ ਬਾਦਸ਼ਾਹ ਵਜੋਂ ਦੁਨੀਆ ਵਿੱਚ ਮਸ਼ਹੂਰ ਸੀ। ਇੱਕ ਤਾਰ ਉੱਤੇ ਪੋਟੇ ਲਗਾ ਕੇ ਸੱਤ ਸੁਰਾਂ ਜਗਾਉਣ ਦਾ ਨਵਾਂ ਤਜਰਬਾ ਹਾਸਲ ਕਰਨਾ ਉਸ ਦੇ ਹੀ ਹਿੱਸੇ ਆਇਆ ਸੀ। ਜਦ ਉਹ ਤੂੰਬੀ ਟੁਣਕਾਉਂਦਾ ਸੀ ਤਾਂ ਸਰੋਤੇ ਮੰਤਰ-ਮੁਗਧ ਹੋ ਜਾਂਦੇ ਸਨ। ਉਸ ਦੀ ਆਵਾਜ਼ ਵਿੱਚ ਇੱਕ ਕਿਸਮ ਦਾ ਜਾਦੂ ਹੀ ਸੀ, ਜਦੋਂ ਉਹ ਸ਼ਬਦਾਂ ਨੂੰ ਸੁਰ ਪ੍ਰਦਾਨ ਕਰਦਾ ਸੀ ਤਾਂ ਸੰਗੀਤ ਦਾ ਇੱਕ ਅਲੌਕਿਕ ਨਜ਼ਾਰਾ ਬੱਝ ਜਾਂਦਾ ਸੀ। ਇਸ ਗਾਇਕ ਦੇ ਉਸ ਵੇਲੇ ਦੇ ਮਕਬੂਲ ਹੋਏ ਗੀਤ ਹੁਣ ਵੀ ਲੋਕਾਂ ਲਈ ਸਦਾਬਹਾਰ ਹਨ:

* ਸਤਿਗੁਰ ਨਾਨਕ ਤੇਰੀ ਲੀਲ੍ਹਾ ਨਿਆਰੀ ਏ, ਨੀਝਾਂ ਲਾ ਲਾ ਵੇਂਹਦੀ ਦੁਨੀਆ ਸਾਰੀ ਏ
* ਜੰਗਲ ਦੇ ਵਿੱਚ ਖੂਹਾ ਲੁਆ ਦੇ, ਉੱਤੇ ਲੁਆ ਦੇ ਡੋਲ, ਸਖੀਆਂ ਨਾਮ ਸਾਂਈਂ ਦਾ ਬੋਲ
* ਤੇਰੇ ਨੀਂ ਕਰਾਰਾਂ ਮੈਨੂੰ ਪੱਟਿਆ, ਦੱਸ ਮੈਂ ਕੀ ਪਿਆਰ ਵਿੱਚੋਂ ਖੱਟਿਆ
* ਖੇਡਣ ਦੇ ਦਿਨ ਚਾਰ ਜਵਾਨੀ ਫੇਰ ਨ੍ਹੀਂ ਆਉਣੀ
* ਯਮਲਿਆ ਕੀ ਲੈਣਾ ਕਿਸੇ ਨਾਲ ਕਰਕੇ ਪਿਆਰ
* ਇਕਤਾਰਾ ਵੱਜਦਾ ਵੇ ਰਾਂਝਣਾ ਨੂਰ ਮਹਿਲ ਦੀ ਮੋਰੀ
* ਡੋਲੀ ਚੜ੍ਹਦਿਆਂ ਮਾਰੀਆਂ ਹੀਰ ਚੀਕਾਂ



ਯਮਲੇ ਜੱਟ ਨੂੰ ਤੂੰਬੀ ਦਾ ਜਨਮਦਾਤਾ ਆਖਿਆ ਜਾਂਦਾ ਹੈ। ਉਹ ਇੱਕ ਤਾਰ ਉੱਤੇ ਸੱਤ ਸੁਰ ਜਗਾਉਣ ਦੀ ਕਲਾ ਜਾਣਦਾ ਸੀ। ਉਸ ਵੇਲੇ ਵੱਡੇ-ਵੱਡੇ ਸਾਜ਼ ਨਹੀਂ ਹੁੰਦੇ ਸਨ, ਯਮਲੇ ਜੱਟ ਵੱਲੋਂ ਸਿਰਫ਼ ਘੜਾ, ਢੋਲਕੀ, ਹਾਰਮੋਨੀਅਮ ਅਤੇ ਤੂੰਬੀ ਨਾਲ ਸਾਫ਼-ਸੁਥਰੇ ਅਤੇ ਸਮਾਜਿਕ ਸਿੱਖਿਆ ਵਾਲੇ ਗੀਤ ਗਾਏ ਜਾਂਦੇ ਸਨ। ਉਸ ਨੇ ਗਾਇਕਾ ਮਹਿੰਦਰਜੀਤ ਕੌਰ ਸੇਖੋਂ ਨਾਲ ਕੁਝ ਦੋਗਾਣੇ ਵੀ ਰਿਕਾਰਡ ਕਰਵਾਏ, ਜੋ ਬੱਚੇ ਬੱਚੇ ਦੀ ਜ਼ੁਬਾਨ 'ਤੇ ਚੜ੍ਹੇ ਹੋਏ ਸਨ: ਜਿਵੇਂ ਦੋ ਤਾਰਾ ਵੱਜਦਾ ਵੇ ਰਾਂਝਣਾ ਨੂਰ ਮਹਿਲ ਦੀ ਮੋਰੀ। ਉਸ ਨੂੰ ਕਈ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੁਰਸਕਾਰ ਵੀ ਪ੍ਰਾਪਤ ਹੋਏ ਜਿਵੇਂ ਕਿ ਪੰਡਤ ਜਵਾਹਰ ਲਾਲ ਨਹਿਰੂ ਪ੍ਰਧਾਨ ਮੰਤਰੀ ਗੋਲਡ ਮੈਡਲ 1956 ਵਿੱਚ ਮਿਲਿਆ ਅਤੇ 1989 ਵਿੱਚ ਨੈਸ਼ਨਲ ਅਕੈਡਮੀ ਆਫ ਡਾਂਸ ਤੇ ਡਰਾਮਾ ਦੁਆਰਾ ਲਾਈਫ ਟਾਈਮ ਅਚੀਵਮੈਂਟ ਨਾਲ ਸਨਮਾਨਤ ਕੀਤਾ ਗਿਆ। ਉਸ ਨੇ ਆਪਣੀ ਕਲਾ ਦੇ ਜੌਹਰ ਕੈਨੇਡਾ, ਇੰਗਲੈਂਡ ਆਦਿ ਕਈ ਦੇਸ਼ਾਂ ਵਿੱਚ ਦਿਖਾਏ।

ਜੇਕਰ ਉਸ ਦੇ ਪਰਿਵਾਰ ਦੀ ਗੱਲ ਕਰੀਏ ਤਾਂ ਲਾਲ ਚੰਦ ਯਮਲਾ ਜੱਟ ਦੇ ਪੰਜ ਪੁੱਤਰ ਹੋਏ ਕਰਤਾਰ ਚੰਦ, ਜਸਵਿੰਦਰ ਯਮਲਾ (ਮਰਹੂਮ), ਜਸਦੇਵ ਯਮਲਾ (ਮਰਹੂਮ), ਜਗਦੀਸ਼ ਯਮਲਾ (ਮਰਹੂਮ) ਤੇ ਜਗਵਿੰਦਰ ਕੁਮਾਰ। ਸੰਤੋਸ਼ ਰਾਣੀ ਤੇ ਸਰੂਪ ਰਾਣੀ ਉਨ੍ਹਾਂ ਦੀਆਂ ਦੋ ਧੀਆਂ ਸਨ। ਆਪਣੇ ਪਿਤਾ ਦੀ ਸੰਗੀਤ ਪਰੰਪਰਾ ਨੂੰ ਜਸਦੇਵ ਯਮਲਾ ਤੇ ਉਸ ਦੀ ਪਤਨੀ ਸਰਬਜੀਤ ਕੌਰ ਅਤੇ ਕਰਤਾਰ ਚੰਦ ਦਾ ਸਪੁੱਤਰ ਸੁਰੇਸ਼ ਯਮਲਾ ਅੱਗੇ ਤੋਰ ਰਹੇ ਹਨ। ਨਰਿੰਦਰ ਬੀਬਾ, ਜਗਤ ਸਿੰਘ ਜੱਗਾ, ਅਮਰਜੀਤ ਸਿੰਘ ਗੁਰਦਾਸਪੁਰੀ ਆਦਿ ਯਮਲਾ ਜੱਟ ਦੇ ਅਨੇਕਾਂ ਹੀ ਸ਼ਾਗਿਰਦ ਹੋਏ ਹਨ।

ਇੱਕ ਰਾਤ ਲਾਲ ਚੰਦ ਯਮਲਾ ਜੱਟ ਆਪਣੇ ਘਰ 'ਚ ਫ਼ਰਸ਼ 'ਤੇ ਪੈਰ ਤਿਲ੍ਹਕ ਜਾਣ ਕਾਰਨ ਡਿੱਗ ਪਿਆ, ਜਿਸ ਨਾਲ ਚੂਲੇ 'ਤੇ ਸਖ਼ਤ ਸੱਟ ਲੱਗ ਗਈ, ਸਿੱਟੇ ਵਜੋਂ ਉਸ ਦੀ ਸਿਹਤ ਦਿਨੋਂ-ਦਿਨ ਮਾੜੀ ਹੁੰਦੀ ਗਈ। ਉਸ ਸਮੇਂ ਪੰਜਾਬ ਦੇ ਰਾਜਪਾਲ ਸੁਰਿੰਦਰ ਨਾਥ ਨੇ ਉਸ ਦੇ ਘਰ ਜਾ ਕੇ ਹਾਲ-ਚਾਲ ਵੀ ਪੁੱਛਿਆ ਤੇ ਆਰਥਿਕ ਸਹਾਇਤਾ ਵੀ ਭੇਂਟ ਕੀਤੀ। ਯਮਲਾ ਜੱਟ ਆਪਣੇ ਬੱਚਿਆਂ ਨੂੰ ਉੱਚ-ਵਿੱਦਿਆ ਨਾ ਦਿਵਾ ਸਕਿਆ, ਉਹ ਮੁੱਖ ਤੌਰ 'ਤੇ ਸੰਗੀਤ ਨੂੰ ਹੀ ਸਮਰਪਿਤ ਸੀ। 20 ਦਸੰਬਰ 1991 ਦੀ ਰਾਤ ਨੂੰ ਇਸ ਮਹਾਨ ਗਾਇਕ ਨੇ ਆਪਣੇ ਪ੍ਰਾਣ ਤਿਆਗ ਦਿੱਤੇ।

# 'ਰੰਗ ਬਰੰਗੀ' ਪੰਜਾਬੀ ਵੈਬ ਸੀਰੀਜ ਦੇ ਸਿਤਾਰੇ

**- ਅੰਮ੍ਰਿਤ ਪਵਾਰ**



### ਮੈਂਡੀ ਤੱਖੜ ਨੂੰ ਹਰ ਭਾਸ਼ਾ ਨਾਲ ਪਿਆਰ

ਮਾਂ ਬੋਲੀ ਪੰਜਾਬੀ ਮਾਂ ਜਿਹਾ ਪਿਆਰ ਹੈ ਪਰ ਭੋਜਪੁਰੀ, ਮਰਾਠੀ, ਤਾਮਿਲ-ਤੇਲਗੂ ਫ਼ਿਲਮਾਂ ਵੀ ਮਾਂ ਦੇ ਰਿਸ਼ਤੇਦਾਰਾਂ ਮਾਸੀ, ਭੂਆ ਵਾਂਗ ਪਿਆਰੀਆਂ ਨੇ ਤੇ ਪੰਜਾਬੀ ਫ਼ਿਲਮਾਂ ਦੀ ਪਿਆਰੀ ਨਾਇਕਾ ਮੈਂਡੀ ਤੱਖੜ ਹਰ ਭਾਸ਼ਾ ਦੇ ਸਿਨੇਮੇ ਨੂੰ ਪਿਆਰ ਕਰਨ ਦੇ ਹੱਕ 'ਚ ਹੈ । 'ਸਾਕਾ' ਫ਼ਿਲਮ ਦੀ ਸਿਫ਼ਤ ਕਰਦੀ ਉਹ ਕਹਿੰਦੀ ਹੈ ਕਿ ਪੰਜਾਬੀ 'ਚ ਕਲਾ ਫ਼ਿਲਮਾਂ ਵੀ ਬਣਾਨੀਆਂ ਚਾਹੀਦੀਆਂ ਹਨ ਤੇ ਵਪਾਰਕ ਤੌਰ ਤੇ ਅਜੇ ਅਸੀਂ ਪਿਛਾਂਹ ਹੀ ਹਾਂ।

### ਬਾਲੀਵੁੱਡ ਪ੍ਰਭਾਵਿਤ ਏ ਅਸ਼ੋਕਪੁਰੀ ਤੋਂ

ਪੰਜਾਬੀ ਫ਼ਿਓਮਪ;ਲਮ ਐਕਟਰ ਅਸ਼ੋਕ ਪੁਰੀ ਦੀ ਐਕਟਿੰਗ ਤੋਂ ਬਾਲੀਵੁੱਡ ਵੀ ਪ੍ਰਭਾਵਿਤ ਹੈ ਤੇ ਹੀਰੋ ਅਰਜਨ ਕਪੂਰ ਨੇ ਜਦ 'ਨਮਸਤੇ ਇੰਗਲੈਂਡ' ਦੀ ਸ਼ੂਟਿੰਗ ਤੇ ਅਸ਼ੋਕ ਪੁਰੀ ਦਾ ਕੰਮ ਦੇਖਿਆ ਤਾਂ ਕਿਹਾ ਇਹਨਾਂ ਨੂੰ ਪੱਕਾ ਮੁੰਬਈ ਰਹਿਣਾ ਚਾਹੀਦਾ। ਅਸ਼ੋਕ ਪੁਰੀ ਅਨੇਕਾਂ ਫ਼ਿਲਮਾਂ ਕਰ ਚੁੱਕੇ ਨੇ ਤੇ ਅੱਜਕੱਲ 'ਟੱਬਰ ਹਿਟਸ' ਚੈਨਲ ਤੇ ਬੜਿਆਂ ਨੂੰ ਦਫ਼ਾ ਕਰੋ ਕਰ ਰਹੇ ਹਨ।

### ਕੰਵਲਜੀਤ ਮਾਨਾਂਵਾਲਾ ਦੀ ਖਰੀ-ਖਰੀ

ਪੰਜਾਬ ਦੇ ਮੇਲੇ ਕੰਵਲਜੀਤ ਮਾਨਾਂਵਾਲਾ ਦੀ ਪੇਸ਼ਕਾਰੀ ਨਾਲ ਸੱਜਦੇ-





ਵੱਧਦੇ ਰਹੇ ਹਨ । ਜਲੰਧਰ ਦੂਰਦਰਸ਼ਨ ਤੇ ਕਿਸਾਨ-ਮਜ਼ਦੂਰਾਂ ਦੇ ਮਨੋਰੰਜਨ ਲਈ 'ਅਖਾੜਾ' ਪ੍ਰੋਗਰਾਮ ਮਾਨਾਂਵਾਲਾ ਨੇ ਕਾਮਯਾਬ ਬਣਾਇਆ ਪਰ ਖਰੀ-ਖਰੀ ਸੁਣਾ ਰਹੇ ਨੇ ਕੰਵਲਜੀਤ ਕਹਿ ਰਹੇ ਨੇ ਕਿ ਹੁਣ ਨਾਂ ਉਹ ਪ੍ਰਬੰਧਕਾਂ 'ਚ ਉਤਸਾਹ ਨਾਂ ਹੀ 'ਮੋਹਨ ਸਿੰਘ ਜਿਹੇ ਮੇਲੇ' ਹੁਣ ਇੰਟਰਨੈਟ ਹੀ ਮੇਲਾ ਹੈ।



### ਹਾਕਮ-ਦਲਜੀਤ ਕਿਆ ਬਾਤਾ ਹੈ







ਦੋਗਾਣੇ, ਰੀਸਾਂ ਨਹੀਂ ਹਾਕਮ ਬਖਤੜੀਵਾਲਾ-ਦਲਜੀਤ ਕੌਰ ਦੀਆਂ ਤੇ ਅੱਜ ਵੀ ਸਦੀਕ/ਰਣਜੀਤ ਕੌਰ, ਵਿੰਦਾ-ਕੋਲਮ ਦੀ ਦੋਗਾਣਾ ਗਾਇਕੀ ਨੂੰ ਅਗਾਂਹ ਵਧਾ ਰਹੇ ਹਨ। ਇਸ ਜੋੜੀ ਨੇ ਕਿਹਾ ਕਿ ਟੀ.ਵੀ. ਤੇ ਉਹਨਾਂ ਦਾ ਆਕਰਸ਼ਣ ਹੈ ਤੇ ਉਹਨਾਂ ਦੇ ਨਵੇਂ ਦੋਗਾਣੇ ਅੱਜ ਦੀ ਪੀੜ੍ਹੀ ਚਾਅ ਨਾਲ ਸੁਣਦੀ ਹੈ। ਹਾਕਮ ਬਖਤੜੀਵਾਲਾ ਖੁਦ ਕਾਮਯਾਬ ਗੀਤ ਕਾਰ ਵੀ ਹੈ।

### ਪ੍ਰੀਤੀ ਝਾਮੁਟ ਪਿਆਰੀ ਮਾਡਲ/ਅਭਿਨੇਤਰੀ

ਕਰਤਾਰਪੁਰ ਸ਼ਹਿਰ ਦੀ ਹਸੀਨਾ ਪ੍ਰੀਤੀ ਝਾਮੁਟ ਦੀ ਸਰੀਰਕ ਬਣਤਰ ਐਨੀ ਦਿਲਕਸ ਹੈ ਕਿ ਦੇਖਣ ਵਾਲਾ ਕਤਲ ਹੋ ਜਾਵੇ। ਸਦਕੇ ਜਾਵਾਂ ਪ੍ਰੀਤੀ ਉਰਫ਼ ਪ੍ਰੀਤ ਦੇ ਜਿਸਨੇ ਵੈਬ-ਸੀਰੀਜ਼ 'ਚ ਐਕਟਿੰਗ ਤੇ ਗੀਤਾਂ 'ਚ ਮਾਡਲ ਬਣ ਅਹਿਸਾਸ ਕਰਵਾਇਆ ਕਿ ਅਦਾਵਾਂ ਤੇ ਸੁਹੱਪਣ ਦੀ ਉਹ ਰਾਣੀ ਹੈ। 'ਨਿਸ਼ਾਨਾ' ਫ਼ਿਲਮ ਵੀ ਪ੍ਰੀਤੀ ਨੇ ਕੀਤੀ ਹੈ।

### ਮਾਹੀ ਸਰਗਰਮ ਹੈ - ਚਲਦੇ-ਚਲਦੇ

ਚਲਦੇ-ਚਲਦੇ ਬਰੇਕਿੰਗ ਨਿਊਜ਼ ਕਿ ਅਦਾਕਾਰ ਮਾਹੀ ਨੇ 'ਜ਼ਿੱਦੀ' ਫ਼ਿਲਮ ਅਸ਼ੋਕ ਮਲਹੋਤਰਾ ਨਾਲ ਕੀਤੀ ਹੈ। ਗਿੱਪੀ ਗਰੇਵਾਲ ਪਰਿਵਾਰਕ ਤਸਵੀਰਾਂ ਸ਼ੋਸਲ ਮੰਚ ਤੇ ਖੂਬ ਪਾ ਰਹੇ ਹਨ । ਗੁਰਨਾਮ ਭੁੱਲਰ, ਸਰਗੁਣ ਮਹਿਤਾ ਵਿਚਾਲੇ ਕੀ ਪਹਿਲਾਂ ਵਾਲੀ ਗੱਲ ਨਹੀਂ ਹੈ? ਹਾਲੇ ਵੀ ਰਿਸ਼ਤੇ ਨਾਤੇ ਪੰਜਾਬੀ ਫ਼ਿਲਮਾਂ ਦਾ ਵਿਸ਼ਾ ਹਨ । ਕਿਸੇ ਹਿੱਟ ਪੰਜਾਬੀ ਫ਼ਿਲਮ ਦੀ ਉਡੀਕ ਹੈ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

**NEW & USED TIRES**
**WASH, LUBE, BRAKES**

Call: 530-824-5134

LUCAS OIL LUCAS INJECTOR CLEANER $28.99

Call: 650-642-0697

**3525 Highway 99, West Corning, CA 96021**
Across the Street from TA Truck Stop



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust